@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Tuesday, 9 April 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 9 ਅਪ੍ਰੈਲ 2024, 26 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 139, qpatrika@gmail.com ਫੋਨ : 9971359517 www.qaumipatrika.org

## ਜੰਮੂ-ਕਸ਼ਮੀਰ 'ਚ ਕਾਂਗਰਸ ਤੇ ਨੈਸ਼ਨਲ ਕਾਨਫਰੰਸ ਵਿਚਾਲੇ ਸੀਟਾਂ ਦੀ ਵੰਡ 'ਤੇ ਸਮਝੌਤਾ

ਨਵੀਂ ਦਿੱਲੀ, 9 ਅਪ੍ਰੈਲ। ਕਾਂਗਰਸ ਅਤੇ ਨੈਸਨਲ ਕਾਨਫਰੰਸ ਨੇ ਜੰਮੂ-ਕਸਮੀਰ 'ਚ ਸੀਟਾਂ ਦੀ ਵੰਡ ਫਾਈਨਲ ਕਰ ਲਈ ਹੈ। ਦੋਹਾਂ ਪਾਰਟੀਆਂ ਨੇ ਸੋਮਵਾਰ ਐਲਾਨ ਕੀਤਾ ਕਿ ਲੋਕ ਸਭਾ ਦੀਆਂ ਚੋਣਾਂ ਦੌਰਾਨ ਉਨ੍ਹਾਂ ਵਲੋਂ ਜੰਮੂ-ਕਸਮੀਰ ਤੇ ਲੱਦਾਖ ਦੀਆਂ ਕੁੱਲ 6 ਸੀਟਾਂ 'ਚੋਂ ਤਿੰਨ-ਤਿੰਨ ਸੀਟਾਂ ਉੱਤੇ ਚੋਣ ਲੜੀ ਜਾਏਗੀ। ਕਾਂਗਰਸ ਦੇ ਸੀਨੀਅਰ ਨੇਤਾ ਤੇ ਪਾਰਟੀ ਦੀ ਰਾਸਟਰੀ ਗਠਜੋੜ ਕਮੇਟੀ ਦੇ ਮੈਂਬਰ ਸਲਮਾਨ ਖੁਰਸੀਦ ਅਤੇ ਨੈਸਨਲ ਕਾਨਫਰੰਸ ਦੇ ਨੇਤਾ ਉਮਰ



ਅਬਦੁੱਲਾ ਨੇ ਸੀਟਾਂ ਦੀ ਵੰਡ ਦਾ ਐਲਾਨ ਕੀਤਾ। ਕਾਂਗਰਸ ਊਧਮਪੁਰ, ਜੰਮੂ ਅਤੇ ਲੱਦਾਖ ਅਤੇ ਨੈਸਨਲ ਕਾਨਫਰੰਸ ਅਨੰਤਨਾਗ-ਰਾਜੌਰੀ, ਸ੍ਰੀਨਗਰ ਤੇ ਬਾਰਾਮੂਲਾ ਲੋਕ ਸਭਾ ਸੀਟਾਂ ਤੋਂ ਚੋਣ ਲੜੇਗੀ। ਦੋਵਾਂ ਪਾਰਟੀਆਂ ਨੇ ਸੀਟਾਂ ਦੀ ਵੰਡ ਦਾ ਐਲਾਨ ਉਦੋਂ ਕੀਤਾ ਹੈ ਜਦੋਂ ਇੱਕ ਦਿਨ ਪਹਿਲਾਂ ਐਤਵਾਰ ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀ. ਡੀ. ਪੀ.) ਨੇ ਜੰਮੂ-ਕਸਮੀਰ ਦੇ ਤਿੰਨ ਲੋਕ ਸਭਾ ਹਲਕਿਆਂ ਲਈ ਆਪਣੇ ਤਿੰਨ ਉਮੀਦਵਾਰ ਐਲਾਨੇ ਸਨ। ਇਹ ਤਿੰਨੇ ਪਾਰਟੀਆਂ ਵਿਰੋਧੀ ਗਠਜੋੜ 'ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' ਦਾ ਹਿੱਸਾ ਹਨ। ਖੁਰਸੀਦ ਨੇ ਕਿਹਾ ਕਿ ਪੀ. ਡੀ. ਪੀ. ਨਾਲ ਸੀਟਾਂ ਦੀ ਵੰਡ ਦੀ ਕੋਸ਼ਿਸ਼ ਸਫਲ ਨਹੀਂ ਹੋਈ ਪਰ ਉਹ 'ਇੰਡੀਆ' ਗਠਜੋੜ ਦਾ ਹਿੱਸਾ ਬਣੀ ਰਹੇਗੀ।

## ਨਾਗਰਿਕਤਾ ਸੋਧ ਐਕਟ ਨੂੰ ਲੈ ਕੇ ਰਾਜਨਾਥ ਸਿੰਘ ਦਾ ਵੱਡਾ ਬਿਆਨ

ਤਾਮਿਲਨਾਡੂ 9 ਅਪ੍ਰੈਲ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਨਾਗਰਿਕਤਾ ਸੋਧ ਐਕਟ () ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇ ਲਾਗੂ ਹੋਣ ਨਾਲ ਕਿਸੇ ਵੀ ਭਾਰਤੀ ਦੀ ਨਾਗਰਿਕਤਾ ਨਹੀਂ ਜਾਵੇਗੀ, ਭਾਵੇਂ ਹੀ ਉਹ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ। ਉਨ੍ਹਾਂ ਨੇ ਵਿਰੋਧੀ ਧਿਰ ਦੀ ਪਾਰਟੀ ਕਾਂਗਰਸ ਅਤੇ ਦ੍ਰਵਿੜ ਮੁਨੇਤਰ ਕਸ਼ਗਮ (ਦਰਮੁਕ) 'ਤੇ ਇਸ ਮੁੱਦੇ ਨੂੰ ਲੈ ਕੇ ਭਰਮ ਪੈਦਾ ਕਰਨ ਦਾ ਦੋਸ਼ ਲਾਇਆ। ਲੋਕ ਸਭਾ ਚੋਣਾਂ 'ਚ ਨਾਮੱਕਲ ਤੋਂ ਭਾਜਪਾ ਦੇ ਉਮੀਦਵਾਰ ਕੇ.ਪੀ.



ਰਾਮਾਲਿੰਗਮ ਦੇ ਸਮਰਥਨ 'ਚ ਇੱਥੇ ਰੋਡ ਸੋਅ ਕਰਨ ਤੋਂ ਬਾਅਦ ਰਾਜਨਾਥ ਨੇ ਕਿਹਾ ਕਿ ਭਾਜਪਾ ਨੇ ਜੋ ਵਾਅਦਾ ਕੀਤਾ ਸੀ, ਉਸ ਨੂੰ ਹਮੇਸਾ ਪੂਰਾ ਕੀਤਾ ਹੈ। ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਅਤੇ ਇਸ ਨੂੰ ਲਾਗੂ ਕਰਨਾ, ਧਾਰਾ 370 ਨੂੰ ਰੱਦ ਕਰਨਾ ਅਤੇ ਅਜਿਹੇ ਵਾਅਦੇ ਸਨ। ਰਾਜਨਾਥ ਸਿੰਘ ਨੇ ਕਿਹਾ ਕਿ ਅਸੀਂ ਨਾਗਰਿਕਤਾ ਕਾਨੂੰਨ ਦਾ ਵਾਅਦਾ ਕੀਤਾ ਸੀ ਅਤੇ ਇਸ ਨੂੰ ਪੂਰਾ ਕੀਤਾ ਹੈ। ਮੈਂ ਇਹ ਸਪੱਸਟ ਕਰਨਾ ਚਾਹੁੰਦਾ ਹਾਂ ਕਿ ਭਾਰਤ ਦਾ ਕੋਈ ਵੀ ਨਾਗਰਿਕ ਆਪਣੀ ਨਾਗਰਿਕਤਾ ਨਹੀਂ ਗੁਆਏਗਾ। ਚਾਹੇ ਉਹ ਹਿੰਦੂ, ਮੁਸਲਿਮ, ਈਸਾਈ, ਪਾਰਸੀ ਜਾਂ ਯਹੂਦੀ ਹੋਵੇ।

## ਕਸ਼ਮੀਰ ਤੋਂ ਪਾਕਿਸਤਾਨ ਦੌੜੇ 8 ਲੋਕਾਂ ਨੂੰ ਐਲਾਨਿਆ ਗਿਆ ਭਗੌੜਾ ਅਪਰਾਧੀ

ਸ੍ਰੀਨਗਰ 9 ਅਪ੍ਰੈਲ। ਜੰਮੂ-ਕਸਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੀ ਇਕ ਅਦਾਲਤ ਨੇ ਪਾਕਿਸਤਾਨ ਦੌੜੇ 8 ਲੋਕਾਂ ਨੂੰ ਭਗੌੜਾ ਅਪਰਾਧੀ ਐਲਾਨ ਦਿੱਤਾ ਹੈ। ਪੁਲਸ ਸੂਤਰਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵਧੀਕ ਸੈਸਨ ਜੱਜ ਬਾਰਾਮੂਲਾ ਦੀ ਅਦਾਲਤ ਨੇ ਬੀਤੀ 1 ਅਪ੍ਰੈਲ ਨੂੰ 8 ਲੋਕਾਂ ਨੂੰ ਭਗੌੜਾ ਕਰਾਰ ਦਿੱਤਾ ਸੀ। ਬਾਰਾਮੂਲਾ ਦੇ ਥਾਣਾ ਪੱਟਨ ਦੀ ਪੁਲਸ ਨੇ ਇਨ੍ਹਾਂ ਲੋਕਾਂ ਖਿਲਾਫ ਦੀ ਧਾਰਾ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ () ਤਹਿਤ ਕੇਸ ਦਰਜ ਕੀਤਾ ਹੈ। ਇਨ੍ਹਾਂ ਵਿਚੋਂ ਖੋਰੇ ਸ਼ੇਰਬਾਦ ਪੱਟਨ ਦੇ ਵਾਸੀ ਹਿਲਾਲ ਅਹਿਮਦ ਗਨੀ, ਮੁਦਾਸਿਰ ਸਫੀ ਗਿਲਾਨੀ, ਮੁਹੰਮਦ ਮਕਬੂਲ ਪੰਡਿਤ, ਗੁਮ ਅਹਿਮਦਪੋਰਾ, ਪੱਤਣ ਦਾ ਹਬੀਬੁੱਲਾ ਸੇਖ, ਪਾਰ ਮੁਹੱਲਾ ਪੱਤਣ ਦਾ ਸਬੀਰ ਅਹਿਮਦ ਨਾਜਰ, ਵਟਵਾਨ ਦਾ ਮੁਹੰਮਦ ਅਸਰਫ ਡਾਰ ਅਤੇ ਫੈਯਾਜ ਅਹਿਮਦ ਮੀਰ ਸਾਮਲ ਹਨ।

# ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਸੁਣਾਏਗੀ ਫੈਸਲਾ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 9 ਅਪ੍ਰੈਲ। ਦਿੱਲੀ ਹਾਈ ਕੋਰਟ ਕਥਿਤ ਸਰਾਬ ਨੀਤੀ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੀ ਪਟੀਸਨ 'ਤੇ ਅੱਜ ਆਪਣਾ ਫੈਸਲਾ ਸੁਣਾਏਗੀ। ਜਸਟਿਸ ਸਵਰਨ ਕਾਂਤਾ ਸਰਮਾ ਦੀ ਸਿੰਗਲ ਬੈਂਚ ਅੱਜ ਦੁਪਹਿਰ 2.30 ਵਜੇ ਕੇਜਰੀਵਾਲ ਦੀ ਪਟੀਸਨ 'ਤੇ ਆਪਣਾ ਫੈਸਲਾ ਸੁਣਾਏਗੀ। ਹਾਈ ਕੋਰਟ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਨੂੰ ਵਿਸਥਾਰ ਨਾਲ ਸੁਣਨ ਤੋਂ ਬਾਅਦ 3 ਅਪ੍ਰੈਲ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਕੇਜਰੀਵਾਲ ਨੇ ਕੇਂਦਰੀ ਏਜੰਸੀ ਵੱਲੋਂ ਆਪਣੀ ਗ੍ਰਿਫਤਾਰੀ ਦੇ ਸਮੇਂ 'ਤੇ ਸਵਾਲ ਚੁੱਕੇ ਹਨ। ਉਸ ਨੇ ਦੋਸ ਲਾਇਆ ਹੈ ਕਿ ਇਹ (ਉਸ ਦੀ ਗ੍ਰਿਫਤਾਰੀ) ਲੋਕਤੰਤਰ, ਆਜਾਦ ਅਤੇ ਨਿਰਪੱਖ ਚੋਣਾਂ ਅਤੇ ਬਰਾਬਰ ਮੌਕੇ ਸਮੇਤ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੀ 'ਉਲੰਘਣਾ' ਹੈ। ਕੇਜਰੀਵਾਲ ਨੂੰ ਈਡੀ ਨੇ 21 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ। ਉਹ ਨਿਆਂਇਕ ਹਿਰਾਸਤ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਹਨ। 1 ਅਪ੍ਰੈਲ ਨੂੰ ਵਿਸੇਸ ਅਦਾਲਤ ਨੇ ਉਨ੍ਹਾਂ ਨੂੰ 15 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਭੇਜ



ਦਿੱਤਾ ਸੀ। ਈਡੀ ਨੇ ਕੇਜਰੀਵਾਲ 'ਤੇ ਦਿੱਲੀ ਸਰਾਬ ਨੀਤੀ 2021-2022 (ਜਿਸ ਨੂੰ ਵਿਵਾਦ ਤੋਂ ਬਾਅਦ ਰੱਦ ਕਰ ਦਿੱਤਾ ਗਿਆ ਸੀ) ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਕਰੋੜਾਂ ਰੁਪਏ ਕਮਾਉਣ ਦਾ ਮੁੱਖ ਸਾਜ਼ਿਸਕਰਤਾ ਹੋਣ ਦਾ ਦੋਸ ਲਗਾਇਆ ਹੈ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ 17 ਅਗਸਤ, 2022 ਨੂੰ ਸਾਲ 2021-22 ਲਈ ਆਬਕਾਰੀ ਨੀਤੀ (ਸਰਾਬ ਨੀਤੀ) ਨੂੰ ਬਣਾਉਣ ਅਤੇ ਲਾਗੂ ਕਰਨ ਵਿੱਚ ਬੇਨਿਯਮੀਆਂ ਦਾ ਦੋਸ ਲਗਾਉਂਦੇ ਹੋਏ ਇੱਕ ਅਪਰਾਧਿਕ ਮਾਮਲਾ ਦਰਜ ਕੀਤਾ ਸੀ। ਇਸ ਆਧਾਰ 'ਤੇ ਈਡੀ ਨੇ 22 ਅਗਸਤ 2022 ਨੂੰ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ। ਈਡੀ ਦਾ ਦਾਅਵਾ ਹੈ ਕਿ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਨੇਤਾਵਾਂ, ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ, ਸਾਬਕਾ ਉਪ ਮੁੱਖ ਮੰਤਰੀ ਸਿਸੋਦੀਆ, ਸੰਸਦ ਮੈਂਬਰ ਸੰਜੇ ਸਿੰਘ ਅਤੇ ਹੋਰਾਂ ਨੇ ਗੈਰ-ਕਾਨੂੰਨੀ ਪੈਸਾ ਕਮਾਉਣ ਲਈ 'ਸਾਜ਼ਿਸ' ਰਚੀ ਸੀ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਸੁਪਰੀਮ ਕੋਰਟ ਨੇ 2 ਅਪ੍ਰੈਲ ਨੂੰ 'ਆਪ' ਸੰਸਦ ਮੈਂਬਰ ਸ੍ਰੀ ਸਿੰਘ ਨੂੰ ਰਾਹਤ ਦਿੱਤੀ ਸੀ। ਸੁਪਰੀਮ ਕੋਰਟ ਨੇ ਉਸ ਨੂੰ ਜਮਾਨਤ ਦੀ ਇਜਾਜਤ ਦੇ ਦਿੱਤੀ ਸੀ ਅਤੇ ਸਬੰਧਤ ਵਿਸੇਸ ਅਦਾਲਤ ਨੂੰ ਜਮਾਨਤ ਦੀਆਂ ਸਰਤਾਂ ਤੈਅ ਕਰਨ ਦੇ ਨਿਰਦੇਸ ਦਿੱਤੇ ਸਨ। ਇਸ ਹੁਕਮ ਦੇ ਮੱਦੇਨਜਰ ਰੌਜ ਐਵੇਨਿਊ ਸਥਿਤ ਕਾਬੇਰੀ ਬਵੇਜਾ ਦੀ ਵਿਸੇਸ ਅਦਾਲਤ ਨੇ 3 ਅਪ੍ਰੈਲ ਨੂੰ ਤਿਹਾੜ ਜੇਲ੍ਹ ਤੋਂ ਸਰਤੀਆ ਰਿਹਾਈ ਦਾ ਹੁਕਮ ਸੁਣਾਇਆ ਸੀ।

## ਚੋਣਾਂ ਦਰਮਿਆਨ ਪੁਲਸ ਦੀ ਵੱਡੀ ਕਾਰਵਾਈ, ਸੁਨਿਆਰੇ ਦੇ ਘਰੋਂ 5 ਕਰੋੜ ਦੀ ਨਕਦੀ ਤੇ 3 ਕਿਲੋ ਸੋਨਾ ਜਬਤ

ਬੈਂਗਲੁਰੂ 9 ਅਪ੍ਰੈਲ। ਲੋਕ ਸਭਾ ਚੋਣਾਂ 'ਚ ਵੱਡੇ ਪੈਮਾਨੇ 'ਤੇ ਪੈਸੇ ਖਰਚ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ, ਜਿਸ ਨੂੰ ਰੋਕਣ ਲਈ ਚੋਣ ਕਮਿਸ਼ਨ ਵਲੋਂ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਇਸੇ ਕੜੀ 'ਚ ਬੇਲਾਰੀ ਦੀ ਪੁਲਸ ਨੇ ਵੱਡੀ ਕਾਰਵਾਈ ਕਰਦੇ ਹੋਏ 5 ਕਰੋੜ 60 ਲੱਖ ਨਕਦ, ਤਿੰਨ ਕਿਲੋ ਸੋਨਾ, 130 ਕਿਲੋ ਗਹਿਣੇ ਅਤੇ ਚਾਂਦੀ ਜਬਤ ਕੀਤੀ ਹੈ। ਜਾਣਕਾਰੀ ਅਨੁਸਾਰ ਜਬਤ ਕੀਤੇ ਗਏ ਸੋਨੇ ਅਤੇ ਚਾਂਦੀ ਦੀ ਕੀਮਤ ਕੁੱਲ 7 ਕਰੋੜ 6 ਲੱਖ ਰੁਪਏ ਹੈ। ਇਹ ਆਪਰੇਸ਼ਨ ਬੇਲਾਰੀ ਦੀ ਬਰੂਸ ਟਾਊਨ ਪੁਲਸ ਨੇ ਕੀਤਾ ਹੈ, ਇਸ 'ਚ ਮੁੱਖ ਰੂਪ ਨਾਲ ਹਵਾਲਾ ਦਾ ਪੈਸਾ ਸ਼ਾਮਲ ਹੈ। ਇਹ ਪੈਸੇ ਕਾਂਬਲੀ ਬਜਾਰ 'ਚ ਹੇਮਾ ਜਿਊਲਰਜ ਦੇ ਮਾਲਕ ਨਰੇਸ਼ ਦੇ ਘਰੋਂ ਮਿਲੇ ਅਤੇ ਦੋਸ਼ੀ ਨਰੇਸ਼ ਨੂੰ ਹਿਰਾਸਤ 'ਚ ਲੈ ਕੇ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਪੁਲਸ ਨੇ ਕਰਨਾਟਕ ਪੁਲਸ ਐਕਟ ਦੇ ਅਧੀਨ ਮਾਮਲਾ ਦਰਜ ਕੀਤਾ ਹੈ। ਬੇਲਾਰੀ ਦੇ ਐੱਸ.ਪੀ. ਰੰਜੀਤ ਕੁਮਾਰ ਬੰਡਾਰੂ ਅਨੁਸਾਰ, ਇਹ ਪੈਸਾ ਨਰੇਸ਼ ਸੋਨੀ ਦਾ ਹੈ। ਪੁਲਸ ਨੇ ਕਿਹਾ ਕਿ ਸਾਨੂੰ ਹਵਾਲਾ ਲੈਣ-ਦੇਣ ਦਾ ਸ਼ੱਕ ਹੈ। ਕੇਪੀ ਐਕਟ ਦੀ ਧਾਰਾ 98 ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਆਈ.ਟੀ. ਵਿਭਾਗ ਨੂੰ ਜਾਣਕਾਰੀ ਉਪਲੱਬਧ ਕਰਵਾਈ ਜਾਵੇਗੀ।

# ਕਾਂਗਰਸ ਬੋਲ ਰਹੀ ਟੁਕੜੇ-ਟੁਕੜੇ ਗੈਂਗ ਦੀ ਭਾਸ਼ਾ : ਪੀ.ਐੱਮ. ਮੋਦੀ

**ਏਜੰਸੀਆਂ**

ਨਵਾਦਾ 8 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਅੱਜ ਯਾਨੀ ਹਮਲਾ ਬੋਲਿਆ ਅਤੇ ਕਿਹਾ ਕਿ ਉਹ ਟੁਕੜੇ-ਟੁਕੜੇ ਗੈਂਗ ਦੀ ਭਾਸ਼ਾ ਬੋਲ ਰਹੀ ਹੈ ਅਤੇ ਕਹਿ ਰਹੀ ਹੈ ਕਿ ਰਾਜਸਥਾਨ ਜਾਂ ਦੇਸ਼ ਦੇ ਹੋਰ ਹਿੱਸੇ ਦੇ ਲੋਕਾਂ ਦਾ ਜੰਮੂ ਕਸ਼ਮੀਰ 'ਚ ਧਾਰਾ 370 ਹਟਾਏ ਜਾਣ ਨਾਲ ਕੀ ਵਾਸਤਾ ਹੈ। ਪੀ.ਐੱਮ. ਮੋਦੀ ਨੇ ਐਤਵਾਰ ਨੂੰ ਨਵਾਦਾ ਸੰਸਦੀ ਖੇਤਰ ਤੋਂ ਚੋਣ ਲੜ ਰਹੇ ਭਾਜਪਾ ਦੇ ਉਮੀਦਵਾਰ ਵਿਵੇਕ ਠਾਕੁਰ ਦੇ ਪੱਖ 'ਚ ਚੋਣ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਨੇ ਰਾਜਸਥਾਨ 'ਚ ਭਾਸ਼ਣ ਦੌਰਾਨ ਕਿਹਾ ਕਿ ਜੰਮੂ ਕਸ਼ਮੀਰ ਤੋਂ ਧਾਰਾ 370 ਹਟਾਉਣ ਦਾ ਰਾਜਸਥਾਨ ਜਾਂ ਦੇਸ਼ ਦੇ ਹੋਰ ਹਿੱਸਿਆਂ ਨਾਲ ਕੀ ਲੈਣਾ-ਦੇਣਾ ਹੈ। ਪ੍ਰਧਾਨ ਮੰਤਰੀ ਇੱਥੇ ਆਕੇ ਧਾਰਾ 370 ਦੀ ਗੱਲ ਕਿਉਂ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਇਹ ਗੱਲ ਸੁਣ ਕੇ ਉਨ੍ਹਾਂ ਨੂੰ ਸ਼ਰਮ ਆਈ। ਕੀ ਜੰਮੂ ਕਸ਼ਮੀਰ ਸਾਡਾ ਨਹੀਂ ਹੈ। ਪੀ.ਐੱਮ. ਮੋਦੀ ਨੇ ਸਖਤ ਲਹਿਜੇ 'ਚ ਕਿਹਾ ਕਿ ਕਾਂਗਰਸ ਦੇ ਲੋਕ ਸੁਣ ਲੈਣ ਅਤੇ ਸਮਝ ਲੈਣ, ਜੰਮੂ ਕਸ਼ਮੀਰ ਭਾਰਤ ਦਾ ਹਿੱਸਾ ਹੈ ਅਤੇ ਉਸ ਦੀ ਰੱਖਿਆ ਅਸੀਂ ਕਰਨੀ ਹੈ। ਬਿਹਾਰ,



ਰਾਜਸਥਾਨ ਨਾਲ ਦੇਸ਼ ਦੇ ਹੋਰ ਹਿੱਸੇ ਦੇ ਕਈ ਨੌਜਵਾਨਾਂ ਨੇ ਮਾਂ ਭੂਮੀ ਦੀ ਰੱਖਿਆ ਲਈ ਸਰਵਉੱਚ ਬਲੀਦਾਨ ਦਿੱਤਾ ਹੈ। ਕਿੰਨੇ ਹੀ ਵੀਰ ਜਵਾਨ ਜੰਮੂ ਕਸ਼ਮੀਰ ਨੂੰ ਬਚਾਉਣ ਲਈ ਤਿਰੰਗੇ 'ਚ ਲਿਪਟ ਕਰ ਕੇ ਪਰਤੇ ਹਨ। ਅਜਿਹੇ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਤੋਂ ਪੁੱਛਣਾ ਕਿ ਉਨ੍ਹਾਂ ਦੀ ਧਾਰਾ 370 ਨਾਲ ਕੀ ਲੈਣਾ-ਦੇਣਾ ਹੈ, ਸ਼ਰਮਨਾਕ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਟੁਕੜੇ-ਟੁਕੜੇ ਗੈਂਗ ਦਾ ਹੀ ਪ੍ਰਭਾਵ ਹੈ ਕਿ ਇਹ ਲੋਕ (ਕਾਂਗਰਸੀ) ਅਜਿਹੀ ਭਾਸ਼ਾ ਬੋਲਣ ਲੱਗੇ ਹਨ। ਅਜਿਹੀ ਭਾਸ਼ਾ ਬੋਲਣ ਵਾਲਿਆਂ ਅਤੇ ਸ਼ਹੀਦਾਂ ਦੇ ਅਪਮਾਨ ਕਰਨ ਵਾਲਿਆਂ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇੰਡੀ ਗਠਜੋੜ ਦੇ ਲੋਕ ਭਾਰਤ ਦੀ ਇਕ ਹੋਰ ਵੰਡ ਕਰਨ ਦੀ ਗੱਲ ਕਰਦੇ ਹਨ। ਕਾਂਗਰਸ ਦੇ ਇਕ ਨੇਤਾ ਤਾਂ ਖੁੱਲ੍ਹੇਆਮ ਬਿਆਨ ਦੇ ਰਹੇ ਹਨ ਕਿ ਉਹ ਦੱਖਣ ਭਾਰਤ 'ਚ ਵੱਖ ਕਰ ਦੇਣਗੇ। ਜਨਤਾ ਅਜਿਹੀ ਸੋਚ ਰੱਖਣ ਵਾਲੀ ਪਾਰਟੀ ਨੂੰ ਇਸ ਚੋਣ 'ਚ ਜਰੂਰ ਸਬਕ ਸਿਖਾਏਗੀ।

## ਸੁਪਰੀਮ ਕੋਰਟ ਨੇ ਯੂ-ਟਿਊਬਰ ਨੂੰ ਜਮਾਨਤ ਦਿੰਦੇ ਹੋਏ ਕਿਹਾ- ਕਲਪਣਾ ਕਰੋ ਚੋਣਾਂ ਤੋਂ ਪਹਿਲਾਂ ਕਿੰਨੇ ਲੋਕ ਜੇਲ੍ਹ 'ਚ ਹੋਣਗੇ

ਨਵੀਂ ਦਿੱਲੀ 9 ਅਪ੍ਰੈਲ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਇਕ ਯੂ-ਟਿਊਬਰ ਦੀ ਜਮਾਨਤ ਬਹਾਲ ਕਰਦੇ ਹੋਏ ਕਿਹਾ ਕਿ ਸੋਸ਼ਲ ਮੀਡੀਆ 'ਤੇ ਦੋਸ਼ ਲਗਾਉਣ ਵਾਲੇ ਹਰ ਵਿਅਕਤੀ ਨੂੰ ਜੇਲ੍ਹ 'ਚ ਨਹੀਂ ਸੁੱਟਿਆ ਜਾ ਸਕਦਾ ਹੈ। ਯੂ-ਟਿਊਬਰ 'ਤੇ 2021 'ਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਖ਼ਿਲਾਫ ਅਪਮਾਨਜਨਕ ਟਿੱਪਣੀ ਕਰਨ ਦਾ ਦੋਸ਼ ਹੈ। ਜੱਜ ਅਭੈ ਐੱਸ. ਓਕਾ ਅਤੇ ਜੱਜ ਉੱਜਲ ਭੂਈਆਂ ਦੀ ਬੈਂਚ ਨੇ ਤਾਮਿਲਨਾਡੂ ਸਰਕਾਰ ਵਲੋਂ ਪੇਸ਼ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਨੂੰ ਕਿਹਾ,"ਜੇਕਰ ਚੋਣਾਂ ਤੋਂ ਪਹਿਲਾਂ ਅਸੀਂ ਯੂ-ਟਿਊਬ 'ਤੇ ਦੋਸ਼ ਲਗਾਉਣ ਵਾਲੇ ਹਰ ਵਿਅਕਤੀ ਨੂੰ ਸਲਾਖਾਂ ਦੇ ਪਿੱਛੇ ਪਾਉਣਾ ਸ਼ੁਰੂ ਕਰ ਦੇਵਾਂਗੇ ਤਾਂ ਕਲਪਣਾ ਕਰੋ ਕਿ ਕਿੰਨੇ ਲੋਕ ਜੇਲ੍ਹ 'ਚ ਹੋਣਗੇ?" ਬੈਂਚ ਨੇ ਦੋਸ਼ੀ ਏ. ਦੁਰਈਮੁਰੂਗਨ ਸਤੱਈ ਦੀ ਜਮਾਨਤ ਰੱਦ ਕਰਨ ਦੇ ਆਦੇਸ਼ ਨੂੰ ਰੱਦ ਕਰ ਦਿੱਤਾ। ਸੁਪਰੀਮ ਕੋਰਟ ਨੇ ਕਿਹਾ ਕਿ ਦੋਸ਼ੀ ਨੇ ਵਿਰੋਧ ਅਤੇ ਆਪਣੇ ਵਿਚਾਰ ਜਾਹਰ ਕਰ ਕੇ ਆਪਣੀ ਪ੍ਰਗਟਾਵੇ ਦੀ ਆਜਾਦੀ ਦੀ ਗਲਤ ਵਰਤੋਂ ਨਹੀਂ ਕੀਤੀ। ਅਦਾਲਤ ਨੇ ਸੂਬਾ ਸਰਕਾਰ ਦੀ ਉਸ ਅਪੀਲ ਨੂੰ ਵੀ ਖਾਰਜ ਕਰ ਦਿੱਤਾ, ਜਿਸ 'ਚ ਸਤੱਈ 'ਤੇ ਜਮਾਨਤ ਦੌਰਾਨ ਨਿੰਦਾਯੋਗ ਟਿੱਪਣੀ ਕਰਨ ਤੋਂ ਪਰਹੇਜ



ਦੀ ਸ਼ਰਤ ਲਗਾਉਣ ਦੀ ਮੰਗ ਕੀਤੀ ਗਈ ਸੀ। ਬੈਂਚ ਮਦਰਾਸ ਹਾਈ ਕੋਰਟ ਦੇ ਇਕ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਸਤੱਈ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਨੇ ਉਨ੍ਹਾਂ ਦੀ ਜਮਾਨਤ ਰੱਦ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਨੇ ਅਦਾਲਤ ਨੂੰ ਦਿੱਤੇ ਗਏ ਹਲਫਨਾਮੇ ਦੀ ਉਲੰਘਣਾ ਕਰਦੇ ਹੋਏ ਸਟਾਲਿਨ ਖ਼ਿਲਾਫ ਕੁਝ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ।

## ਚੋਣ ਕਮਿਸ਼ਨ ਦੇ ਦਫਤਰ ਦੇ ਬਾਹਰ ਧਰਨੇ 'ਤੇ ਬੈਠੇ ਟੀ. ਐੱਮ. ਸੀ. ਆਗੂ ਪੁਲਸ ਨੇ ਲਏ ਹਿਰਾਸਤ 'ਚ

ਨਵੀਂ ਦਿੱਲੀ, 9 ਅਪ੍ਰੈਲ। ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨੇ ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ.), ਰਾਸਟਰੀ ਜਾਂਚ ਏਜੰਸੀ (ਐੱਨ. ਆਈ. ਏ.), ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਅਤੇ ਇਨਕਮ ਟੈਕਸ ਵਿਭਾਗ ਦੇ ਮੁਖੀਆਂ ਨੂੰ ਬਦਲਣ ਦੀ ਮੰਗ ਨੂੰ ਲੈ ਕੇ ਸੋਮਵਾਰ ਇੱਥੇ ਚੋਣ ਕਮਿਸਨ ਦੇ ਦਫਤਰ ਦੇ ਬਾਹਰ 24 ਘੰਟੇ ਦਾ ਧਰਨਾ ਦਿੱਤਾ। ਡੇਰੇਕ ਓ ਬ੍ਰਾਇਨ, ਡੋਲਾ ਸੇਨ, ਸਾਕੇਤ ਗੋਖਲੇ ਅਤੇ ਸਾਗਰਿਕਾ ਘੋਸ ਸਮੇਤ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਦਾ ਇਕ ਵਫਦ ਆਪਣੀਆਂ ਮੰਗਾਂ ਨੂੰ ਲੈ ਕੇ ਕਮਿਸਨ ਦੇ ਫੁੱਲ ਬੈਂਚ ਨੂੰ ਮਿਲਿਆ। ਧਰਨੇ 'ਤੇ ਬੈਠੇ ਤ੍ਰਿਣਮੂਲ ਕਾਂਗਰਸ ਦੇ ਆਗੂਆਂ ਨੂੰ ਦਿੱਲੀ ਪੁਲਸ ਨੇ ਬਾਅਦ 'ਚ ਹਿਰਾਸਤ 'ਚ ਲੈ ਲਿਆ। ਰਾਸਟਰੀ ਜਾਂਚ ਏਜੰਸੀ (ਐੱਨ. ਆਈ. ਏ.) ਨੇ ਭੂਪਤੀਨਗਰ ਬੰਬ ਧਮਾਕਾ ਮਾਮਲੇ 'ਚ ਤ੍ਰਿਣਮੂਲ ਕਾਂਗਰਸ ਦੇ ਤਿੰਨ ਆਗੂਆਂ ਨੂੰ ਪੁੱਛਗਿੱਛ ਲਈ ਸੰਮਨ ਜਾਰੀ ਕੀਤੇ ਹਨ। ਇਕ ਅਧਿਕਾਰੀ ਨੇ ਸੋਮਵਾਰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਤਿੰਨ ਆਗੂਆਂ ਮਾਨਬ ਕੁਮਾਰ ਕਰਾਇਆ, ਸੁਬੀਰ ਮੈਤੀ ਅਤੇ ਨਾਬਾ ਕੁਮਾਰ ਪੋਂਡਾ ਨੂੰ ਇੱਥੇ ਐੱਨ.ਆਈ. ਏ. ਦੇ ਅਧਿਕਾਰੀਆਂ ਦੇ ਸਾਹਮਣੇ ਪੇਸ ਹੋਣ ਦਾ ਨਿਰਦੇਸ ਦਿੱਤਾ ਗਿਆ ਹੈ।

# ਪੂਰਾ ਭਰੋਸਾ ਹੈ ਹਿਮਾਚਲ ਦੀ ਜਨਤਾ ਸਾਡਾ ਸਮਰਥਨ ਕਰੇਗੀ, ਸੱਚ ਦੀ ਜਿੱਤ ਹੋਵੇਗੀ: ਪ੍ਰਿਯੰਕਾ ਗਾਂਧੀ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 8 ਅਪ੍ਰੈਲ। ਹਿਮਾਚਲ ਪ੍ਰਦੇਸ਼ ਵਿਚ ਇਕੱਠੀਆਂ ਹੋਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਜ਼ਿਮਨੀ ਚੋਣਾਂ ਤੋਂ ਪਹਿਲਾਂ ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਭਰੋਸਾ ਜਤਾਇਆ ਕਿ ਸੂਬੇ ਦੇ ਲੋਕ ਉਨ੍ਹਾਂ ਦੀ ਪਾਰਟੀ ਨੂੰ ਸਮਰਥਨ ਦੇਣਗੇ ਅਤੇ ਸੱਚ ਦੀ ਜਿੱਤ ਹੋਵੇਗੀ। ਪ੍ਰਿਯੰਕਾ ਨੇ ਕਿਹਾ ਕਿ ਇਕ ਪਾਸੇ ਸੱਤਾ ਲਈ ਪੈਸੇ ਅਤੇ ਏਜੰਸੀਆਂ ਜਰੀਏ ਲੋਕਤੰਤਰ ਨੂੰ ਖਤਮ ਕਰਨ ਵਾਲੀ ਭਾਜਪਾ ਦੀ ਸਿਆਸਤ ਹੈ, ਜਦਕਿ ਦੂਜੇ ਪਾਸੇ ਸੱਚ, ਸਾਹਸ ਅਤੇ ਧੀਰਜ ਤੋਂ ਜਨਤਾ ਲਈ ਅਣਥੱਕ ਮਿਹਨਤ ਕਰਨ ਦਾ ਕਾਂਗਰਸ ਦਾ ਸੰਕਲਪ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਲਿਖਿਆ ਕਿ ਮੈਂ ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਪਾਰਟੀ ਦੇ ਸਾਰੇ ਨੇਤਾਵਾਂ ਨੂੰ ਮਿਲੀ। ਉਨ੍ਹਾਂ ਦੀ ਇਕਜੁੱਟਤਾ, ਮਿਹਨਤ ਅਤੇ ਮਜਬੂਤੀ ਨਾਲ ਚੋਣਾਂ ਲੜਨ ਦੇ ਜਜਬੇ ਅਤੇ ਜਨਤਾ ਪ੍ਰਤੀ ਉਨ੍ਹਾਂ ਦੇ ਸਮਰਪਣ 'ਤੇ ਮੈਨੂੰ ਮਾਣ ਹੈ। ਪ੍ਰਿਯੰਕਾ ਨੇ ਕਿਹਾ ਕਿ ਇਕ ਪਾਸੇ ਭਾਜਪਾ 'ਚ ਡਰ, ਲਾਲਚ ਅਤੇ ਝੂਠ ਦਾ ਸਾਮਰਾਜ ਹੈ। ਪੈਸੇ ਦੀ ਤਾਕਤ ਅਤੇ



ਏਜੰਸੀਆਂ ਰਾਹੀਂ ਸੱਤਾ ਲਈ ਲੋਕਤੰਤਰ ਨੂੰ ਤਬਾਹ ਕਰਨ ਵਾਲੀ ਰਾਜਨੀਤੀ ਹੈ। ਦੂਜੇ ਪਾਸੇ ਕਾਂਗਰਸ ਨੇ ਸੱਚਾਈ, ਹਿੰਮਤ ਅਤੇ ਸਬਰ ਨਾਲ ਜਨਤਾ ਲਈ ਅਣਥੱਕ ਕੰਮ ਕਰਨ ਦਾ ਸੰਕਲਪ ਲਿਆ ਹੈ। ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਮੈਨੂੰ ਪੂਰਾ ਭਰੋਸਾ ਹੈ ਕਿ ਜਨਤਾ ਸਾਡਾ ਸਾਥ ਦੇਵੇਗੀ ਅਤੇ ਸੱਚ ਦੀ ਜਿੱਤ ਹੋਵੇਗੀ। ਹਿਮਾਚਲ ਪ੍ਰਦੇਸ 'ਚ 1 ਜੂਨ ਨੂੰ ਲੋਕ ਸਭਾ ਚੋਣਾਂ ਦੇ ਨਾਲ-ਨਾਲ 6 ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣਾਂ ਹੋਣਗੀਆਂ। ਬਾਗੀ ਕਾਂਗਰਸੀ ਵਿਧਾਇਕਾਂ ਦੇ ਅਯੋਗ ਹੋਣ ਤੋਂ ਬਾਅਦ ਹਿਮਾਚਲ ਪ੍ਰਦੇਸ 'ਚ ਵਿਧਾਨ ਸਭਾ ਜ਼ਿਮਨੀ ਚੋਣਾਂ ਕਰਵਾਉਣੀਆਂ ਜਰੂਰੀ ਹੋ ਗਈਆਂ ਹਨ। ਹਿਮਾਚਲ ਪ੍ਰਦੇਸ ਵਿਚ ਚਾਰ ਲੋਕ ਸਭਾ ਸੀਟਾਂ ਹਨ: ਹਮੀਰਪੁਰ, ਮੰਡੀ, ਸ਼ਿਮਲਾ ਅਤੇ ਕਾਂਗੜਾ। ਭਾਜਪਾ ਨੇ 2019 ਦੀਆਂ ਸਾਰੀਆਂ ਚਾਰ ਸੀਟਾਂ ਜਿੱਤੀਆਂ ਸਨ। ਬਾਅਦ ਵਿਚ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਪਤਨੀ ਪ੍ਰਤਿਭਾ ਸਿੰਘ ਨੇ ਤਤਕਾਲੀ ਸੰਸਦ ਮੈਂਬਰ ਰਾਮ ਸਵਰੂਪ ਸਰਮਾ ਦੀ ਮੌਤ ਤੋਂ ਬਾਅਦ 2021 ਦੀ ਜ਼ਿਮਨੀ ਚੋਣ ਵਿਚ ਭਾਜਪਾ ਤੋਂ ਮੰਡੀ ਸੀਟ ਖੋਹ ਲਈ।

## ਬੈਂਗਲੁਰੂ 'ਚ 30.92 ਕਰੋੜ ਦੇ ਨਕਲੀ ਨੋਟ ਜਬਤ, 5 ਗ੍ਰਿਫਤਾਰ

ਬੈਂਗਲੁਰੂ, 9 ਅਪ੍ਰੈਲ। ਕਰਨਾਟਕ ਵਿਚ ਬੈਂਗਲੁਰੂ ਪੁਲਸ ਦੀ ਕੇਂਦਰੀ ਅਪਰਾਧ ਸਾਖਾ (ਸੀ. ਸੀ. ਬੀ.) ਨੇ 30.92 ਕਰੋੜ ਰੁਪਏ ਦੇ ਨਕਲੀ ਨੋਟ ਜਬਤ ਕਰ ਕੇ ਇਸ ਸਿਲਸਿਲੇ 'ਚ 5 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਬੈਂਗਲੁਰੂ ਪੁਲਸ ਕਮਿਸਨਰ ਬੀ. ਦਯਾਨੰਦ ਨੇ ਸੋਮਵਾਰ ਨੂੰ



ਕਿਹਾ ਕਿ ਜਾਅਲੀ ਕਰੰਸੀ ਗਿਰੋਹ ਵੱਖ-ਵੱਖ ਟਰੱਸਟਾਂ ਨੂੰ ਨਿਸਾਨਾ ਬਣਾਉਂਦਾ ਸੀ ਅਤੇ ਉਨ੍ਹਾਂ ਨੂੰ ਵੱਖ-ਵੱਖ ਕੰਪਨੀਆਂ ਦੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ. ਐੱਸ. ਆਰ.) ਫੰਡ ਦੇ ਤਹਿਤ 40 ਲੱਖ ਰੁਪਏ ਦਾ ਯੋਗਦਾਨ ਦੇਣ 'ਤੇ ਇਕ ਕਰੋੜ ਰੁਪਏ ਦੇਣ ਦਾ ਵਾਅਦਾ ਕਰਦਾ ਸੀ। ਉਹ ਟਰੱਸਟ ਦੇ ਮੈਂਬਰਾਂ ਨੂੰ ਦੱਸਦੇ ਸਨ ਕਿ ਜੇਕਰ ਉਨ੍ਹਾਂ ਨੂੰ ਨਕਦੀ ਮੁਹੱਈਆ ਕਰਵਾਉਗੇ ਤਾਂ ਉਨ੍ਹਾਂ ਨੂੰ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ. ਐੱਸ. ਆਰ.) ਫੰਡ ਰਾਹੀਂ ਹੋਰ ਪੈਸੇ ਮਿਲਣਗੇ। ਇਕ ਵਾਰ ਜਦੋਂ ਟਰੱਸਟ ਦੇ ਮੈਂਬਰਾਂ ਨੂੰ ਭਰੋਸਾ ਹੋ ਜਾਂਦਾ ਸੀ ਅਤੇ ਉਨ੍ਹਾਂ ਨੂੰ ਰਕਮ ਅਦਾ ਕਰ ਦਿੰਦੇ ਸਨ, ਤਾਂ ਗਿਰੋਹ ਦੇ ਮੈਂਬਰ ਫਰਾਰ ਹੋ ਜਾਂਦੇ ਸਨ।

# ਐਕਸ਼ਨ 'ਚ ਈਡੀ, ਹੇਮੰਤ ਸੋਰੇਨ ਖਿਲਾਫ ਸਬੂਤ ਵਜੋਂ 'ਤੇ ਫਰਿੱਜ ਤੇ ਸਮਾਰਟ ਟੀਵੀ ਦੇ ਬਿੱਲ ਕੀਤੇ ਸ਼ਾਮਲ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 8 ਅਪ੍ਰੈਲ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਆਪਣੇ ਇਸ ਦਾਅਵੇ ਦੇ ਸਮਰਥਨ 'ਚ ਇਕ ਫਰਿੱਜ ਅਤੇ ਸਮਾਰਟ ਟੀਵੀ ਦਾ ਬਿੱਲ ਸਬੂਤਾਂ 'ਚ ਸ਼ਾਮਲ ਕੀਤਾ ਹੈ ਕਿ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਨੇ 31 ਕਰੋੜ ਰੁਪਏ ਤੋਂ ਜ਼ਿਆਦਾ ਦੀ ਕੀਮਤ ਦੀ 8.86 ਕਰੋੜ ਜਮੀਨ ਗੈਰ-ਕਾਨੂੰਨੀ ਰੂਪ ਨਾਲ ਹਾਸਲ ਕੀਤੀ ਸੀ। ਸੰਘੀ ਜਾਂਚ ਏਜੰਸੀ ਨੇ ਰਾਂਚੀ ਸਥਿਤ ਦੋ ਡੀਲਰਾਂ ਤੋਂ ਇਹ ਰਸੀਦਾਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਪਿਛਲੇ ਮਹੀਨੇ 48 ਸਾਲਾ ਝਾਰਖੰਡ ਮੁਕਤੀ ਮੋਰਚਾ ਨੇਤਾ ਅਤੇ 4 ਹੋਰਨਾਂ ਖਿਲਾਫ ਦਾਇਰ ਆਪਣੇ ਦੋਸ਼ ਪੱਤਰ ਵਿਚ ਸ਼ਾਮਲ ਕੀਤਾ। ਰਾਂਚੀ ਵਿਚ ਜਸਟਿਸ ਰਾਜੀਵ ਰੰਜਨ ਦੀ ਵਿਸ਼ੇਸ਼ ਅਦਾਲਤ ਨੇ 4 ਅਪ੍ਰੈਲ ਨੂੰ ਦੋਸ਼ ਪੱਤਰ 'ਤੇ ਨੋਟਿਸ ਲਿਆ। ਸੋਰੇਨ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਦੇ ਤੁਰੰਤ ਬਾਅਦ 31 ਜਨਵਰੀ ਨੂੰ ਜਮੀਨ ਹੜੱਪਣ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਈਡੀ ਨੇ ਗ੍ਰਿਫਤਾਰ ਕਰ ਲਿਆ ਸੀ। ਸੋਰੇਨ ਰਾਂਚੀ ਦੇ ਹੋਟਵਾਰ ਸਥਿਤ ਬਿਰਸਾ ਮੁੰਡਾ ਜੇਲ੍ਹ ਵਿਚ ਨਿਆਂਇਕ ਹਿਰਾਸਤ ਵਿਚ ਹੈ। ਈਡੀ ਮੁਤਾਬਕ ਦੋਵੇਂ ਯੰਤਰ



ਸੰਤੋਸ਼ ਮੁੰਡਾ ਦੇ ਪਰਿਵਾਰਕ ਮੈਂਬਰਾਂ ਦੇ ਨਾਂ 'ਤੇ ਖਰੀਦੇ ਗਏ ਸਨ। ਸੰਤੋਸ਼ ਮੁੰਡਾ ਨੇ ਏਜੰਸੀ ਨੂੰ ਦੱਸਿਆ ਸੀ ਕਿ ਉਹ 14-15 ਸਾਲਾਂ ਤੋਂ ਉਕਤ ਜਮੀਨ (8.86 ਏਕੜ) 'ਤੇ ਰਹਿ ਰਿਹਾ ਸੀ ਅਤੇ ਸੋਰੇਨ ਲਈ ਇਸ ਜਾਇਦਾਦ ਦੀ ਦੇਖਭਾਲ ਕਰਨ ਦਾ ਕੰਮ ਕਰਦਾ ਸੀ। ਏਜੰਸੀ ਨੇ ਸੋਰੇਨ ਦੇ ਇਸ ਦਾਅਵੇ ਦਾ ਖੰਡਨ ਕਰਨ ਲਈ ਮੁੰਡਾ ਦੇ ਬਿਆਨ ਦਾ ਇਸਤੇਮਾਲ ਕੀਤਾ ਕਿ ਉਨ੍ਹਾਂ ਦਾ ਉਕਤ ਜਮੀਨ ਨਾਲ ਕੋਈ ਸਬੰਧ ਨਹੀਂ ਹੈ। ਈਡੀ ਨੇ ਜਮੀਨ 'ਤੇ ਰਾਜਕੁਮਾਰ ਪਾਹਨ ਨਾਮੀ ਵਿਅਕਤੀ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ ਅਤੇ ਦੋਸ਼ ਲਾਇਆ ਗਿਆ ਕਿ ਉਹ ਸੋਰੇਨ ਦਾ ਸਹਿਯੋਗੀ ਹੈ, ਜਿਸ ਨੇ ਜਾਇਦਾਦ ਨੂੰ ਆਪਣੇ ਕੰਟਰੋਲ ਵਿਚ ਵਿਖਾਉਣ ਦੀ ਕੋਸ਼ਿਸ਼ ਕੀਤੀ। ਈਡੀ ਨੇ ਦਾਅਵਾ ਕੀਤਾ ਕਿ ਪਿਛਲੇ ਸਾਲ ਅਗਸਤ ਵਿਚ ਇਸ ਮਾਮਲੇ 'ਚ ਸੋਰੇਨ ਨੂੰ ਪਹਿਲਾ ਸੰਮਨ ਜਾਰੀ ਹੋਣ ਦੇ ਤੁਰੰਤ ਬਾਅਦ ਪਾਹਨ ਨੇ ਰਾਂਚੀ ਦੇ ਡਿਪਟੀ ਕਮਿਸ਼ਨਰ ਨੂੰ ਚਿੱਠੀ ਲਿਖੀ ਕੇ ਕਿਹਾ ਸੀ ਕਿ ਉਨ੍ਹਾਂ ਦੇ ਅਤੇ ਕੁਝ ਹੋਰ ਲੋਕਾਂ ਦੇ ਕਬਜੇ ਵਿਚ ਜਮੀਨ ਹੈ। ਏਜੰਸੀ ਨੇ ਕਿਹਾ ਕਿ ਮੁੰਡਾ ਦੇ ਬੇਟੇ ਦੇ ਨਾਂ 'ਤੇ ਫਰਵਰੀ 2017 'ਚ ਫਰਿੱਜ ਖਰੀਦਿਆ ਗਿਆ ਸੀ, ਜਦੋਂ ਕਿ ਇਕ ਸਮਾਰਟ ਟੀਵੀ ਨਵੰਬਰ 2022 'ਚ ਉਸ ਦੀ ਬੇਟੀ ਦੇ ਨਾਂ 'ਤੇ ਖਰੀਦਿਆ ਗਿਆ ਸੀ ਅਤੇ ਇਹ ਉਸੇ ਜਮੀਨ ਦੇ ਪਤੇ 'ਤੇ ਖਰੀਦਿਆ ਗਿਆ ਸੀ। ਈਡੀ ਨੇ ਕਿਹਾ ਕਿ ਇਹ "ਸਾਬਤ" ਕਰਦਾ ਹੈ ਕਿ ਸੰਤੋਸ ਮੁੰਡਾ ਅਤੇ ਉਸ ਦਾ ਪਰਿਵਾਰ ਜਾਇਦਾਦ 'ਚ ਰਹਿ ਰਿਹਾ ਸੀ ਅਤੇ ਇਹ ਦੋਸੀ ਰਾਜਕੁਮਾਰ ਪਾਹਨ ਦੇ ਕਬਜੇ ਵਿਚ ਨਹੀਂ ਸੀ। ਈਡੀ ਨੇ 191 ਪੰਨਿਆਂ ਦੀ ਚਾਰਜਸੀਟ ਵਿਚ ਸੋਰੇਨ, ਰਾਜਕੁਮਾਰ ਪਾਹਨ, ਹਿਲਾਰੀਆਸ ਕਛਾਪ, ਭਾਨੂ ਪ੍ਰਤਾਪ ਪ੍ਰਸਾਦ ਅਤੇ ਬਿਨੋਦ ਸਿੰਘ ਨੂੰ ਮੁਲਜਮ ਬਣਾਇਆ ਹੈ।

## ਪ੍ਰੇਮਾਨੰਦ ਮਹਾਰਾਜ ਜੀ ਕੋਲੋਂ ਆਸ਼ੀਰਵਾਦ ਲੈਣ ਪਹੁੰਚੀ ਹੇਮਾ ਮਾਲਿਨੀ, ਸੰਤਾਂ ਨੇ ਦਿੱਤੀ ਇਹ ਸਿੱਖਿਆ

ਮਥੁਰਾ 8 ਅਪ੍ਰੈਲ। ਮਥੁਰਾ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੀ ਭਾਜਪਾ ਉਮੀਦਵਾਰ ਹੇਮਾ ਮਾਲਿਨੀ ਸਨੀਵਾਰ ਨੂੰ ਮਸਹੂਰ ਸੰਤ ਪ੍ਰੇਮਾਨੰਦ ਮਹਾਰਾਜ ਦੀ ਸਰਨ 'ਚ ਪਹੁੰਚੀ। ਮਥੁਰਾ ਤੋਂ ਤੀਜੀ ਵਾਰ ਚੋਣ ਲੜ ਰਹੀ ਹੇਮਾ ਮਾਲਿਨੀ ਨੇ ਪ੍ਰੇਮਾਨੰਦ ਮਹਾਰਾਜ ਤੋਂ ਆਸੀਰਵਾਦ ਲਿਆ। ਇਸ ਦੌਰਾਨ ਮਹਾਰਾਜ ਨੇ ਉਨ੍ਹਾਂ ਨੂੰ ਕਈ ਸੁਝਾਅ ਵੀ ਦਿੱਤੇ। ਇਸ ਦੌਰਾਨ ਪ੍ਰੇਮਾਨੰਦ ਮਹਾਰਾਜ ਨੇ ਹੇਮਾ ਮਾਲਿਨੀ ਨੂੰ ਸੁਝਾਅ ਵੀ ਦਿੱਤੇ। ਇਸ ਦੌਰਾਨ ਪ੍ਰੇਮਾਨੰਦ ਮਹਾਰਾਜ ਨੇ ਕਿਹਾ ਕਿ ਸਾਡੇ ਬ੍ਰਜਮੰਡਲ ਦੀ ਸੇਵਾ ਵਿੱਚ ਤੁਸੀਂ ਹੋ, ਸਾਡੇ ਪ੍ਰਭੂ 'ਤੇ ਨਿਰਭਰ ਹੋ। ਤੁਸੀਂ ਭਗਤੀ ਕਰਦੇ ਹੋ, ਤੁਸੀਂ ਤਿਲਕ ਵੀ ਲਗਾਇਆ ਹੋਇਆ ਹੈ। ਜਿੱਥੇ ਜਿੰਮੇਵਾਰੀ ਸਿਖਾਉਣ ਵਾਲੇ ਸਾਰੇ ਸੰਸਾਰ ਦੇ ਮਹੇਸਵਰ ਸ੍ਰੀ ਕ੍ਰਿਸਨ ਹਨ, ਉੱਥੇ ਵਿਜੇਸ੍ਰੀ ਹੈ। ਮਹਾਰਾਜ ਨੇ ਹੇਮਾ ਮਾਲਿਨੀ ਨੂੰ ਕਿਹਾ ਕਿ ਤੁਹਾਡੇ ਕੋਲ ਹਮੇਸਾ ਸੰਤਾਂ ਦੀ ਸੰਗਤ ਰਹਿੰਦਾ ਹੀ ਹੈ। ਜੇ ਭਾਗਵਤ ਦੇ ਚਰਨਾਂ ਦੀ ਸਰਨ ਪੈ ਜਾਵੇ ਤਾਂ ਸੰਸਾਰਕ ਜਿੱਤ ਤੋਂ ਪਰੇ ਆਤਮਕ ਜਿੱਤ ਪ੍ਰਾਪਤ ਕਰ ਸਕਦੇ ਹੋ। ਸੰਸਾਰ ਦੀ ਜਿੱਤ ਉਹਨਾਂ ਦੇ ਪੈਰ ਚੁੰਮਦੀ ਹੈ ਜੋ ਪਰਮਾਤਮਾ ਉੱਤੇ ਨਿਰਭਰ ਕਰਦੇ ਹਨ। ਤੁਸੀਂ 10 ਸਾਲਾਂ ਤੋਂ ਜਿੱਤ ਰਹੇ ਹੋ। ਭਵਿੱਖ ਲਈ ਵੀ ਉਤਸਾਹ ਬਣਾਈ ਰੱਖੋ। ਇਸ 'ਤੇ ਹੇਮਾ ਮਾਲਿਨੀ ਨੇ ਕਿਹਾ ਕਿ ਮੈਂ ਭਵਿੱਖ 'ਚ ਬਿਹਤਰ ਪ੍ਰਦਰਸਨ ਕਰਾਂਗੀ। ਪ੍ਰੇਮਾਨੰਦ ਮਹਾਰਾਜ ਨੇ ਹੇਮਾ ਮਾਲਿਨੀ ਨੂੰ ਕਿਹਾ ਕਿ



ਜਿਸ ਤਰ੍ਹਾਂ ਤੁਸੀਂ ਮੈਨੂੰ ਮਿਲ ਰਹੇ ਹੋ। ਇਸ ਤਰ੍ਹਾਂ ਤੁਹਾਨੂੰ ਸੈਮੀਨਾਰ ਕਰਵਾਉਣੇ ਚਾਹੀਦੇ ਹਨ। ਸਮਾਜ ਨੂੰ ਇਸ ਤਰ੍ਹਾਂ ਮਿਲੋ ਕਿ ਤੁਸੀਂ ਉਨ੍ਹਾਂ ਦੇ ਰੱਖਿਅਕ ਹੋ। ਤੁਸੀਂ ਛੋਟੀਆਂ-ਛੋਟੀਆਂ ਮੀਟਿੰਗਾਂ ਵਿੱਚ ਵੀ ਜਾਂਦੇ ਹੋ। ਸਮਾਜ ਦੇ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ। ਸਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ, ਸਾਨੂੰ ਇਸ ਮੌਕੇ 'ਤੇ ਆਪਣੇ ਕਦਮ ਨਹੀਂ ਰੋਕਣੇ ਚਾਹੀਦੇ, ਅਸੀਂ ਅੱਗੇ ਵਧ ਸਕਦੇ ਹਾਂ।

# 'ਸਮਾਰਟ ਸਕੂਲ ਦਾ ਫੱਟਾ ਲਗਾਉਣ ਨਾਲ ਹੀ ਸਕੂਲ ਸਮਾਰਟ ਨਹੀਂ ਬਣ ਜਾਂਦੇ'

ਚੰਡੀਗੜ੍ਹ 8 ਅਪ੍ਰੈਲ। ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇੱਥੇ ਕਿਹਾ ਕਿ ਸਿਰਫ਼ ਸਮਾਰਟ ਸਕੂਲ ਦਾ ਫੱਟਾ ਲਗਾਉਣ ਨਾਲ ਹੀ ਸਕੂਲ ਸਮਾਰਟ ਨਹੀਂ ਹੋ ਜਾਂਦਾ। ਉਨ੍ਹਾਂ ਕਿਹਾ ਕਿ ਅਤੀਤ ਵਿੱਚ ਰਹੀਆਂ ਕਾਂਗਰਸ ਪਾਰਟੀ ਅਤੇ ਅਕਾਲੀ-ਭਾਜਪਾ ਦੀਆਂ ਸਰਕਾਰਾਂ ਦੀ ਸਿੱਖਿਆ ਪ੍ਰਤੀ ਸੁਹਿਰਦਤਾ ਦਾ ਸਰਕਾਰੀ ਪ੍ਰਾਇਮਰੀ ਸਕੂਲ ਮਸੌਲ ਸਭ ਤੋਂ ਵੱਡਾ ਗਵਾਹ ਹੈ। ਹਰਜੋਤ ਸਿੰਘ ਬੈਂਸ ਵੱਲੋਂ ਅੱਜ ਚੰਡੀਗੜ੍ਹ ਦੇ ਨਾਲ ਲਗਦੇ ਪੰਜਾਬ ਰਾਜ ਦੇ ਪਿੰਡ ਮਸੌਲ ਦਾ ਦੌਰਾ ਕੀਤਾ ਗਿਆ। ਇਸ ਸਕੂਲ ਨੂੰ ਕਾਂਗਰਸ ਸਰਕਾਰ ਵੱਲੋਂ ਸਮਾਰਟ ਸਕੂਲ ਦਾ ਦਰਜਾ ਦੇ ਦਿੱਤਾ ਗਿਆ ਸੀ ਪ੍ਰੰਤੂ ਇਸ ਸਕੂਲ ਵਿੱਚ ਨਾ ਤਾਂ ਕਲਾਸਰੂਮ ਹਨ, ਨਾ ਪੀਣ ਵਾਲਾ ਪਾਣੀ, ਨਾ ਹੀ ਸਾਫ਼-ਸਫਾਈ ਦਾ ਕੋਈ ਪ੍ਰਬੰਧ ਅਤੇ ਨਾ ਹੀ ਸਕੂਲ ਦੀ ਚਾਰਦੀਵਾਰੀ ਹੈ। ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਰਾਜ ਵਿੱਚ ਸ਼ੁਰੂ ਕੀਤੀ ਗਈ ਸਿੱਖਿਆ ਕ੍ਰਾਂਤੀ ਦਾ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵੱਲੋਂ ਬਹੁਤ ਵਿਰੋਧ ਕੀਤੇ ਜਾਣ ਦਾ ਕਾਰਨ ਅੱਜ ਸਮਝ ਆਇਆ ਹੈ। ਉਨ੍ਹਾਂ ਕਿਹਾ ਕਿ ਉਕਤ ਪਾਰਟੀਆਂ ਸਿਰਫ਼ ਨਾਮ ਦੇ ਸਮਾਰਟ ਸਕੂਲ ਬਣਾ ਕੇ ਹੀ ਲੋਕਾਂ ਨੂੰ ਮੂਰਖ ਬਣਾਉਣ ਨੂੰ ਹੀ ਪ੍ਰਾਪਤੀ ਸਮਝਦੀਆਂ ਹਨ ਜਦਕਿ ਸਾਡੀ ਸਰਕਾਰ ਲੋਕਾਂ ਨੂੰ ਸੱਚਮੁੱਚ ਦੇ ਬਿਹਤਰੀਨ ਸਕੂਲ ਬਣਾਉਣ ਦੀ ਦਿਸ਼ਾ ਵਿਚ ਕੰਮ ਕਰ ਰਹੀ ਹੈ, ਜਿਸ ਤੋਂ ਇਨ੍ਹਾਂ ਪਾਰਟੀਆਂ ਨੂੰ ਦਿੱਕਤ ਮਹਿਸੂਸ ਹੁੰਦੀ ਹੈ। ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੈਸ (ਐਨ.ਏ.ਐਸ.) ਦੀ ਰਿਪੋਰਟ ਦੇ ਆਧਾਰ 'ਤੇ ਆਪਣੇ ਆਪ ਨੂੰ ਦੇਸ਼ ਦਾ ਸਰਵੋਤਮ ਸਿੱਖਿਆ ਮਾਡਲ ਵਾਲਾ ਸਕੂਲ ਦੱਸਦੀਆਂ ਸਨ। ਇਸ ਰਿਪੋਰਟ ਅਨੁਸਾਰ ਸਰਕਾਰੀ ਸਕੂਲਾਂ ਦੇ 50 ਫੀਸਦੀ ਵਿਦਿਆਰਥੀ ਨੂੰ ਭਾਸ਼ਾਵਾਂ ਦਾ ਗਿਆਨ ਹੁੰਦਾ ਹੈ ਜਦਕਿ ਸਰਕਾਰੀ ਪ੍ਰਾਇਮਰੀ ਸਕੂਲ ਮਸੌਲ ਦੇ ਵਿਦਿਆਰਥੀ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹਨ ਵਿੱਚ ਬਿਲਕੁਲ ਅਸਮਰੱਥ ਸਨ। ਉਨ੍ਹਾਂ ਕਿਹਾ ਕਿ 1990 ਵਿਚ ਸਕੂਲ ਲਈ ਬਣਾਈ ਗਈ ਬਿਲਡਿੰਗ ਬਿਨਾਂ ਵਰਤੋਂ ਦੇ ਹੀ ਖੰਡਰ ਬਣ ਗਈ ਹੈ ਜਿਸ ਬਾਰੇ ਬੀਤੇ ਤਿੰਨ ਦਹਾਕਿਆਂ ਵਿਚ ਰਹੇ ਕਿਸੇ ਵੀ ਸਿੱਖਿਆ ਮੰਤਰੀ ਵੱਲੋਂ ਧਿਆਨ ਨਹੀਂ ਦਿੱਤਾ ਗਿਆ। ਹਰਜੋਤ ਸਿੰਘ ਬੈਂਸ ਨੇ ਇਸ ਸਕੂਲ ਦੀ ਸਫ਼ਾਈ ਦੀ ਸ਼ੁਰੂਆਤ ਖੁਦ ਕਰਦਿਆਂ ਸਕੂਲ ਵਿਚ ਝਾੜੂ ਲਗਾਇਆ ਗਿਆ ਅਤੇ ਨਾਲ ਹੀ ਕਮਰਿਆਂ ਵਿਚ ਲੱਗੇ ਜਾਲਿਆਂ ਨੂੰ ਲਾਹਿਆ ਗਿਆ। ਇਸ ਕੰਮ ਵਿਚ ਨਰੇਗਾ ਵਰਕਰਾਂ ਵੱਲੋਂ ਵੀ ਸਾਥ ਦਿੱਤਾ ਗਿਆ। ਸਫਾਈ ਦੌਰਾਨ ਸਕੂਲ ਸਿੱਖਿਆ ਮੰਤਰੀ ਨੂੰ ਦੋ ਡੱਬਾਬੰਦ ਕੰਪਿਊਟਰ ਵੀ ਮਿਲੇ ਜੋ ਕਿ ਬੀਤੇ ਤਿੰਨ ਸਾਲ ਤੋਂ ਬਿਨਾਂ ਵਰਤੋਂ ਤੋਂ ਹੀ ਸਕੂਲ ਵਿਚ ਪਏ ਹੋਏ ਸਨ। ਸਕੂਲ ਸਿੱਖਿਆ ਮੰਤਰੀ ਨੇ ਇਸ ਮੌਕੇ ਸਕੂਲ ਦੇ ਕਮਰਿਆਂ ਉੱਤੇ ਕੀਤੇ ਗਏ ਨਾਜਾਇਜ਼ ਕਬਜ਼ੇ ਨੂੰ ਵੀ ਛੁਡਵਾਇਆ ਅਤੇ ਇੱਕ ਕਲਾਸ ਦੇ ਵਿਦਿਆਰਥੀਆਂ ਨੂੰ ਇਥੇ ਬਿਠਾਇਆ ਗਿਆ। ਵਿਦਿਆਰਥੀਆਂ ਦੇ ਸਿੱਖਿਆ ਪੱਧਰ ਦੀ ਜਾਂਚ ਕਰਨ ਲਈ ਜਦੋਂ ਸਕੂਲ ਸਿੱਖਿਆ ਮੰਤਰੀ ਵੱਲੋਂ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਇਹ ਗੱਲ ਸਾਹਮਣੇ ਆਈ ਕਿ ਚੌਥੀ ਅਤੇ ਪੰਜਵੀਂ ਜਮਾਤ ਦੇ ਵਿਦਿਆਰਥੀ ਵੀ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹਨ ਵਿਚ ਬਿਲਕੁਲ ਅਸਮਰੱਥ ਸਨ। ਇਸ 'ਤੇ ਕਾਰਵਾਈ ਕਰਦਿਆਂ ਸਕੂਲ ਸਿੱਖਿਆ ਮੰਤਰੀ ਵੱਲੋਂ ਸਕੂਲ ਵਿਚ ਲੰਮੇ ਸਮੇਂ ਤੋਂ ਸੇਵਾਵਾਂ ਨਿਭਾਅ ਰਹੇ ਦੋਵੇਂ ਅਧਿਆਪਕਾਂ ਨੂੰ ਮੁਅੱਤਲ ਕਰਨ ਅਤੇ ਨਵੇਂ ਅਧਿਆਪਕ ਤੁਰੰਤ ਨਿਯੁਕਤ ਕਰਨ ਦੇ ਵੀ ਆਦੇਸ਼ ਦਿੱਤੇ ਗਏ। ਮੰਤਰੀ ਦੇ ਦੌਰੇ ਦੀ ਸੂਚਨਾ ਮਿਲਣ 'ਤੇ ਪਿੰਡ ਦੀਆਂ ਔਰਤਾਂ ਇਕੱਠੀਆਂ ਹੋ ਕੇ ਸਕੂਲ ਸਿੱਖਿਆ ਮੰਤਰੀ ਨੂੰ ਮਿਲੀਆਂ ਅਤੇ ਉਨ੍ਹਾਂ ਦਾ ਦੌਰਾ ਕਰਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਜਦੋਂ ਵੀ ਟੀ.ਵੀ. ਉੱਤੇ ਸਕੂਲ ਸਿੱਖਿਆ ਮੰਤਰੀ ਦੇ ਸਕੂਲੀ ਦੌਰੇ ਬਾਰੇ ਖਬਰਾਂ ਦੇਖਦੀਆਂ ਸਨ ਤਾਂ ਉਹ ਅਰਦਾਸ ਕਰਦੀਆਂ ਸਨ ਕਿ ਸਕੂਲ ਸਿੱਖਿਆ ਮੰਤਰੀ ਸਾਡੇ ਪਿੰਡ ਦੇ ਸਕੂਲ ਦਾ ਵੀ ਦੌਰਾ ਕਰਨ, ਜੋ ਕਿ ਅੱਜ ਸੁਣੀ ਗਈ ਹੈ। ਸਕੂਲ ਸਿੱਖਿਆ ਮੰਤਰੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮਸੌਲ ਦੀ ਦਸ਼ਾ ਨੂੰ ਸੁਧਾਰਨ ਲਈ 50 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਸਕੂਲ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਇੱਕ ਮਹੀਨੇ ਵਿੱਚ ਹੀ ਇਸ ਸਕੂਲ ਦੀ ਨੁਹਾਰ ਬਦਲ ਦਿੱਤੀ ਜਾਵੇਗੀ ਅਤੇ ਨਾਲ ਹੀ ਅਗਲੇਰੀ ਪੜ੍ਹਾਈ ਵਾਸਤੇ ਵਿਦਿਆਰਥੀਆਂ ਨੂੰ ਟਰਾਂਸਪੋਰਟ ਦੀ ਸੁਵਿਧਾ ਵੀ ਮੁਹੱਈਆ ਕਰਵਾਈ ਜਾਵੇਗੀ।

## ਦਿਨ-ਦਿਹਾੜੇ ਘਰ 'ਚੋਂ ਸੋਨੇ ਦੇ ਗਹਿਣੇ ਅਤੇ ਨਕਦੀ ਲੈ ਉੱਡੇ ਚੋਰ

ਦੀਨਾਨਗਰ 8 ਅਪ੍ਰੈਲ। ਦੀਨਾਨਗਰ ਤੋਂ ਕਰੀਬ 4 ਕਿਲੋਮੀਟਰ ਦੂਰ ਪਿੰਡ ਛੰਨੀ ਵਿਖੇ ਦਿਨ-ਦਿਹਾੜੇ ਚੋਰ ਇਕ ਘਰ ਨੂੰ ਨਿਸਾਨਾ ਬਣਾ ਕੇ ਸੋਨੇ ਦੇ ਗਹਿਣੇ ਅਤੇ ਨਕਦੀ ਲੈ ਕੇ ਫਰਾਰ ਹੋ ਗਏ। ਪੀੜਤ ਬਲਜੀਤ ਸਿੰਘ ਅਤੇ ਉਸ ਦੀ ਪਤਨੀ ਨਿਰਮਲ ਕੌਰ ਵਾਸੀ ਪਿੰਡ ਛੰਨੀ ਨੇ ਦੱਸਿਆ ਕਿ ਘਰ 'ਚ ਪਤੀ-ਪਤਨੀ ਅਤੇ ਉਨ੍ਹਾਂ ਦਾ ਇਕ ਮੁੰਡਾ ਰਹਿੰਦਾ ਹੈ ਅਤੇ ਸਵੇਰੇ ਕਰੀਬ 8 ਵਜੇ ਉਹ ਆਪਣੇ ਪਰਿਵਾਰ ਨਾਲ ਗੁਰਦਾਸਪੁਰ 'ਚ ਕਿਸੇ ਰਿਸਤੇਦਾਰ ਦੇ ਘਰ ਧਾਰਮਿਕ ਪ੍ਰੋਗਰਾਮ 'ਚ ਸਾਮਲ ਹੋਣ ਲਈ ਗਏ ਸਨ। ਜਦੋਂ ਉਹ ਕਰੀਬ 12.15 ਵਜੇ ਘਰ ਵਾਪਸ ਆਏ ਤਾਂ ਘਰ ਦੇ ਸਾਰੇ ਕਮਰਿਆਂ ਦੇ ਤਾਲੇ ਟੁੱਟੇ ਹੋਏ ਦੇਖ ਕੇ ਹੈਰਾਨ ਰਹਿ ਗਏ ਅਤੇ ਘਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਸੀ। ਅਲਮਾਰੀ ਦੇ ਲਾਕਰ ਵੀ ਟੁੱਟੇ ਹੋਏ ਸਨ। ਬਲਜੀਤ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਕਰੀਬ 9 ਤੋਲੇ ਸੋਨੇ ਦੇ ਗਹਿਣੇ ਅਤੇ 1 ਲੱਖ 80 ਹਜਾਰ ਰੁਪਏ ਦੀ ਨਕਦੀ ਚੋਰੀ ਕਰ ਲਈ ਹੈ, ਜੋ ਕਿ ਉਸ ਨੇ ਜਰੂਰੀ ਕੰਮ ਲਈ ਅਲਮਾਰੀ 'ਚ ਰੱਖੀ ਸੀ। ਬਲਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਘਰ ਤੋਂ ਥੋੜ੍ਹੀ ਦੂਰੀ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਤੋਂ ਪਤਾ ਲੱਗਾ ਹੈ ਕਿ 2 ਮੋਟਰਸਾਈਕਲਾਂ 'ਤੇ ਸਵਾਰ 4 ਅਣਪਛਾਤੇ ਵਿਅਕਤੀ ਉਸ ਦੇ ਘਰ ਵੱਲ ਨੂੰ ਗਏ ਸਨ ਅਤੇ ਜਿਨ੍ਹਾਂ ਨੇ ਇਸ ਚੋਰੀ ਨੂੰ ਅੰਜਾਮ ਦਿੱਤਾ ਹੈ।

## ਅਵਾਰਾ ਕੁੱਤਿਆਂ ਦਾ ਆਤੰਕ, ਲੋਕ ਆਪਣੇ ਹੀ ਘਰਾਂ 'ਚ ਹੋ ਰਹੇ ਨੇ ਕੈਦ

ਚੰਡੀਗੜ੍ਹ 8 ਅਪ੍ਰੈਲ। ਅੰਬਾਲਾ 'ਚ ਅਵਾਰਾ ਕੁੱਤਿਆਂ ਦਾ ਡਰ ਇੰਨਾ ਜ਼ਿਆਦਾ ਵਧ ਚੁੱਕਾ ਹੈ ਕਿ ਜੱਜ ਸਾਹਿਬ ਵੀ ਆਪਣੇ ਘਰ 'ਚ ਕੈਦ ਹੋਣ ਲਈ ਮਜਬੂਰ ਹੋ ਗਏ ਹਨ। ਲੋਕਾਂ ਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਪੰਜਾਬ ਹਰਿਆਣਾ ਹਾਈਕੋਰਟ ਨੇ ਇਸ ਮਾਮਲੇ 'ਚ ਅੰਬਾਲਾ ਦੇ ਡੀ.ਸੀ. ਨੂੰ ਆਦੇਸ਼ ਦਿੱਤੇ ਹਨ ਕਿ ਜਿਊਡੀਸ਼ੀਅਲ ਕੰਪਲੈਕਸ ਅਤੇ ਜੱਜਾਂ ਦੇ ਘਰਾਂ ਦੇ ਨੇੜੇ ਘੁੰਮਣ ਵਾਲੇ ਸਾਰੇ ਅਵਾਰਾ ਕੁੱਤਿਆਂ ਨੂੰ ਫੜ ਕੇ ਘੱਟ ਆਬਾਦੀ ਵਾਲੇ ਇਲਾਕਿਆਂ 'ਚ ਛੱਡਿਆ ਜਾਵੇ। ਇਸ ਮਾਮਲੇ ਦੀ ਸੁਣਵਾਈ 31 ਅਕਤੂਬਰ ਨੂੰ ਹੋਵੇਗੀ। ਅੰਬਾਲਾ ਦੇ ਡੀ.ਸੀ. ਨੇ ਹਾਈਕੋਰਟ 'ਚ ਕਿਹਾ ਕਿ ਅੰਬਾਲਾ ਨਗਰ ਨਿਗਮ, ਅਰਬਨ ਟਾਊਨ ਦੇ ਪਲਾਨਰ ਨੇ



ਅਵਾਰਾ ਕੁੱਤਿਆਂ ਦੀ ਨਸਬੰਦੀ ਅਤੇ ਟੀਕਾਕਰਨ ਲਈ ਈ-ਟੈਂਡਰ ਮੰਗੇ ਹਨ। ਹਾਈਕੋਰਟ ਨੇ ਕਿਹਾ ਕਿ ਇਸ ਨਾਲ ਜੱਜਾਂ ਨੂੰ ਤਤਕਾਲ ਰਾਹਤ ਨਹੀਂ ਮਿਲੇਗੀ। ਜੱਜ ਸੈਰ ਲਈ ਘਰ ਤੋਂ ਬਾਹਰ ਨਹੀਂ ਨਿਕਲ ਸਕਦੇ। ਅੰਬਾਲਾ ਦੇ ਅਡੀਸ਼ਨਲ ਡਿਸਟ੍ਰਿਕਟ ਅਤੇ ਸੈਸ਼ਨਜ ਜੱਜ ਲਲਿਤ ਸ਼ਰਮਾ ਨੇ ਅੰਬਾਲਾ ਦੇ ਜੱਜ ਨੂੰ ਅਵਾਰਾ ਕੁੱਤਿਆਂ ਕਾਰਨ ਹੋਣ ਵਾਲੀ ਪ੍ਰੇਸ਼ਾਨੀ ਦੀ ਸ਼ਿਕਾਇਤ ਕੀਤੀ ਸੀ। ਜੱਜ ਦੇ ਆਫੀਸ਼ੀਅਲ ਸਟਾਫ 'ਤੇ ਕੁੱਤਿਆਂ ਨੇ 2 ਵਾਰ ਹਮਲਾ ਕੀਤਾ ਸੀ। ਕੋਰਟ ਨੇ ਕਿਹਾ ਕਿ ਜਿਵੇਂ ਚੰਡੀਗੜ੍ਹ 'ਚ ਲਾੱਜ ਬਣਾਏ ਗਏ ਹਨ, ਮੋਹਾਲੀ ਤੇ ਪੰਚਕੁਲਾ ਵੀ ਉਸ ਤਰ੍ਹਾਂ ਦੀ ਕਾਰਵਾਈ ਕਰੇ। ਮੋਹਾਲੀ ਅਤੇ ਪੰਚਕੁਲਾ ਦੇ ਡੀ.ਸੀ. ਨੂੰ ਅਗਲੀ ਸੁਣਵਾਈ 'ਚ ਰਿਪੋਰਟ ਦੇਣ ਲਈ ਕਿਹਾ ਗਿਆ ਹੈ।

## ਤਿਉਹਾਰੀ ਸੀਜਨ 'ਚ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਕੇਂਦਰ ਸਰਕਾਰ ਦਾ ਅਹਿਮ ਫੈਸਲਾ

ਨਵੀਂ ਦਿੱਲੀ 8 ਅਪ੍ਰੈਲ। ਕੇਂਦਰ ਸਰਕਾਰ ਨੇ ਘਰੇਲੂ ਕੀਮਤਾਂ ਨੂੰ ਕੰਟਰੋਲ ਕਰਨ ਅਤੇ ਚੌਲਾਂ ਦੀ ਲੋੜੀਂਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਕੱਚੇ ਚੌਲਾਂ 'ਤੇ ਨਿਰਯਾਤ ਡਿਊਟੀ ਅਗਲੇ ਸਾਲ 31 ਮਾਰਚ ਤੱਕ ਵਧਾ ਦਿੱਤੀ ਹੈ। ਵਿੱਤ ਮੰਤਰਾਲੇ ਵੱਲੋਂ ਸੁੱਕਰਵਾਰ ਨੂੰ



ਜਾਰੀ ਨੋਟੀਫਿਕੇਸਨ 'ਚ ਕਿਹਾ ਗਿਆ ਹੈ ਕਿ ਉਸਨਾ (ਸੇਲਾ) ਚੌਲਾਂ ਦੀਆਂ ਕੀਮਤਾਂ ਨੂੰ ਕੰਟਰੋਲ 'ਚ ਰੱਖਣ ਲਈ 25 ਅਗਸਤ ਤੋਂ 16 ਅਕਤੂਬਰ ਤੱਕ ਚੌਲਾਂ ਦੀ ਇਸ ਕਿਸਮ 'ਤੇ 20 ਫੀਸਦੀ ਨਿਰਯਾਤ ਡਿਊਟੀ ਲਗਾਈ ਗਈ ਸੀ। ਹੁਣ ਇਸ ਨੂੰ ਅਗਲੇ ਸਾਲ ਮਾਰਚ ਤੱਕ ਵਧਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਆਗਾਮੀ ਤਿਉਹਾਰਾਂ ਦੇ ਮੱਦੇਨਜਰ ਘਰੇਲੂ ਬਾਜਾਰ 'ਚ ਸਪਲਾਈ ਅਤੇ ਕੀਮਤਾਂ ਨੂੰ ਕੰਟਰੋਲ ਕਰਨ ਲਈ ਜੁਲਾਈ 'ਚ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਪਾਬੰਦੀ ਨਾਲ ਸਰਕਾਰ ਨੇ ਹਰ ਤਰ੍ਹਾਂ ਦੇ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਹੈ। ਦੇਸ ਤੋਂ ਕੁੱਲ ਚੌਲਾਂ ਦੀ ਬਰਾਮਦ ਵਿੱਚ ਗੈਰ-ਬਾਸਮਤੀ ਚਿੱਟੇ ਚੌਲਾਂ ਦੀ ਹਿੱਸੇਦਾਰੀ ਲਗਭਗ 25 ਫੀਸਦੀ ਹੈ।

## ਬੱਲ ਬਾਵਾ 'ਚ ਹੋਏ ਔਰਤ ਦੇ ਕਤਲ ਦੀ ਗੁੱਥੀ ਸੁਲਝੀ, ਗ੍ਰਿਫਤਾਰ ਨੌਜਵਾਨ ਨੇ ਕੀਤੇ ਖੁਲਾਸੇ

ਅਜਨਾਲਾ 8 ਅਪ੍ਰੈਲ। ਸਬ ਡਵੀਜਨ ਅਜਨਾਲਾ ਅਧੀਨ ਆਉਂਦੇ ਪੁਲਸ ਥਾਣਾ ਝੰਡੇਰ ਦੇ ਪਿੰਡ ਬੱਲ ਬਾਵਾ ਵਿਖੇ ਬੀਤੀ 28 ਸਤੰਬਰ ਨੂੰ ਇਕ ਔਰਤ ਦਾ ਭੇਦਭਰੀ ਹਾਲਤ 'ਚ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ ਮਾਮਲੇ ਤੇ ਪੁਲਸ ਨੇ ਵੱਡੀ ਕਾਮਯਾਬੀ ਹਾਸਲ ਕਰਦਿਆਂ ਦੋ ਵਿਅਕਤੀਆਂ ਨੂੰ ਨਾਮਜਦ ਕਰਨ ਤੋਂ ਬਾਅਦ ਇਕ ਵਿਅਕਤੀ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਸ ਮਾਮਲੇ ਸਬੰਧੀ ਸਬ ਡਵੀਜਨ ਅਜਨਾਲਾ ਦੇ ਡੀ.ਐੱਸ.ਪੀ. ਰਿਪੂਤਾਪਨ ਸਿੰਘ ਸੰਧੂ ਨੇ ਅਜਨਾਲਾ ਵਿਖੇ ਪ੍ਰੈੱਸ ਕਾਨਫਰੰਸ ਕਰਦਿਆਂ ਦੱਸਿਆ ਕਿ ਬੀਤੀ 28 ਸਤੰਬਰ ਨੂੰ ਪਿੰਡ ਬੱਲ ਬਾਵਾ ਵਿਖੇ ਰਾਜਵੰਤ ਕੌਰ ਨਾ ਦੀ ਔਰਤ ਦਾ ਕਿਸੇ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ, ਜਿਸ ਤੋਂ



ਬਾਅਦ ਅੰਮ੍ਰਿਤਸਰ ਦਿਹਾਤੀ ਦੇ ਐੱਸ.ਐੱਸ.ਪੀ ਸਤਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੁਲਸ ਵੱਲੋਂ ਤਕਨੀਕੀ ਸਹਾਇਤਾ ਤੇ ਹਿਊਮਨ ਇੰਟੈਲੀਜੇਂਸੀ ਦੀ ਮਦਦ ਨਾਲ ਦੋ ਵਿਅਕਤੀ ਜੁਗਰਾਜ ਸਿੰਘ ਉਰਫ ਕਾਕਾ ਪੁੱਤਰ ਹਰਜੀਤ ਸਿੰਘ ਵਾਸੀ ਬੱਲ ਬਾਵਾ ਅਤੇ ਜਗਪ੍ਰੀਤ ਸਿੰਘ ਉਰਫ ਬਾਜਾ ਪੁੱਤਰ ਦਾਰਾ ਸਿੰਘ ਵਾਸੀ ਘਣੀਕੇ ਕੇ ਜ਼ਿਲ੍ਹਾ ਗੁਰਦਾਸਪੁਰ ਨੂੰ ਨਾਮਜਦ ਕੀਤਾ। ਮੁਲਜਮ ਜੁਗਰਾਜ ਸਿੰਘ ਉਰਫ ਕਾਕਾ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਕੀਤੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਉਕਤ ਦੋਵਾਂ ਵਿਅਕਤੀ ਵਾਰਦਾਤ ਨੂੰ ਇੰਜਾਮ ਦੇਣ ਤੋਂ ਬਾਅਦ ਮ੍ਰਿਤਕ ਰਾਜਵੰਤ ਕੌਰ ਦੀਆਂ ਵਾਲੀਆਂ, ਇਕ ਮੋਬਾਈਲ ਫੋਨ ਤੇ 10 ਹਾਜ਼ਰ ਦੀ ਨਗਦੀ ਤੋਂ ਇਲਾਵਾ ਇਕ ਸਪਲੈਂਡਰ ਮੋਟਰਸਾਈਕਲ ਲੈ ਕੇ ਗਏ ਸੀ, ਜਿਸ ਪਾਸੋਂ ਉਹ ਮੋਬਾਈਲ ਫੋਨ ਵੀ ਬਰਾਮਦ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਜੁਗਰਾਜ ਸਿੰਘ ਕਾਕਾ ਦਾ ਮਾਨਯੋਗ ਅਦਾਲਤ ਪਾਸੋ ਪੁਲਸ ਰਿਮਾਂਡ ਲੈ ਕੇ ਬਾਕੀ ਸਾਮਾਨ ਸਬੰਧੀ ਵੀ ਜਾਂਚ ਕੀਤੀ ਜਾਵੇਗੀ

## ਪਿੰਡ ਦੇ ਗੁਰੂ ਘਰ 'ਚ ਨੌਜਵਾਨ ਭੁੱਲਿਆ ਮਰਿਆਦਾ, ਔਰਤ ਨਾਲ ਪਾ ਲਿਆ ਰੌਲਾ, ਘਟਨਾ ਦੀ ਆਈ ਸਾਹਮਣੇ

ਖਮਾਣੋਂ 8 ਅਪ੍ਰੈਲ। ਪਿੰਡ ਸਿੱਧੂ ਪੁਰ ਕਲਾਂ ਵਿਖੇ ਪਿੰਡ ਦੇ ਗੁਰੂ ਘਰ 'ਚ ਮਰਿਆਦਾ ਭੁੱਲਦਿਆਂ ਅਤੇ ਬਿਨਾਂ ਕਿਸੇ ਡਰ ਭੈਅ ਤੋਂ ਪਿੰਡ ਦੇ ਹੀ ਇਕ ਨੌਜਵਾਨ ਵਲੋਂ ਇਕ ਔਰਤ ਦੀ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਸਿੱਧੂਪੁਰ ਕਲਾਂ ਦੀ ਪੀੜਤ ਔਰਤ ਮਨਦੀਪ ਕੌਰ ਨੇ ਸੰਘੋਲ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਇਕ ਪਰਿਵਾਰ ਦੇ ਤਿੰਨ ਜੀਆਂ ਨੇ ਗੁਰਦੁਆਰਾ ਸਾਹਿਬ 'ਚ ਉਸ ਨਾਲ ਕੁੱਟਮਾਰ, ਮੰਦੀ ਸ਼ਬਦਾਵਲੀ ਅਤੇ ਮੰਦਾ ਵਰਤਾਰਾ ਕੀਤਾ ਹੈ। ਇਸ ਸਬੰਧੀ ਮਨਦੀਪ ਕੌਰ ਦੇ ਪਤੀ ਅਮਨਦੀਪ ਸਿੰਘ ਦੱਸਿਆ ਕਿ ਸਾਡੇ ਪਿੰਡ ਦਾ ਇਕ ਮੁੰਡਾ ਆਨੇ-ਬਹਾਨੇ ਉਨ੍ਹਾਂ ਦੇ ਘਰ ਆਉਂਦਾ ਸੀ ਤੇ ਗਲਤ ਹਰਕਤਾਂ ਕਰਦਾ ਸੀ। ਇਸ ਬਾਰੇ ਉਸ ਦੇ ਪਿਤਾ ਨੂੰ ਉਲਾਂਭਾ ਦਿੱਤਾ ਤਾਂ ਉਨ੍ਹਾਂ ਗਲਤੀ ਮੰਨਦਿਆਂ ਆਪਣੇ ਮੁੰਡੇ ਨੂੰ ਸਮਝਾਉਣ ਦੀ ਗੱਲ ਕਹੀ। ਅਮਨਦੀਪ ਸਿੰਘ ਅਨੁਸਾਰ ਉਕਤ ਵਿਅਕਤੀ ਰਸਤੇ 'ਚ ਰੋਕ ਕੇ ਉਸ ਨੂੰ ਕਹਿਣਾ ਲੱਗਾ ਕਿ ਤੁਸੀਂ ਮੇਰੇ 'ਤੇ ਗਲਤ ਦੋਸ਼ ਲਗਾ ਰਹੇ ਹੋ, ਜਿਸ ਬਾਰੇ ਗੁਰਦੁਆਰਾ ਸਾਹਿਬ 'ਚ ਸਹੁੰ ਚੁੱਕੋ ਤਾਂ ਇਸ ਮਾਮਲੇ ਦੀ ਸੱਚਾਈ ਜਾਨਣ ਲਈ ਜਦੋਂ ਸਾਰੇ ਗੁਰਦੁਆਰਾ ਸਾਹਿਬ ਇਕੱਤਰ ਹੋਏ ਤਾਂ ਉਕਤ ਨੌਜਵਾਨ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਮੰਦਾ ਬੋਲਦਿਆਂ ਉਸ ਨਾਲ ਅਤੇ ਉਸ ਦੀ ਪਤਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਕੁੱਟਮਾਰ ਕੀਤੀ। ਅਮਨਦੀਪ ਸਿੰਘ ਨੇ ਕਿਹਾ ਕਿ ਇਸ ਝਗੜੇ ਮੌਕੇ ਦੂਜੀ ਧਿਰ ਨੇ ਉਸ ਦੇ ਕੇਸ-ਦਾੜ੍ਹੀ ਪੁੱਟੀ ਅਤੇ ਪਤਨੀ ਦੇ ਕੱਪੜੇ ਪਾੜ ਦਿੱਤੇ। ਉਕਤ ਘਟਨਾ ਉੱਥੇ ਲੱਗੇ ਨਿਗਰਾਨ ਕੈਮਰਿਆਂ 'ਚ ਕੈਦ ਹੋ ਗਈ। ਪੀੜਤ ਧਿਰ ਵਲੋਂ ਮਾਮਲੇ ਬਾਰੇ ਸਬੰਧਤ ਪੁਲਸ ਨੂੰ ਜਾਣੂੰ ਕਰਵਾਇਆ ਗਿਆ। ਅਮਨਦੀਪ ਸਿੰਘ ਨੇ ਕਿਹਾ ਕਿ ਕਾਰਵਾਈ ਦੀ ਮੰਗ ਨੂੰ ਲੈ ਕੇ ਆਪਣੇ ਪਰਿਵਾਰਕ ਸਾਥੀਆਂ ਨਾਲ 5-6 ਵਾਰ ਥਾਣੇ



ਗਿਆ ਪਰ ਉਨ੍ਹਾਂ ਦੀ ਕੋਈ ਸੁਣਵਾਈ ਕਰਨ ਦੀ ਥਾਂ ਪੁਲਸ ਫੈਸਲਾ ਕਰਨ ਲਈ ਦਬਾਅ ਬਣਾ ਰਹੀ ਹੈ। ਅਮਨਦੀਪ ਸਿੰਘ ਨੇ ਦਾਅਵਾ ਕੀਤਾ ਕਿ ਪੁਲਸ ਨੇ ਇੰਨੇ ਦਿਨ ਬੀਤ ਜਾਣ ਦੌਰਾਨ ਮੌਕਾ ਵੇਖਣਾ ਵੀ ਜ਼ਰੂਰੀ ਨਹੀਂ ਸਮਝਿਆ। ਪੀੜਤ ਧਿਰ ਨੇ ਪੁਲਸ ਦੇ ਉੱਚ ਅਧਿਕਾਰੀਆਂ ਕੋਲੋਂ ਇਨਸਾਫ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ। ਜਦੋਂ ਇਸ ਸਾਰੇ ਮਾਮਲੇ ਬਾਰੇ ਥਾਣਾ ਖਮਾਣੋਂ ਦੇ ਮੁੱਖ ਅਫਸਰ ਇੰਸਪੈਕਟਰ ਬਲਵੀਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਦਾ ਝਗੜਾ ਹੋਇਆ ਸੀ, ਜਿਸ ਲਈ ਦੋਹਾਂ ਧਿਰਾਂ ਨੂੰ ਪੁਲਸ ਸਟੇਸਨ ਬੁਲਾਇਆ ਗਿਆ ਸੀ, ਜਿੱਥੇ ਦੋਹਾਂ ਧਿਰਾਂ ਨੇ ਆਪਸੀ ਸਹਿਮਤੀ ਨਾਲ ਲਿਖਤੀ ਰੂਪ 'ਚ ਇਕ ਹਫਤੇ ਦਾ ਸਮਾਂ ਮੰਗਿਆ ਸੀ ਪਰ ਦੋਵੇਂ ਧਿਰਾਂ ਬੁਲਾਉਣ ਦੇ ਬਾਵਜੂਦ ਵੀ ਮੁੜ ਪੁਲਸ ਥਾਣੇ ਨਹੀਂ ਆਈਆਂ। ਇਸ ਮਾਮਲੇ ਦੀ ਪੁਲਸ ਪੜਤਾਲ ਕਰ ਰਹੀ ਹੈ, ਜੋ ਵੀ ਦੋਸੀ ਪਾਇਆ ਗਿਆ ਉਸ ਖ਼ਿਲਾਫ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

## ਚੋਰੀ ਕਰਨ ਆਏ ਵਿਅਕਤੀ ਨੂੰ ਲੋਕਾਂ ਨੇ ਕੀਤਾ ਕਾਬੂ, ਖੰਭੇ ਨਾਲ ਬੰਨ੍ਹ ਕੀਤੀ ਛਿੱਤਰ ਪਰੇਡ

ਜਲੰਧਰ 8 ਅਪ੍ਰੈਲ। ਜਲੰਧਰ ਦੇ ਮਾਡਲ ਹਾਊਸ ਵਿਖੇ ਚੋਰੀ ਕਰਨ ਦੇ ਦੋਸ਼ 'ਚ ਲੋਕਾਂ ਨੇ ਇਕ ਵਿਅਕਤੀ ਨੂੰ ਫੜ ਲਿਆ ਅਤੇ ਉਸ ਦੀ ਕੁੱਟਮਾਰ ਕੀਤੀ। ਲੋਕਾਂ ਨੇ ਫੜੇ ਗਏ ਵਿਅਕਤੀ ਨੂੰ ਖੰਭੇ ਨਾਲ ਬੰਨ੍ਹਿਆ ਸੀ ਅਤੇ ਪੁਲਸ ਦੇ ਪਹੁੰਚਣ ਤੋਂ ਪਹਿਲਾਂ ਲੋਕਾਂ ਨੇ ਆਪਣੇ ਪੱਧਰ 'ਤੇ ਪੁੱਛਗਿੱਛ ਕੀਤੀ ਸੀ। ਬਾਅਦ 'ਚ ਲੋਕਾਂ ਨੇ ਇਸ ਦੀ ਸੂਚਨਾ ਭਾਰਗੋ ਕੈਂਪ ਪੁਲਸ ਨੂੰ ਦਿੱਤੀ ਸੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਸ਼ੀ ਨੂੰ ਹਿਰਾਸਤ 'ਚ ਲੈ ਲਿਆ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੌਕੇ 'ਤੇ ਮੌਜੂਦ ਮਾਡਲ ਹਾਊਸ ਦੇ ਰਹਿਣ ਵਾਲੇ ਇਕ ਡਰਾਇਵਰ ਨੇ ਦੱਸਿਆ ਕਿ ਉਹ ਫੈਕਟਰੀ ਤੋਂ ਮਾਲ ਲੋਡ ਕਰਨ ਲਈ ਆਉਂਦਾ ਹੈ। ਫੈਕਟਰੀ ਦਾ ਮਹਿੰਗਾ ਸਾਮਾਨ ਉਸ ਦੀ ਗੱਡੀ 'ਚ ਲੋਡ ਕੀਤਾ ਜਾਂਦਾ ਹੈ, ਜਿਸ ਨੂੰ ਬਾਅਦ 'ਚ ਵਿਦੇਸ਼ਾਂ 'ਚ ਭੇਜਿਆ ਜਾਂਦਾ ਹੈ। ਹਰ ਰੋਜ ਦੀ ਤਰ੍ਹਾਂ ਉਹ ਮਾਲ ਦੇਣ ਆਇਆ ਸੀ ਅਤੇ ਕੁਝ ਦਿਨਾਂ ਤੋਂ ਉਸ ਦੀ ਗੱਡੀ 'ਚੋਂ ਕੁਝ ਨਾ ਕੁਝ ਚੋਰੀ ਹੋ ਰਿਹਾ ਸੀ।

## ਤਰਨਤਾਰਨ ਦੀ ਧੀ ਨੇ ਜੱਜ ਬਣ ਕੇ ਰੌਸ਼ਨ ਕੀਤਾ ਮਾਪਿਆਂ ਦਾ ਨਾਂ, ਪਰਿਵਾਰ 'ਚ ਬਣਿਆ ਖੁਸ਼ੀਆਂ ਦਾ ਮਾਹੌਲ

ਤਰਨਤਾਰਨ 8 ਅਪ੍ਰੈਲ। ਕਸਬਾ ਝਬਾਲ ਦੀ ਜੰਮਪਲ ਧੀ ਮੀਨਾਕਸੀ ਵੱਲੋਂ ਦਿੱਤੇ ਗਏ ਇਮਤਿਹਾਨਾਂ ਤੋਂ ਬਾਅਦ ਉਸ ਨੂੰ ਬਤੌਰ ਜੱਜ ਚੁਣ ਲਿਆ ਗਿਆ ਹੈ, ਜਿਸ ਤੋਂ ਬਾਅਦ ਜਿੱਥੇ ਪਰਿਵਾਰ ਵਿੱਚ ਖੁਸੀਆਂ ਦਾ ਮਾਹੌਲ ਬਣ ਚੁੱਕਾ ਹੈ, ਉੱਥੇ ਹੀ ਇਲਾਕੇ ਨਿਵਾਸੀਆਂ ਵੱਲੋਂ ਵਧਾਈਆਂ ਦੇਣ ਦਾ ਤਾਂਤਾ ਲੱਗਿਆ ਨਜਰ ਆ ਰਿਹਾ ਹੈ। ਜ਼ਿਕਰਯੋਗ ਹੈ ਕਿ ਕਸਬਾ ਝਬਾਲ ਦੀ ਜੰਮਪਲ ਮੀਨਾਕਸੀ ਪਹਿਲੀ ਕੁੜੀ ਹੈ, ਜਿਸ ਨੇ ਬਤੌਰ ਜੱਜ ਬਣਦੇ ਹੋਏ ਜ਼ਿਲ੍ਹੇ ਅਤੇ ਮਾਪਿਆਂ ਦਾ ਨਾਮ ਰੋਸਨ ਕੀਤਾ ਹੈ। ਜਾਣਕਾਰੀ ਅਨੁਸਾਰ ਕਸਬਾ ਝਬਾਲ ਦੀ ਨਿਵਾਸੀ ਮੀਨਾਕਸੀ ਪੁੱਤਰੀ ਸੁਭਾਸ ਚੰਦਰ ਵੱਲੋਂ ਸਾਲ ਵਿੱਚ ਪੀ. ਸੀ. ਐੱਸ. ਜੁਡੀਸੀਅਲ ਦੀ ਤਿਆਰੀ ਕਰਦੇ ਹੋਏ ਦੋ ਇਮਤਿਹਾਨ ਦਿੱਤੇ ਗਏ ਸਨ, ਜਿਸ ਦੌਰਾਨ ਮਿਨਾਕਸੀ ਵੱਲੋਂ ਸੂਬੇ ਭਰ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਦੌਰਾਨ ਬੀਤੀ 6 ਅਕਤੂਬਰ ਨੂੰ ਲਈ ਗਈ ਇੰਟਰਵਿਊ ਤੋਂ ਬਾਅਦ ਮੀਨਾਕਸੀ ਨੂੰ ਬਤੌਰ ਜੱਜ ਚੁਣ ਲਿਆ ਗਿਆ ਹੈ। ਬੀਤੇ ਬੁੱਧਵਾਰ ਸਾਮ ਮਿਲੀ ਇਸ ਖਬਰ ਤੋਂ ਬਾਅਦ ਪਰਿਵਾਰ ਵਿੱਚ ਖੁਸੀਆਂ ਦਾ ਕੋਈ ਟਿਕਾਣਾ ਨਾ ਰਿਹਾ ਅਤੇ ਇਲਾਕੇ ਨਿਵਾਸੀਆਂ ਵੱਲੋਂ ਵਧਾਈਆਂ ਦੇਣ ਦਾ ਘਰ ਵਿੱਚ ਤਾਂਤਾ ਲੱਗਣਾ ਸੁਰੂ ਹੋ ਗਿਆ। ਬਤੌਰ ਜੱਜ ਚੁਣੀ ਗਈ ਮੀਨਾਕਸੀ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਸ ਦੇ ਪਿਤਾ ਸੁਭਾਸ ਚੰਦਰ ਜੋ ਭਾਰਤੀ ਜੀਵਨ ਬੀਮਾ ਨਿਗਮ ਅੰਮ੍ਰਿਤਸਰ ਵਿਖੇ ਬਤੌਰ



ਸੀਨੀਅਰ ਬਰਾਂਚ ਮੈਨੇਜਰ ਹਨ, ਮਾਤਾ ਕਮਲੇਸ ਰਾਣੀ, ਆਸਟਰੇਲੀਆ ਵਿਖੇ ਪੀ. ਆਰ. ਵੱਡੀ ਭੈਣ ਦਿਵਿਆ, ਕਨੇਡਾ ਵਿਖੇ ਪੀ. ਆਰ. ਛੋਟੇ ਭਰਾ ਬਨਿਸ, ਥਾਣਾ ਭਿੱਖੀਵਿੰਡ ਵਿਖੇ ਤਾਇਨਾਤ ਬਤੌਰ ਸਬ ਇੰਸਪੈਕਟਰ ਚਾਚਾ ਨਰੇਸ ਕੁਮਾਰ, ਚਾਚੀ ਸਰੋਜ ਬਾਲਾ ਅਤੇ ਚਚੇਰੀ ਭੈਣ ਗੁਰਲੀਨ ਜੋ ਡਾਕਟਰੀ ਦੀ ਪੜ੍ਹਾਈ ਕਰ ਚੁੱਕੀ ਹੈ, ਵੱਲੋਂ ਹਮੇਸਾ ਹੀ ਪੜ੍ਹ ਲਿਖ ਕੇ ਜੱਜ ਬਣਨ ਲਈ ਉਤਸ਼ਾਹਤ ਕੀਤਾ ਜਾਂਦਾ ਰਿਹਾ। ਜਿਸ ਦੇ ਚਲਦਿਆਂ ਪਰਿਵਾਰ ਵੱਲੋਂ ਮਿਲੇ ਸਾਥ ਅਤੇ ਹਿੰਮਤ ਕਰਕੇ ਉਹ ਅੱਜ ਇਸ ਮੁਕਾਮ ਉੱਪਰ ਪਹੁੰਚ ਗਈ ਹੈ। ਮੀਨਾਕਸ਼ੀ ਨੇ ਦੱਸਿਆ ਕਿ ਸੂਬੇ ਵਿੱਚ ਉਸ ਨੂੰ ਕਿਹੜੀ ਜਗ੍ਹਾ ਉੱਪਰ ਤਾਇਨਾਤ ਕੀਤਾ ਜਾਂਦਾ ਹੈ, ਉਸ ਦੇ ਹੁਕਮ ਆਉਣੇ ਬਾਕੀ ਹਨ। ਮੀਨਾਕਸੀ ਨੇ ਦੱਸਿਆ ਮਿਹਨਤ ਕਰਨ ਉਪਰੰਤ ਹਾਸਿਲ ਕੀਤੀ ਗਈ ਇਸ ਅਹੁਦੇ ਦੀ ਉਹ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਵਰਤੋਂ ਕਰਦੇ ਹੋਏ ਲੋਕਾਂ ਨੂੰ ਸਹੀ ਇਨਸਾਫ ਦਵਾਇਆ ਜਾਵੇਗਾ। ਇਸ ਮੌਕੇ ਪਰਿਵਾਰ ਵੱਲੋਂ ਮੀਨਾਕਸੀ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਉਂਦੇ ਹੋਏ ਭੰਗੜਾ ਪਾਇਆ ਗਿਆ। ਇਸ ਦੌਰਾਨ ਬਾਰ ਐਸੋਸੀਏਸਨ ਤਰਨ ਤਾਰਨ ਦੇ ਪ੍ਰਧਾਨ ਐਡਵੋਕੇਟ ਬਲਦੇਵ ਸਿੰਘ ਗਿੱਲ, ਜਨਰਲ ਸਕੱਤਰ ਬੂਟਾ ਸਿੰਘ ਸੰਧੂ, ਐਡਵੋਕੇਟ ਨਵਜੋਤ ਕੌਰ ਚੱਬਾ, ਐਡਵੋਕੇਟ ਮਨਮੋਹਨ ਸਿੰਘ ਠੁਕਰਾਲ, ਐਡਵੋਕੇਟ ਅਮਨਬੀਰ ਸਿੰਘ, ਐਡਵੋਕੇਟ ਦੀਪਕ ਅਰੋੜਾ ਆਦਿ ਵੱਲੋਂ ਮੀਨਾਕਸੀ ਨੂੰ ਵਧਾਈ ਦਿੱਤੀ ਗਈ।

## ਜਲੰਧਰ ਜਿਲ੍ਹੇ 'ਚ ਵੱਡਾ ਹਾਦਸਾ, ਬੱਚੇ ਦੇ ਜਨਮ ਦਿਨ ਦਾ ਕੇਕ ਲਿਜਾ ਰਹੇ ਮਾਂ-ਪੁੱਤ ਸਮੇਤ 3 ਦੀ ਮੌਤ

ਮਲਸੀਆਂ 8 ਅਪ੍ਰੈਲ। ਬੀਤੀ ਸਾਮ ਸਥਾਨਕ ਨਕੋਦਰ ਰੋਡ ਨੈਸਨਲ ਹਾਈਵੇ 'ਤੇ ਵਾਪਰੇ ਭਿਆਨਕ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਮਾਂ-ਪੁੱਤ ਸਮੇਤ ਤਿੰਨ ਲੋਕਾਂ ਦੀ ਦਰਦਨਾਕ ਮੌਤ ਹੋ ਗਈ ਅਤੇ ਮੋਟਰਸਾਈਕਲ ਚਾਲਕ ਗੰਭੀਰ ਜਖਮੀ ਹੋ ਗਿਆ। ਇਸ ਸਬੰਧੀ ਗੁਰਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਮੂਸੇਵਾਲ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਸੁਖਦੇਵ ਸਿੰਘ (36) ਪੁੱਤਰ ਜੋਗਿੰਦਰ ਸਿੰਘ ਆਪਣੇ ਪਲੈਟੀਨਾ ਮੋਟਰਸਾਈਕਲ 'ਤੇ ਪਤਨੀ ਲਖਵਿੰਦਰ ਕੌਰ (34), ਪੁੱਤਰ ਮਨਕੀਰਤ ਸਿੰਘ (1) ਸਾਰੇ ਵਾਸੀ ਮੂਸੇਵਾਲ (ਨਕੋਦਰ) ਅਤੇ ਅਨਿਲ ਠਾਕੁਰ ਹਾਲ ਵਾਸੀ ਮਲਸੀਆਂ (ਬਿਹਾਰ) ਨਾਲ ਮਲਸੀਆਂ ਤੋਂ ਕੇਕ ਲੈ ਕੇ ਪਿੰਡ ਮੂਸੇਵਾਲ ਜਾ ਰਿਹਾ ਸੀ। ਜਦੋਂ ਇਹ ਬਿੱਲੀ ਚਹਾਰਮੀ ਅੱਡੇ ਦੇ ਨਜਦੀਕ ਪਹੁੰਚੇ ਤਾਂ ਪਿੱਛੋਂ ਆ ਰਹੇ ਤੇਜ ਰਫਤਾਰ ਟਿੱਪਰ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਮੋਟਰਸਾਈਕਲ ਸਵਾਰ ਸੁਖਦੇਵ



ਸਿੰਘ, ਲਖਵਿੰਦਰ ਕੌਰ, ਮਨਕੀਰਤ ਸਿੰਘ ਤੇ ਅਨਿਲ ਠਾਕੁਰ ਗੰਭੀਰ ਰੂਪ 'ਚ ਜਖਮੀ ਹੋ ਗਏ। ਇਸ ਦੌਰਾਨ ਆਸ-ਪਾਸ ਦੇ ਲੋਕਾਂ ਨੇ 108 ਐਂਬੂਲੈਂਸ ਨੂੰ ਸੂਚਿਤ ਕੀਤਾ ਤਾਂ ਐਬੂਲੈਂਸ ਰਾਹੀਂ ਜਖਮੀਆਂ ਨੂੰ ਨਕੋਦਰ ਦੇ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਲਖਵਿੰਦਰ ਕੌਰ ਅਤੇ ਮਨਕੀਰਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰਾਂ ਵੱਲੋਂ ਜਖਮੀ ਸੁਖਦੇਵ ਸਿੰਘ ਤੇ ਅਨਿਲ ਠਾਕੁਰ ਨੂੰ ਮੁੱਢਲੀ ਸਹਾਇਤਾ ਦੇ ਕੇ ਜਲੰਧਰ ਦੇ ਸਰਕਾਰੀ ਹਸਪਤਾਲ ਵਿਖੇ ਰੈਫਰ ਕਰ ਦਿੱਤਾ। ਜਿੱਥੇ ਜਖਮਾਂ ਦੀ ਤਾਬ ਨਾ ਝੱਲਦਿਆਂ ਅਨਿਲ ਠਾਕੁਰ ਵੀ ਦਮ ਤੋੜ ਗਿਆ। ਉਨ੍ਹਾਂ ਦੱਸਿਆ ਕਿ ਹਾਦਸੇ ਉਪਰੰਤ ਟਿੱਪਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕੱਲ ਮੇਰੇ ਭਤੀਜੇ ਦਾ ਜਨਮ ਦਿਨ ਸੀ, ਜਿਸ ਦੇ ਸਬੰਧ 'ਚ ਘਰ 'ਚ ਖੁਸੀ ਦਾ ਮਾਹੌਲ ਸੀ ਪਰ ਸਾਡੀਆਂ ਖੁਸੀਆਂ ਮਾਤਮ 'ਚ ਬਦਲ ਗਈਆਂ। ਇਸ ਸਬੰਧੀ ਐੱਸ. ਐੱਚ. ਓ. ਸਾਹਕੋਟ ਜਸਵਿੰਦਰ ਸਿੰਘ ਨੇ ਦੱਸਿਆ ਕਿ ਲਾਸਾਂ ਨੂੰ ਸਰਕਾਰੀ ਹਸਪਤਾਲ ਨਕੋਦਰ ਮੁਰਦਾਘਰ 'ਚ ਰਖਵਾ ਦਿੱਤਾ ਹੈ। ਪੋਸਟਮਾਰਟਮ ਉਪਰੰਤ ਲਾਸਾਂ ਵਾਰਸਾਂ ਹਵਾਲੇ ਕਰ ਦਿੱਤੀਆਂ ਜਾਣਗੀਆਂ।

## ਤਾਂਤਰਿਕ ਦੀ ਕਰਤੂਤ ਨੇ ਉਡਾਏ ਪਰਿਵਾਰ ਦੇ ਹੋਸ਼, ਕੁੜੀ ਨਾਲ 3 ਮਹੀਨੇ ਟੱਪੀਆਂ ਹੱਦਾਂ ਤੇ ਖਿੱਚੀਆਂ ਅਸ਼ਲੀਲ ਤਸਵੀਰਾਂ

ਜਲੰਧਰ 8 ਅਪ੍ਰੈਲ। ਥਾਣਾ ਸਦਰ ਅਧੀਨ ਪੈਂਦੇ ਇਕ ਪਿੰਡ ਦੀ ਰਹਿਣ ਵਾਲੀ 24 ਸਾਲਾ ਕੁੜੀ ਨੂੰ ਉਸ ਦੀਆਂ ਖਿੱਚੀਆਂ ਅਸ਼ਲੀਲ ਤਸਵੀਰਾਂ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦਾ ਡਰ ਵਿਖਾ ਕੇ ਲਗਾਤਾਰ 3 ਮਹੀਨੇ ਉਸ ਨਾਲ ਜਬਰ-ਜ਼ਿਨਾਹ ਕਰਨ ਵਾਲੇ ਇਕ ਤਾਂਤਰਿਕ ਬਾਬਾ ਨੂੰ ਥਾਣਾ ਸਦਰ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਐੱਸ. ਐੱਚ. ਓ. ਸਦਰ ਭਰਤ ਮਸੀਹ ਨੇ ਦੱਸਿਆ ਕਿ ਮਹਿਲਾ ਪੁਲਸ ਅਧਿਕਾਰੀ ਸੰਦੀਪ ਕੌਰ ਨੇ ਪੀੜਤ ਕੁੜੀ ਦੇ ਬਿਆਨਾਂ 'ਤੇ ਮੂਲ ਰੂਪ ਨਾਲ ਬਿਹਾਰ ਦੇ ਜ਼ਿਲ੍ਹਾ ਬੇਤੀਆ ਦੇ ਰਹਿਣ ਵਾਲੇ ਮੁਲਜਮ ਤਾਂਤਰਿਕ ਬਾਬਾ ਮੰਗਲ ਯਾਦਵ ਉਰਫ ਮੰਗਾ ਪੁੱਤਰ ਮਾਨਕੀ ਯਾਦਵ ਖ਼ਿਲਾਫ ਥਾਣਾ ਸਦਰ ਵਿਚ ਆਈ. ਪੀ. ਸੀ. ਦੀ ਧਾਰਾ 376 ਅਤੇ 506 ਤਹਿਤ 183 ਨੰਬਰ ਐੱਫ. ਆਈ. ਆਰ. ਦਰਜ ਕੀਤੀ ਹੈ। ਮੁਲਜਮ ਪਿੰਡ ਸਰਹਾਲੀ ਦੇ ਮੌਜੂਦਾ ਸਰਪੰਚ ਦੇ ਘਰ ਕਿਰਾਏ 'ਤੇ ਰਹਿੰਦਾ ਸੀ। ਉਸ ਨੇ ਪੀੜਤ ਕੁੜੀ ਦੇ ਪਰਿਵਾਰ ਨੂੰ ਆਪਣੇ ਝਾਂਸੇ ਵਿਚ ਲੈ ਕੇ ਕੁੜੀ ਨਾਲ ਨਜਦੀਕੀਆਂ ਵਧਾਈਆਂ ਅਤੇ ਬਾਅਦ ਵਿਚ ਆਪਣੇ ਮੋਬਾਇਲ ਫੋਨ ਵਿਚ ਉਸ ਦੀਆਂ ਅਸ਼ਲੀਲ ਤਸਵੀਰਾਂ ਖਿੱਚ ਕੇ ਉਸ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਜੇਕਰ ਉਸ ਨੇ ਕਿਸੇ ਨੂੰ ਕੁਝ ਦੱਸਿਆ ਤਾਂ ਉਹ ਇਨ੍ਹਾਂ ਤਸਵੀਰਾਂ ਨੂੰ ਵਾਇਰਲ ਕਰਕੇ ਉਸ ਨੂੰ ਬਦਨਾਮ ਕਰ ਦੇਵੇਗਾ। ਇਸੇ ਡਰ ਕਾਰਨ ਕੁੜੀ 3 ਮਹੀਨੇ ਉਸ ਦੀ ਹਵਸ ਦਾ ਸ਼ਿਕਾਰ ਹੁੰਦੀ ਰਹੀ। ਉਸ ਦੇ ਵਧਦੇ ਅੱਤਿਆਚਾਰ ਨੂੰ ਵੇਖਦਿਆਂ ਉਸ ਨੇ ਆਪਣੀ ਸਾਰੀ ਕਹਾਣੀ ਆਪਣੇ ਪਰਿਵਾਰ ਵਾਲਿਆਂ ਨੂੰ ਦੱਸ ਦਿੱਤੀ, ਜਿਸ ਤੋਂ ਬਾਅਦ ਉਹ ਉਸ ਨੂੰ ਤਾਂਤਰਿਕ ਬਾਬਾ ਖ਼ਿਲਾਫ ਕਾਰਵਾਈ ਕਰਵਾਉਣ ਲਈ ਪੁਲਸ ਸਟੇਸ਼ਨ ਲੈ ਆਏ। ਇੰਸ. ਭਰਤ ਮਸੀਹ ਨੇ ਦੱਸਿਆ ਕਿ ਮੁਲਜਮ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਲੈ ਕੇ ਉਸ ਕੋਲੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

## ਸ਼ਹਿਰ ਦੀ ਰਿਪੇਅਰ 'ਤੇ ਇਕ ਕਰੋੜ ਰੁਪਏ ਈਮਾਨਦਾਰੀ ਨਾਲ ਲੱਗ ਜਾਣ ਤਾਂ ਸਮਾਰਟ ਬਣ ਸਕਦੈ ਜਲੰਧਰ

ਜਲੰਧਰ 8 ਅਪ੍ਰੈਲ। ਕੇਂਦਰ ਸਰਕਾਰ ਨੇ ਸਵੱਛ ਭਾਰਤ ਮਿਸ਼ਨ, ਸਮਾਰਟ ਸਿਟੀ ਮਿਸ਼ਨ, ਅਮਰੂਤ ਯੋਜਨਾ ਵਰਗੀਆਂ ਦਰਜਨਾਂ ਸਕੀਮਾਂ ਦੇ ਤਹਿਤ ਕਰੋੜਾਂ ਅਰਬਾਂ ਰੁਪਿਆ ਖਰਚ ਕੀਤਾ ਜਾ ਚੁੱਕਾ ਹੈ ਪਰ ਫਿਰ ਵੀ ਜਲੰਧਰ ਵਰਗਾ ਛੋਟਾ ਜਿਹਾ ਸ਼ਹਿਰ ਨਾ ਤਾਂ ਸਵੱਛ ਅਤੇ ਨਾ ਹੀ ਸਮਾਰਟ ਬਣ ਪਾਇਆ ਹੈ। ਜਿਸ ਕਾਰਨ ਛੋਟੀਆਂ-ਛੋਟੀਆਂ ਗੱਲਾਂ ਲਈ ਰੋਜ ਜਲੰਧਰ ਸ਼ਹਿਰ ਦੇ ਹਜਾਰਾਂ ਲੱਖਾਂ ਨਿਵਾਸੀ ਪ੍ਰੇਸ਼ਾਨ ਹੁੰਦੇ ਹਨ, ਉਸ ਤੋਂ ਮੰਨਿਆ ਜਾ ਰਿਹਾ ਹੈ ਕਿ ਜੇਕਰ ਸ਼ਹਿਰ ਦੀ ਰਿਪੇਅਰ 'ਤੇ ਈਮਾਨਦਾਰੀ ਨਾਲ ਇਕ ਕਰੋੜ ਰੁਪਿਆ ਵੀ ਖਰਚ ਕਰ ਲਿਆ ਜਾਵੇ ਤਾਂ ਸ਼ਹਿਰ ਬਿਨਾਂ ਸ਼ੱਕ ਸਮਾਰਟ ਬਣ ਸਕਦਾ ਹੈ। ਇਥੇ ਈਮਾਨਦਾਰੀ ਸ਼ਬਦ ਇਸ ਲਈ ਵਰਤਿਆ ਜਾ ਰਿਹਾ ਹੈ ਤਾਂਕਿ ਅਜਿਹੀ ਪਲਾਨਿੰਗ ਬਣਾਉਣ ਵਾਲੇ ਸਰਕਾਰੀ ਅਫਸਰ ਇਸ ਸ਼ਹਿਰ ਨੂੰ ਦਿਲ ਤੋਂ ਆਪਣਾ ਸਮਝਣ, ਕੰਮ ਕਰਨ ਵਾਲੇ ਠੇਕੇਦਾਰ ਵੀ ਇਹ ਮੰਨ ਕੇ ਚੱਲੇ ਕਿ ਇਸ 'ਚ ਕੁਝ ਗੋਲਮਾਲ ਨਹੀਂ ਕਰਨਾ ਅਤੇ ਪੂਰਾ ਪੈਸਾ ਸ਼ਹਿਰ ਦੇ ਵਿਕਾਸ 'ਤੇ ਹੀ ਲਗਾਉਣਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਸ਼ਹਿਰ ਨੂੰ ਸਮਾਰਟ ਬਣਾਉਣ ਲਈ ਵੀ ਇਕ ਕਰੋੜ ਰੁਪਏ 'ਚੋਂ ਕਾਫੀ ਪੈਸੇ ਬਚ ਸਕਦੇ ਹਨ



ਕਿਉਂਕਿ ਇਸ ਸਮੇਂ ਛੋਟੀਆਂ-ਛੋਟੀਆਂ ਗੱਲਾਂ ਨਾਲ ਹੀ ਸ਼ਹਿਰ ਕਾਫੀ ਬਦਸੂਰਤ ਬਣਿਆ ਹੋਇਆ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਇਸ ਸਮੇਂ ਨਾ ਤਾਂ ਸਬੰਧਤ ਸਰਕਾਰੀ ਅਧਿਕਾਰੀਆਂ ਦੇ ਕੋਲ ਅਜਿਹਾ ਕੋਈ ਵਿਜਨ ਹੈ ਅਤੇ ਨਾ ਹੀ ਕਿਸੇ ਪਾਰਟੀ ਦਾ ਨੇਤਾ ਇਸ ਲਈ ਜੋਰ ਲਗਾ ਰਿਹਾ ਹੈ ਕਿ ਸ਼ਹਿਰ ਜਲੰਧਰ ਸ਼ਹਿਰ ਨੂੰ ਇਸ ਸਮੇਂ ਕਰੋੜਾਂ ਦੇ ਨਵੇਂ ਐਸਟੀਮੇਟਾਂ ਦੀ ਨਹੀਂ. ਸਗੋਂ ਮਾਮੂਲੀ ਰਿਪੇਅਰ ਦੀ ਸਖਤ ਜਰੂਰਤ ਹੈ। ਦੋ-ਦੋ ਆਟੋਮੈਟਿਕ ਸਵੀਪਿੰਗ ਮਸ਼ੀਨਾਂ ਹੋਣ ਦੇ ਬਾਵਜੂਦ ਸੜਕਾਂ ਕਿਨਾਰੇ ਉੱਗੀ ਹੋਈ ਹੈ ਮੱਕੀ ਜਲੰਧਰ ਸ਼ਹਿਰ ਦੀ ਸਾਫ-ਸਫਾਈ ਲਈ ਨਗਰ ਨਿਗਮ ਦੇ ਕੋਲ ਦੋ-ਦੋ ਆਟੋਮੈਟਿਕ ਸਵੀਪਿੰਗ ਮਸ਼ੀਨਾਂ ਹਨ, ਜਿਨ੍ਹਾਂ 'ਚੋਂ ਇਕ ਤਾਂ ਕਰੋੜਾਂ ਰੁਪਏ ਦੀ ਲਾਗਤ ਵਾਲੀ ਵਿਦੇਸ਼ੀ ਮਸ਼ੀਨ ਵੀ ਹੈ। ਪਿਛਲੇ ਲੰਬੇ ਸਮੇਂ ਤੋਂ ਇਨ੍ਹਾਂ ਮਸ਼ੀਨਾਂ ਨੂੰ ਚਲਾਉਣ ਦੇ ਨਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਪਰ ਫਿਰ ਵੀ ਇਹ ਮਸ਼ੀਨਾਂ ਕਿਨ੍ਹਾਂ ਸੜਕਾਂ 'ਤੇ ਚੱਲਦੀਆਂ ਹਨ ਇਸ ਬਾਰੇ ਕਿਸੇ ਨੂੰ ਕੋਈ ਗਿਆਨ ਨਹੀਂ ਹੈ। ਅੱਜ ਹਾਲਾਤ ਇਹ ਹੈ ਕਿ ਸ਼ਹਿਰ ਦੀਆਂ ਮੇਨ ਸੜਕਾਂ ਦੇ ਕਿਨਾਰੇ ਨਾ ਸਿਰਫ ਮਿੱਟੀ ਹੀ ਮਿੱਟੀ ਹੈ, ਬਲਕਿ ਕਈ ਜਗ੍ਹਾ ਤਾਂ ਮੱਕੀ ਦੇ ਬੂਟੇ ਤੱਕ ਉੱਗੇ ਹੋਏ ਹਨ, ਜਿਸ ਨਾਲ ਸਪੱਸ਼ਟ ਹੈ ਕਿ ਇਨ੍ਹਾਂ ਸੜਕਾਂ ਨੂੰ ਲੰਬੇ ਸਮੇਂ ਤੋਂ ਸਾਫ ਹੀ ਨਹੀਂ ਕੀਤਾ ਗਿਆ। ਸ਼ਹਿਰ ਦੇ ਤਮਾਮ ਨੇਤਾਵਾਂ ਨੂੰ ਪਤਾ ਹੈ ਕਿ ਸਵੀਪਿੰਗ ਮਸ਼ੀਨਾਂ ਨੂੰ ਚਲਾਉਣ 'ਚ ਘੋਟਾਲਾ ਹੋ ਰਿਹਾ ਹੈ ਪਰ ਅੱਜ ਤੱਕ ਕਿਸੇ ਅਧਿਕਾਰੀ ਨੂੰ ਜਵਾਬਦੇਹ ਨਹੀਂ ਬਣਾਇਆ ਗਿਆ ਅਤੇ ਜੇਕਰ ਦੋਵੇਂ ਸਵੀਪਿੰਗ ਮਸ਼ੀਨਾਂ ਈਮਾਨਦਾਰੀ ਨਾਲ ਸ਼ਹਿਰ 'ਚ ਚਲਾ ਦਿੱਤੀਆਂ ਜਾਣ ਤਾਂ ਸ਼ਹਿਰ ਦੀਆਂ ਸੜਕਾਂ ਨੂੰ ਵਿਦੇਸ਼ੀ ਤਰਜ 'ਤੇ ਬਿਲਕੁੱਲ ਸਾਫ ਕੀਤਾ ਜਾ ਸਕਦਾ ਹੈ। ਕਾਂਗਰਸ ਸਰਕਾਰ ਦੇ ਸਮੇਂ ਸ਼ਹਿਰ ਦੇ 11 ਚੌਰਾਹਿਆਂ ਨੂੰ 21 ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰ ਬਣਾਉਣ ਦਾ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ, ਉਸ ਪ੍ਰਾਜੈਕਟ ਦੇ ਬਿੱਲ ਬਣਾਉਣ ਲਈ ਹਰ ਚੌਕ ਤੋਂ 100-200 ਮੀਟਰ ਦੀ ਦੂਰੀ 'ਤੇ ਫੁੱਟਪਾਥ ਬਣਾ ਦਿੱਤੇ ਗਏ ਅਤੇ ਇੱਥੇ ਪੁਰਾਣੀ ਟਾਈਲਾਂ ਨੂੰ ਉਖਾੜਕੇ ਨਵੀਂ ਇੰਟਰਲਾਕਿੰਗ ਟਾਈਲਾਂ ਲੱਗਾ ਦਿੱਤੀਆਂ ਗਈਆਂ। ਅੱਜ ਹਾਲਤ ਇਹ ਹੈ ਕਿ ਸਮਾਰਟ ਸਿਟੀ ਦੇ ਕਰੋੜਾਂ ਰੁਪਏ ਨਾਲ ਜੋ ਟਾਈਲਾਂ ਲਗਾਈਆਂ ਗਈਆਂ ਸੀ, ਉਹ ਵੀ ਬਰਬਾਦ ਹੋ ਗਈਆਂ ਹਨ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਤਿਉਹਾਰੀ ਸੀਜਨ ਤੋਂ ਪਹਿਲਾਂ ਵਾਹਨਾਂ ਦੀ ਵਿਕਰੀ 'ਚ ਰਿਕਾਰਡ ਵਾਧਾ, ਕੰਪਨੀਆਂ ਨੇ ਜਾਰੀ ਕੀਤੇ ਅੰਕੜੇ

ਮੁੰਬਈ 8 ਅਪ੍ਰੈਲ। ਦੇਸ ਦੇ ਪ੍ਰਮੁੱਖ ਕਾਰ ਨਿਰਮਾਤਾਵਾਂ ਨੇ ਅੱਜ ਯਾਨੀ ਐਤਵਾਰ (1 ਅਕਤੂਬਰ) ਨੂੰ ਸਤੰਬਰ 2023 ਲਈ ਵਿਕਰੀ ਦੇ ਅੰਕੜੇ ਜਾਰੀ ਕੀਤੇ ਹਨ। ਮਾਰੂਤੀ ਸੁਜ਼ੂਕੀ ਦੀ ਵਿਕਰੀ 'ਚ ਸਾਲਾਨਾ ਆਧਾਰ 'ਤੇ 3 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ, ਇਸਦੇ ਮਿੰਨੀ ਕੰਪੈਕਟ ਹਿੱਸੇ ਦੀ ਵਿਕਰੀ ਵਿੱਚ 22.5% ਦੀ ਗਿਰਾਵਟ ਆਈ ਹੈ। ਇਸ ਤੋਂ ਇਲਾਵਾ ਹੁੰਡਈ ਮੋਟਰ ਦੀ ਵਿਕਰੀ ਵਿੱਚ 13% ਅਤੇ ਮਹਿੰਦਰਾ ਐਂਡ ਮਹਿੰਦਰਾ (×) ਦੀ ਵਿਕਰੀ ਵਿੱਚ 20% ਦਾ ਵਾਧਾ ਹੋਇਆ ਹੈ। ਟੋਇਟਾ ਨੇ ਵੀ ਸਤੰਬਰ ਵਿੱਚ 23,590 ਕਾਰਾਂ ਵੇਚ ਕੇ ਸਾਲ ਦਰ ਸਾਲ 53% ਦਾ ਰਿਕਾਰਡ ਵਾਧਾ ਦਰਜ ਕੀਤਾ ਹੈ। ਮਾਰੂਤੀ ਸੁਜ਼ੂਕੀ ਨੇ ਸਤੰਬਰ ਮਹੀਨੇ 'ਚ 181,343 ਕਾਰਾਂ ਵੇਚੀਆਂ ਹਨ। ਇਨ੍ਹਾਂ ਵਿੱਚੋਂ 1,58,832 ਕਾਰਾਂ ਘਰੇਲੂ ਬਾਜਾਰ ਵਿੱਚ ਹਨ, ਜਦੋਂ ਕਿ 22,511 ਕਾਰਾਂ ਬਰਾਮਦ ਕੀਤੀਆਂ ਗਈਆਂ ਹਨ। ਟਾਟਾ ਮੋਟਰਸ ਨੇ ਸਤੰਬਰ 'ਚ 82,023 ਵਾਹਨ ਵੇਚੇ। ਪਿਛਲੇ ਸਾਲ ਸਤੰਬਰ ਦੇ ਮੁਕਾਬਲੇ 2% ਦਾ ਵਾਧਾ ਦਰਜ ਕੀਤਾ ਗਿਆ ਹੈ। ਹੁੰਡਈ ਮੋਟਰ ਇੰਡੀਆ ਲਿਮਟਿਡ ਨੇ ਇਸ ਸਾਲ ਸਤੰਬਰ 'ਚ 71,641 ਕਾਰਾਂ ਵੇਚੀਆਂ ਹਨ। ਤਿਉਹਾਰੀ ਸੀਜਨ ਅਤੇ ਬਰਾਮਦ 'ਚ ਵਾਧੇ ਕਾਰਨ ਕਾਰਾਂ ਦੀ ਵਿਕਰੀ 'ਚ ਵਾਧਾ ਹੋਇਆ ਹੈ। 4. ਮਹਿੰਦਰਾ ਐਂਡ ਮਹਿੰਦਰਾ ਦੀ ਵਿਕਰੀ ਲਗਾਤਾਰ ਤੀਜੇ ਮਹੀਨੇ ਵਧੀ ਹੈ ਮਹਿੰਦਰਾ ਐਂਡ ਮਹਿੰਦਰਾ (×) ਦੀ ਵਿਕਰੀ ਲਗਾਤਾਰ ਤੀਜੇ ਮਹੀਨੇ ਵਧੀ ਹੈ। ਮਹਿੰਦਰਾ ਨੇ ਸਤੰਬਰ 'ਚ 41,267 ਯਾਤਰੀ ਵਾਹਨ ਵੇਚੇ। ਟਰੈਕਟਰਾਂ ਦੀ ਵਿਕਰੀ ਵਿੱਚ 11% ਦੀ ਗਿਰਾਵਟ ਆਈ ਹੈ। 5. ਟੋਇਟਾ ਦੀ ਵਿਕਰੀ ਵਿੱਚ 53% ਰਿਕਾਰਡ ਵਾਧਾ ਟੋਇਟਾ ਨੇ ਸਤੰਬਰ ਵਿੱਚ ਆਪਣੀ ਹੁਣ ਤੱਕ ਦੀ ਸਭ ਤੋਂ ਵੱਧ ਵਿਕਰੀ ਦਾ ਰਿਕਾਰਡ ਕਾਇਮ ਕੀਤਾ ਹੈ। ਇਸ ਦੌਰਾਨ ਕੰਪਨੀ ਨੇ 23,590 ਕਾਰਾਂ ਵੇਚੀਆਂ। ਸਤੰਬਰ 2022 ਵਿੱਚ 15,378 ਵਾਹਨ ਵੇਚੇ ਗਏ ਸਨ। 6. ਆਈਸਰ ਮੋਟਰਜ ਨੇ ਵਾਹਨਾਂ ਦੀਆਂ 7,198 ਇਕਾਈਆਂ ਵੇਚੀਆਂ ਆਈਸਰ ਮੋਟਰਜ ਦੇ ਵਪਾਰਕ ਵਾਹਨਾਂ ਦੀ ਵਿਕਰੀ ਸਤੰਬਰ 'ਚ 7,198 ਯੂਨਿਟ ਰਹੀ। ਸਾਲਾਨਾ ਆਧਾਰ 'ਤੇ ਵਿਕਰੀ 'ਚ 8.6 ਫੀਸਦੀ ਦਾ ਵਾਧਾ ਹੋਇਆ ਹੈ।

# ਨਹਿਰ ਕਿਨਾਰੇ ਹੋਏ ਕਬਜਿਆਂ ਕਾਰਨ ਗੰਦੀ ਹੋ ਰਹੀ ਹੈ ਨਹਿਰ, 20 ਫੁੱਟ ਦੀ ਸੜਕ 10 ਫੁੱਟ ਦੀ ਰਹਿ ਗਈ

ਜਲੰਧਰ 8 ਅਪ੍ਰੈਲ। ਜਲੰਧਰ-ਅੰਮ੍ਰਿਤਸਰ ਹਾਈਵੇ ਨਾਲ ਲੱਗਦੀ ਬਿਸਤ ਦੁਆਬ ਨਹਿਰ ਦੇ ਕੰਢੇ ਵਸੇ ਪਰਸੂਰਾਮ ਨਗਰ ਦੇ ਲੋਕਾਂ ਨੇ ਨਹਿਰ ਦੇ ਕਿਨਾਰੇ ਕਬਜਾ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਉਹ ਨਹਿਰ 'ਚ ਗੰਦਗੀ ਫੈਲਾਉਣ ਤੋਂ ਗੁਰੇਜ ਨਹੀਂ ਕਰ ਰਹੇ। ਕਬਜਾਧਾਰੀਆਂ ਨੇ ਨਹਿਰ ਨੂੰ ਆਪਣੀ ਜਾਇਦਾਦ ਸਮਝਣਾ ਸੁਰੂ ਕਰ ਦਿੱਤਾ ਹੈ ਪਰ ਸਫਾਈ ਦੀ ਜਿੰਮੇਵਾਰੀ ਨਹਿਰੀ ਵਿਭਾਗ 'ਤੇ ਛੱਡ ਦਿੱਤੀ ਗਈ ਹੈ ਪਰ ਨਹਿਰੀ ਵਿਭਾਗ ਵੀ ਇਨ੍ਹਾਂ ਕਬਜਿਆਂ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਿਹਾ। ਪਰਸੂਰਾਮ ਨਗਰ ਤੋਂ ਗਦਈਪੁਰ ਪੁਲੀ ਤੱਕ ਹੁਣ 20 ਫੁੱਟ ਚੌੜੀ ਸੜਕ ਵੀ ਬਣਾਈ ਗਈ ਹੈ ਪਰ ਇਨ੍ਹਾਂ ਕਬਜਿਆਂ ਕਾਰਨ ਸੜਕ ਸਿਰਫ 10 ਫੁੱਟ ਹੀ ਰਹਿ ਗਈ ਹੈ, ਕਿਉਂਕਿ ਉਸ ਦਾ ਸਾਮਾਨ ਨਹਿਰ ਦੇ ਕੰਢੇ ਰੱਖਿਆ ਹੋਇਆ ਹੈ ਅਤੇ ਉਹ ਸਾਰਾ ਦਿਨ ਉੱਥੇ ਬੈਠਾ ਰਹਿੰਦਾ ਹੈ। 2 ਸਾਲ ਪਹਿਲਾਂ ਸਥਾਨਕ ਲੋਕਾਂ ਨੇ ਇਨ੍ਹਾਂ ਕਬਜਿਆਂ ਤੋਂ ਨੂੰ ਹਟਾ ਕੇ ਸਾਮਾਨ ਨਹਿਰ 'ਚ ਸੁੱਟ ਦਿੱਤਾ ਸੀ। ਇਸ ਦੇ ਬਾਵਜੂਦ ਮੁੜ ਉਹੀ ਸਥਿਤੀ ਪੈਦਾ ਹੋ ਗਈ ਹੈ। ਪਿੰਡ ਰੰਧਾਵਾ ਮਸੰਦਾਂ ਦੇ ਅਮਰੀਕ ਸਿੰਘ ਮੀਕਾ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਸੜਕ ਦੀ ਸਫਾਈ ਰੱਖਣ ਲਈ ਕਈ ਵਾਰ ਅਪੀਲ ਕੀਤੀ ਗਈ ਸੀ ਪਰ ਅਜਿਹਾ ਨਹੀਂ ਕਰ ਰਿਹਾ। ਇਨ੍ਹਾਂ ਲੋਕਾਂ ਨੇ ਸੜਕ ਦੇ ਦੋਵੇਂ ਪਾਸੇ ਆਪਣਾ ਕਬਾੜ



ਰੱਖਿਆ ਹੋਇਆ ਹੈ। ਕਈ ਵਾਰ ਸਾਮ ਨੂੰ ਇਸ ਸੜਕ ਤੋਂ ਲੰਘਣਾ ਮੁਸਕਲ ਹੋ ਜਾਂਦਾ ਹੈ। ਨਹਿਰ ਨੂੰ ਇੰਨਾ ਗੰਦਾ ਕਰ ਦਿੱਤਾ ਗਿਆ ਹੈ ਕਿ ਇਸ ਦੀ ਸਫਾਈ ਕਰਨ ਵਾਲੇ ਮਨਰੇਗਾ ਮਜਦੂਰ ਵੀ ਪ੍ਰੇਸਾਨ ਹੋ ਜਾਂਦੇ ਹਨ। ਉਨ੍ਹਾਂ ਦੇ ਘਰਾਂ 'ਚੋਂ ਜੋ ਵੀ ਕੂੜਾ ਨਿਕਲਦਾ ਹੈ। ਸਭ ਕੁਝ ਨਹਿਰ 'ਚ ਹੀ ਸੁੱਟਿਆ ਜਾ ਰਿਹਾ ਹੈ। ਜਗਜੀਤ ਸਿੰਘ, ਸਮਰ ਸਿੰਘ ਤੇ ਰੋਸਨ ਲਾਲ ਨੇ ਦੱਸਿਆ ਕਿ ਨਹਿਰ ਦੇ ਕਿਨਾਰੇ ਪੱਕੇ ਕਰਨ ਲਈ ਇੱਟਾਂ ਪਾ ਕੇ ਪੱਕਾ ਕੀਤਾ ਗਿਆ ਸੀ ਪਰ ਇਨ੍ਹਾਂ ਲੋਕਾਂ ਦੇ ਘਰ ਕਿੱਥੇ ਹਨ। ਇੱਥੋਂ ਤੱਕ ਕਿ ਇਸ ਦੇ ਸਾਹਮਣੇ ਵਾਲੀ ਨਹਿਰ ਦੇ ਕੰਢਿਆਂ ਤੋਂ ਇੱਟਾਂ ਵੀ ਗਾਇਬ ਹੋ ਗਈਆਂ ਹਨ ਤੇ ਮਿੱਟੀ ਵੀ। ਇਸ ਸਬੰਧੀ ਨਹਿਰੀ ਵਿਭਾਗ ਨੂੰ ਸਿਕਾਇਤ ਵੀ ਭੇਜੀ ਗਈ ਸੀ ਪਰ ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਸਕੀ। ਨਹਿਰੀ ਵਿਭਾਗ ਨੇ ਸਿਰਫ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਨ੍ਹਾਂ ਲੋਕਾਂ ਦੇ ਘਰ ਨਹਿਰ ਦੇ ਕੰਢੇ ਹੋ ਸਕਦੇ ਹਨ ਪਰ ਪਾਣੀ ਨੂੰ ਕੂੜਾ ਜਾਂ ਦੂਸਿਤ ਨਾ ਕਰੋ। ਸੂਤਰਾਂ ਦਾ ਕਹਿਣਾ ਹੈ ਕਿ ਮੰਤਰੀ ਵੀ ਇਨ੍ਹਾਂ ਕਬਜਿਆਂ 'ਤੇ ਬਹੁਤ ਮਿਹਰਬਾਨ ਹੈ, ਜਿਸ ਕਾਰਨ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਜਦੋਂ ਵੀ ਕੋਈ ਅਧਿਕਾਰੀ ਮੌਕੇ 'ਤੇ ਆ ਕੇ ਉਨ੍ਹਾਂ ਨੂੰ ਪੁੱਛਦਾ ਹੈ ਤਾਂ ਇਹ ਲੋਕ ਮੰਤਰੀਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਕਰਵਾਉਂਦੇ ਹਨ, ਜੇਕਰ ਨਹਿਰੀ ਵਿਭਾਗ ਆਪਣੇ ਸਾਹਮਣੇ ਨਹਿਰ 'ਚ ਫੈਲੀ ਗੰਦਗੀ ਨੂੰ ਸਹੀ ਢੰਗ ਨਾਲ ਦੇਖ ਲਵੇ ਤਾਂ ਨਹਿਰ ਪੂਰੀ ਤਰ੍ਹਾਂ ਸਾਫ ਹੋ ਜਾਵੇਗੀ। ਇਨ੍ਹਾਂ ਲੋਕਾਂ ਵੱਲੋਂ ਸੁੱਟੀ ਗੰਦਗੀ ਹੋਰ ਵੀ ਵਧ ਜਾਂਦੀ ਹੈ। ਇਸ ਨਾਲ ਵਾਤਾਵਰਣ ਵੀ ਪ੍ਰਦੂਸਿਤ ਹੁੰਦਾ ਹੈ।

## ਬਰੇਨ ਡੈੱਡ 28 ਸਾਲਾ ਅਨੁਜ ਦੀ ਕਿਡਨੀ ਤੇ ਕਾਰਨੀਆਂ ਕੀਤੇ ਡੋਨੇਟ, 12 ਸਾਲ ਡਾਇਲਾਸਿਸ ਤੋਂ ਬਾਅਦ 44 ਸਾਲਾ ਨੂੰ ਮਿਲੀ ਕਿਡਨੀ

ਚੰਡੀਗੜ੍ਹ 8 ਅਪ੍ਰੈਲ। ਪੀ. ਜੀ. ਆਈ. 'ਚ ਬਰੇਨ ਡੈੱਡ ਮਰੀਜ਼ ਦੇ ਅੰਗਦਾਨ ਹੋਏ, ਜਿਸ ਕਾਰਨ 3 ਮਰੀਜ਼ਾਂ ਨੂੰ ਨਵਾਂ ਜੀਵਨ ਮਿਲਿਆ। ਯਮੁਨਾਨਗਰ ਦੇ ਰਹਿਣ ਵਾਲੇ 28 ਸਾਲਾ ਅਨੁਜ ਕੁਮਾਰ ਨੂੰ ਸਿਰ ਵਿਚ ਗੰਭੀਰ ਸੱਟ ਲੱਗਣ ਤੋਂ ਬਾਅਦ ਪੀ. ਜੀ. ਆਈ. ਲਿਆਂਦਾ ਗਿਆ ਸੀ। ਇਲਾਜ ਮਿਲਣ ਦੇ ਬਾਵਜੂਦ ਉਸਨੂੰ ਬਚਾਇਆ ਨਹੀਂ ਜਾ ਸਕਿਆ। ਪਰਿਵਾਰ ਨੇ ਹਿੰਮਤ ਵਾਲਾ ਫੈਸਲਾ ਲੈਂਦੇ ਹੋਏ ਅਨੁਜ ਦੇ ਅੰਗਦਾਨ ਕਰਨ ਦਾ ਫ਼ੈਸਲਾ ਲਿਆ। ਨੈਫਰੋਲਾਜੀ ਵਿਭਾਗ ਦੇ ਪ੍ਰੋ. ਐੱਚ. ਐੱਸ. ਕੋਹਲੀ ਨੇ ਰਿਸੀਪੀਐਂਟ ਸਬੰਧੀ ਦੱਸਿਆ ਕਿ ਇਕ ਕਿਡਨੀ ਇਕ 44 ਸਾਲਾ ਵਿਅਕਤੀ, ਜੋ 2011 ਤੋਂ ਡਾਇਲਿਸਿਸ 'ਤੇ ਹੈ, ਨੂੰ ਟਰਾਂਸਪਲਾਂਟ ਕੀਤੀ ਗਈ। ਡੋਨਰ ਨਾ ਹੋਣ ਕਾਰਨ ਉਨ੍ਹਾਂ ਨੇ ਨੈਫਰੋਲਾਜੀ ਵਿਭਾਗ ਵਿਚ ਕੈਡਵੇਰਿਕ ਕਿਡਨੀ ਟਰਾਂਸਪਲਾਂਟ ਲਈ ਰਜਿਸਟਰੇਸ਼ਨ ਕਰਵਾਈ। ਜਦੋਂਕਿ ਦੂਜਾ ਰਿਸੀਪੀਐਂਟ 41 ਸਾਲਾ ਔਰਤ ਹੈ। ਇਹ ਔਰਤ ਦੋ ਬੱਚਿਆਂ ਦੀ ਮਾਂ ਹੈ। ਉੱਥੇ ਹੀ ਇਕ ਮਰੀਜ਼ ਨੂੰ ਕਾਰਨੀਆ ਟਰਾਂਸਪਲਾਂਟ ਹੋਇਆ ਹੈ। ਡਾਇਰੈਕਟਰ ਪੀ. ਜੀ. ਆਈ. ਡਾ. ਵਿਵੇਕ ਲਾਲ ਦਾ ਕਹਿਣਾ ਹੈ ਕਿ ਅਜਿਹੇ ਪਰਿਵਾਰ ਨੂੰ ਸਾਡਾ ਸਾਰਿਆਂ ਦਾ ਸਲਾਮ ਹੈ, ਜੋ ਇਸ ਮੁਸ਼ਕਿਲ ਸਮੇਂ ਵਿਚ ਵੀ ਆਪਣਾ ਦੁੱਖ ਭੁੱਲ ਕੇ ਦੂਜਿਆਂ ਸਬੰਧੀ ਸੋਚਦੇ ਹਨ। ਉਨ੍ਹਾਂ ਦੀ ਬਦੌਲਤ ਕਈ ਲੋਕਾਂ ਨੂੰ ਨਵਾਂ ਜੀਵਨ ਮਿਲਦਾ ਹੈ। ਪੀ. ਜੀ. ਆਈ. ਕਈ ਸਾਲਾਂ ਤੋਂ ਆਰਗਨ ਟਰਾਂਸਪਲਾਂਟ ਵਿਚ ਬਿਹਤਰ ਕੰਮ ਕਰ ਰਿਹਾ ਹੈ। ਉਹ ਭਾਵੇਂ ਬਰੇਨ ਡੈੱਡ ਮਰੀਜ਼ਾਂ ਦੇ ਆਰਗਨ ਟਰਾਂਸਪਲਾਂਟ ਕਰਨੇ ਹੋਣ, ਲਿਵਿੰਗ ਡੋਨਰ ਟਰਾਂਸਪਲਾਂਟ ਹੋਣ। ਪੀ. ਜੀ. ਆਈ. ਪੂਰੇ ਦੇਸ਼ ਵਿਚ ਇਕਲੌਤਾ ਸਰਕਾਰੀ ਹਸਪਤਾਲ ਹੈ, ਜੋ ਸਭਤੋਂ ਜ਼ਿਆਦਾ ਬਰੇਨ ਡੈੱਡ ਮਰੀਜ਼ਾਂ ਦੇ ਆਰਗਨ



ਟਰਾਂਸਪਲਾਂਟ ਕਰ ਰਿਹਾ ਹੈ। ਰੋਟੋ ਡਿਪਾਰਟਮੈਂਟ ਦਾ ਵੀ ਵੱਡਾ ਯੋਗਦਾਨ ਹੈ। ਅਨੁਜ ਰੋਜ਼ਾਨਾ ਵਾਂਗ ਕੰਮ 'ਤੇ ਜਾ ਰਿਹਾ ਸੀ। ਇਕ ਦਿਨ ਉਸਦੇ ਮੋਟਰਸਾਈਕਲ ਨੂੰ ਤੇਜ਼ ਰਫ਼ਤਾਰ ਦੋਪਹੀਆ ਵਾਹਨ ਨੇ ਟੱਕਰ ਮਾਰ ਦਿੱਤੀ। ਉਹ ਸੜਕ 'ਤੇ ਡਿੱਗ ਗਿਆ ਅਤੇ ਸਿਰ ਵਿਚ ਗੰਭੀਰ ਸੱਟ ਲੱਗਣ ਕਾਰਨ ਬੇਹੋਸ਼ ਹੋ ਗਿਆ। ਜਿਹੜੇ ਮੋਟਰਸਾਈਕਲ ਨਾਲ ਅਨੁਜ ਦੀ ਟੱਕਰ ਹੋਈ, ਉਸ 'ਤੇ ਤਿੰਨ ਵਿਅਕਤੀ ਸਵਾਰ ਸਨ। ਉਹ ਤਿੰਨੇ ਸ਼ਰਾਬ ਦੇ ਨਸ਼ੇ ਵਿਚ ਸਨ। ਜਿਸ ਸਮੇਂ ਇਹ ਹਾਦਸਾ ਹੋਇਆ, ਦੋ ਮੌਕੇ ਤੋਂ ਭੱਗ ਗਏ, ਜਦੋਂਕਿ ਅਨੁਜ ਅਤੇ ਹਾਦਸੇ ਵਿਚ ਜ਼ਖ਼ਮੀ ਹੋਰ ਵਿਅਕਤੀ ਨੂੰ ਅਨੁਜ ਦੇ ਜਾਣ-ਪਛਾਣ ਵਾਲੇ ਹਸਪਤਾਲ ਲੈ ਗਏ। ਅਨੁਜ ਦੀ ਹਾਲਤਵੇਖ ਕੇ ਡਾਕਟਰਾਂ ਨੇ 7 ਜੁਲਾਈ ਨੂੰ ਉਸਨੂੰ ਪੀ. ਜੀ. ਆਈ. ਰੈਫਰ ਕਰ ਦਿੱਤਾ। ਅਨੁਜ ਨੂੰ ਬੇਹਦ ਗੰਭੀਰ ਹਾਲਤ ਵਿਚ ਪੀ. ਜੀ. ਆਈ. ਲਿਆਂਦਾ ਗਿਆ ਸੀ। ਇਲਾਜ ਦੇ ਬਾਵਜੂਦ ਹਾਲਤ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ ਸੀ। ਸਾਰੇ ਪ੍ਰੋਟੋਕਾਲ ਤੋਂ ਬਾਅਦ ਬਰੇਨ ਡੈੱਥ ਸਰਟੀਫਿਕੇਸ਼ਨ ਕਮੇਟੀ ਦੀਆਂ ਦੋ ਬੈਠਕਾਂ ਤੋਂ ਬਾਅਦ 9 ਦਿਨ ਜ਼ਿੰਦਗੀ ਅਤੇ ਮੌਤ ਵਿਚਕਾਰ ਜੰਗ ਲੜਨ ਤੋਂ ਬਾਅਦ 15 ਜੁਲਾਈ ਨੂੰ ਉਸਨੂੰ ਬਰੇਨ ਡੈੱਡ ਐਲਾਨ ਕੀਤਾ ਗਿਆ। ਬਰੇਨ ਡੈੱਡ ਐਲਾਨ ਹੋਣ ਉਪਰੰਤ ਟਰਾਂਸਪਲਾਂਟ ਕੋਰਡੀਨੇਟਰ ਨੇ ਆਰਗਨ ਡੋਨੇਸ਼ਨ ਲਈ ਪਰਿਵਾਰ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਰਜ਼ਾਮੰਦੀ ਦੇ ਦਿੱਤੀ। ਆਪਣੇ ਬੇਟੇ ਨੂੰ ਗੁਆਉਣ ਦੇ ਦੁੱਖ ਦੇ ਬਾਵਜੂਦ ਪਿਤਾ ਅਮਰਨਾਥ ਸਿੰਘ ਨੇ ਉਸਦੇ ਅੰਗਦਾਨ ਕਰਨ ਦਾ ਫੈਸਲਾ ਲਿਆ। ਉਹ ਹਮੇਸ਼ਾ ਲੋਕਾਂ ਦੀ ਮਦਦ ਕਰਦਾ ਸੀ। ਇਹ ਆਖਰੀ ਮੌਕਾ ਸੀ ਕਿ ਉਸ ਕਾਰਨ ਦੂਜਿਆਂ ਦੀ ਮਦਦ ਕੀਤੀ ਜਾ ਸਕੇ। ਇਹੀ ਸੋਚਕੇ ਅਸੀਂ ਇਹ ਫੈਸਲਾ ਲਿਆ। ਸਾਡਾ ਫੈਸਲਾ ਕਈ ਲੋਕਾਂ ਦੀ ਜਾਨ ਬਚਾਉਣ ਵਿਚ ਮਦਦ ਕਰ ਸਕਦਾ ਹੈ

## ਹੜ੍ਹਾਂ ਦਰਮਿਆਨ ਰਾਹਤ ਭਰੀ ਖਬਰ: ਅੱਜ ਤੋਂ ਆਮ ਵਾਂਗ ਚੱਲਣਗੀਆਂ ਇਸ ਟਰੈਕ ਤੋਂ ਸਾਰੀਆਂ ਰੇਲ ਗੱਡੀਆਂ

ਫਿਰੋਜ਼ਪੁਰ 8 ਅਪ੍ਰੈਲ। ਸਤਲੁਜ ਦਰਿਆ ਵਿਚ ਹੜ੍ਹਾਂ ਕਾਰਨ ਪਿਛਲੇ ਇਕ ਹਫਤੇ ਤੋਂ ਰੇਲਵੇ ਟਰੈਕ 'ਤੇ ਪਾਣੀ ਭਰਨ ਕਾਰਨ ਬੰਦ ਪਏ ਫਿਰੋਜ਼ਪੁਰ-ਜਲੰਧਰ ਰੇਲ ਰੂਟ ਨੂੰ ਮੰਗਲਵਾਰ ਸ਼ਾਮ ਬਹਾਲ ਕਰ ਲਿਆ ਗਿਆ ਹੈ। ਅੱਜ 22 ਜੁਲਾਈ ਤੋਂ ਇਸ ਰੂਟ 'ਤੇ ਸਾਰੀਆਂ ਮੁਸਾਫਰ ਅਤੇ ਐਕਸਪ੍ਰੈੱਸ ਗੱਡੀਆਂ ਆਮ ਵਾਂਗ ਦੌੜਨਾ ਸ਼ੁਰੂ ਕਰ ਦੇਣਗੀਆਂ। ਡੀ. ਆਰ. ਐੱਮ. ਸੀਮਾ ਸ਼ਰਮਾ ਨੇ ਦੱਸਿਆ ਕਿ ਫਿਰੋਜ਼ਪੁਰ ਤੋਂ ਜਲੰਧਰ ਅਤੇ ਹੁਸ਼ਿਆਰਪੁਰ ਤੱਕ ਆਉਣ-ਜਾਣ ਵਾਲੀਆਂ ਕੁੱਲ 14 ਸਾਧਾਰਣ ਰੇਲਗੱਡੀਆਂ ਨੂੰ ਬੁੱਧਵਾਰ ਤੋਂ ਆਮ ਵਾਂਗ ਬਹਾਲ ਕੀਤਾ ਜਾ ਰਿਹਾ ਹੈ, ਜਦਕਿ ਟਰੈਕ 'ਤੇ ਪਾਣੀ ਭਰਣ ਕਾਰਨ ਰੂਟ ਬਦਲ ਕੇ ਚੱਲ ਰਹੀਆਂ 7 ਮੇਲ/ਐਕਸਪ੍ਰੈੱਸ ਗੱਡੀਆਂ ਨੂੰ ਵੀ ਬੁੱਧਵਾਰ ਤੋਂ ਏਸੇ ਟਰੈਕ 'ਤੇ ਆਮ ਵਾਂਗ ਚਲਾਇਆ ਜਾ ਰਿਹਾ ਹੈ। ਇਥੇ ਦੱਸ ਦੇਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਕੀਮਤੀ ਮਨੁੱਖੀ ਜਾਨਾਂ ਅਤੇ ਜਾਇਦਾਦਾਂ ਨੂੰ ਬਚਾਉਣ ਲਈ ਪੰਜਾਬ ਸਰਕਾਰ ਦੀ ਮਸ਼ੀਨਰੀ ਸੂਬੇ ਵਿਚ ਹੜ੍ਹ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੇ ਮੁੜ-ਵਸੇਬੇ ਲਈ ਜੰਗੀ ਪੱਧਰ 'ਤੇ ਕੰਮ ਕਰ ਰਹੀ ਹੈ। ਸੂਬੇ ਵਿਚ ਰਾਹਤ ਕਾਰਜਾਂ ਨੂੰ ਤੇਜ ਕਰਦੇ



ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ 26,280 ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ 18 ਜੁਲਾਈ ਨੂੰ ਸਵੇਰੇ 8 ਵਜੇ ਤਕ 1432 ਪਿੰਡ ਹੜ੍ਹ ਤੋਂ ਪ੍ਰਭਾਵਿਤ ਹਨ। ਸੂਬੇ ਵਿਚ ਕੁਲ 155 ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿਚ 3,828 ਲੋਕ ਠਹਿਰੇ ਹੋਏ ਹਨ। ਜਿਕਰਯੋਗ ਹੈ ਕਿ ਤਰਨ ਤਾਰਨ, ਫਿਰੋਜਪੁਰ, ਫਤਿਹਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਕਪੂਰਥਲਾ, ਪਟਿਆਲਾ, ਮੋਗਾ, ਲੁਧਿਆਣਾ, ਐੱਸ. ਏ. ਐੱਸ. ਨਗਰ, ਜਲੰਧਰ, ਸੰਗਰੂਰ, ਐੱਸ. ਬੀ. ਐੱਸ. ਨਗਰ, ਫਾਜਿਲਕਾ, ਗੁਰਦਾਸਪੁਰ, ਮਾਨਸਾ, ਬਠਿੰਡਾ ਅਤੇ ਪਠਾਨਕੋਟ ਸਮੇਤ 19 ਜਿਲ੍ਹੇ ਹੜ੍ਹ ਤੋਂ ਪ੍ਰਭਾਵਿਤ ਹੋਏ ਹਨ। ਮਾਲ ਵਿਭਾਗ ਵੱਲੋਂ ਵੱਖ-ਵੱਖ ਜਿਲ੍ਹਿਆਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਸੂਬੇ ਵਿਚ ਹੜ੍ਹ ਕਾਰਨ ਕੁਲ 38 ਵਿਅਕਤੀਆਂ ਦੀ ਜਾਨ ਗਈ ਹੈ ਅਤੇ 15 ਜਖਮੀ ਹੋਏ ਹਨ ਜਦੋਂਕਿ 2 ਅਜੇ ਵੀ ਲਾਪਤਾ ਹਨ। ਬੁਲਾਰੇ ਅਨੁਸਾਰ 458 ਰੈਪਿਡ ਰਿਸਪਾਂਸ ਟੀਮਾਂ ਕੰਮ 'ਤੇ ਲੱਗੀਆਂ ਹਨ। ਸਿਹਤ ਵਿਭਾਗ ਨੇ ਪ੍ਰਭਾਵਿਤ ਇਲਾਕਿਆਂ ਵਿਚ 244 ਮੈਡੀਕਲ ਕੈਂਪ ਲਾਏ ਹਨ ਅਤੇ ਓ. ਪੀ. ਡੀਜ ਦੀ ਕੁਲ ਗਿਣਤੀ 8531 ਹੈ। ਉਨ੍ਹਾਂ ਅੱਗੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਲਗਾਤਾਰ ਡ੍ਰਾਈ ਫੂਡ ਦੇ ਪੈਕਟ ਵੰਡੇ ਜਾ ਰਹੇ ਹਨ।

## ਸਟਰੀਟ ਡਾਗ ਨੂੰ ਟਾਟਾ 407 ਦੇ ਪਿੱਛੇ ਰੱਸੀ ਨਾਲ ਬੰਨ੍ਹ ਕੇ ਘੜੀਸਦਾ ਲੈ ਗਿਆ ਡਰਾਈਵਰ

ਜਲੰਧਰ 8 ਅਪ੍ਰੈਲ। ਸਟਰੀਟ ਡਾਗ ਨੂੰ ਟਾਟਾ 407 ਦੇ ਪਿੱਛੇ ਰੱਸੀ ਨਾਲ ਬੰਨ੍ਹ ਕੇ ਸ਼ਹਿਰ ਦੀਆਂ ਗਲੀਆਂ ਵਿਚ ਘੁਮਾਉਣ ਦੀ ਵੀਡੀਓ ਨੇ ਲੋਕਾਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ। ਜਿੰਦਾ ਡਾਗ ਨੂੰ ਟਾਟਾ 407 ਦੇ ਪਿੱਛੇ ਬੰਨ੍ਹ ਕੇ ਉਸਨੂੰ ਘੜੀਸਦਿਆਂ ਲਿਜਾਣ ਦੀ ਜਦੋਂ ਵੀਡੀਓ ਵਾਇਰਲ ਹੋਈ ਤਾਂ ਐਨੀਮਲ ਪ੍ਰੋਟੈਕਸ਼ਨ ਫਾਊਂਡੇਸ਼ਨ ਨੇ ਪੁਲਸ ਕਮਿਸ਼ਨਰ ਦਫਤਰ ਜਾ ਕੇ ਵੀਡੀਓ ਕਲਿੱਪ ਸਮੇਤ ਸ਼ਿਕਾਇਤ ਦਰਜ ਕਰਵਾਈ ਅਤੇ ਡਰਾਈਵਰ ਵੱਲੋਂ ਕੀਤੇ ਇਸ ਅਣਮਨੁੱਖੀ ਕਾਰਜ ਲਈ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਹਾਲਾਂਕਿ ਵੀਡੀਓ ਕਿਸ ਇਲਾਕੇ ਦਾ ਹੈ, ਇਹ ਅਜੇ ਸਪੱਸ਼ਟ ਨਹੀਂ ਹੋ ਸਕਿਆ। ਇਸ ਮਾਮਲੇ ਨੂੰ ਥਾਣਾ ਨੰਬਰ 8 ਦੇ ਇੰਚਾਰਜ ਪ੍ਰਦੀਪ ਸਿੰਘ ਨੂੰ ਮਾਰਕ ਕੀਤਾ ਗਿਆ ਹੈ। ਪੁਲਸ ਨੇ ਮਾਮਲੇ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਫਾਊਂਡੇਸ਼ਨ ਦੇ




ਸੰਸਥਾਪਕ ਯੁਵੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਇਕ 11 ਸੈਕਿੰਡ ਦੀ ਵੀਡੀਓ ਆਈ ਸੀ, ਜਿਸ ਵਿਚ ਟਾਟਾ 407 (ਪੀ. ਬੀ. 08 ਸੀ. ਪੀ. 7206) ਆਪਣੇ ਵਾਹਨ ਦੇ ਪਿੱਛੇ ਸਟਰੀਟ ਡਾਗ ਨੂੰ ਰੱਸੀ ਨਾਲ ਬੰਨ੍ਹ ਕੇ ਘੜੀਸਦਾ ਹੋਇਆ ਲਿਜਾ ਰਿਹਾ ਸੀ। ਡਾਗ ਦਾ ਸਿਰ ਵੀ ਵਾਰ-ਵਾਰ ਸੜਕ 'ਤੇ ਟਕਰਾ ਰਿਹਾ ਸੀ ਪਰ ਡਰਾਈਵਰ ਗੱਡੀ ਨੂੰ ਭਜਾਉਂਦਾ ਰਿਹਾ। ਟਾਟਾ 407 ਦੇ ਪਿੱਛੇ ਆ ਰਹੇ ਇਕ ਬਾਈਕ ਸਵਾਰ ਨੌਜਵਾਨ ਨੇ ਇਹ ਵੀਡੀਓ ਬਣਾ ਕੇ ਵਾਇਰਲ ਕਰ ਦਿੱਤੀ, ਜਿਸ ਤੋਂ ਬਾਅਦ ਫਾਊਂਡੇਸ਼ਨ ਦੇ ਸੰਸਥਾਪਕ ਨੇ ਸ਼ਿਕਾਇਤ ਦਰਜ ਕਰਵਾਈ। ਯੁਵੀ ਸਿੰਘ ਨੇ ਕਿਹਾ ਕਿ ਡਰਾਈਵਰ ਵੱਲੋਂ ਕੀਤੇ ਇਸ ਘਿਨੌਣੇ ਕੰਮ ਨੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਦੇ ਨਾਲ-ਨਾਲ ਮਨੁੱਖਤਾ ਦੇ ਸਿਧਾਂਤਾਂ ਨੂੰ ਤਾਰ-ਤਾਰ ਕੀਤਾ ਹੈ। ਉਨ੍ਹਾਂ ਟਾਟਾ 407 ਦੇ ਡਰਾਈਵਰ ਵਿਰੁੱਧ ਪਸ਼ੂ ਭਲਾਈ ਕਾਨੂੰਨਾਂ ਦੀ ਉਲੰਘਣਾ ਕਰਨ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਟਾਟਾ 407 ਨੂੰ ਵੀ ਜਬਤ ਕੀਤਾ ਜਾਵੇ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਤੇ ਵੀ ਬੇਸਹਾਰਾ ਪਸ਼ੂਆਂ ਖਿਲਾਫ ਕੋਈ ਵੀ ਜੁਲਮ ਕਰਦਾ ਹੈ ਤਾਂ ਉਸਦੀ ਜਾਣਕਾਰੀ ਪੁਲਸ ਨੂੰ ਦਿੱਤੀ ਜਾਵੇ ਤਾਂ ਕਿ ਬੇਜੁਬਾਨਾਂ ਨੂੰ ਬਚਾਇਆ ਜਾ ਸਕੇ।

### ਲੁਧਿਆਣਾ 'ਚ ਖੁੱਲ੍ਹੇਗਾ ਪੰਜਾਬ ਦਾ ਪਹਿਲਾ ਸਭ ਤੋਂ ਵੱਡਾ ਡਾਇਲਸਿਸ ਸੈਂਟਰ, ਬਿਲਕੁਲ ਮੁਫਤ ਹੋਵੇਗਾ ਇਲਾਜ

ਲੁਧਿਆਣਾ 8 ਅਪ੍ਰੈਲ। ਲੁਧਿਆਣਾ 'ਚ ਜਲਦੀ ਹੀ ਪੰਜਾਬ ਦਾ ਪਹਿਲਾ ਸਭ ਤੋਂ ਵੱਡਾ ਡਾਇਲਸਿਸ ਸੈਂਟਰ ਖੁੱਲ੍ਹਣ ਜਾ ਰਿਹਾ ਹੈ। ਹੈਲਪਫੁੱਲ ਐੱਨ. ਜੀ. ਓ. ਵੈਲਫੇਅਰ ਸੋਸਾਇਟੀ ਵਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਜਿਲ੍ਹੇ 'ਚ ਖੁੱਲ੍ਹਣ ਵਾਲੇ ਇਸ ਸੈਂਟਰ 'ਚ ਮੁਫਤ ਇਲਾਜ ਹੋਵੇਗਾ। ਇਹ ਸੈਂਟਰ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ 'ਚ ਇਹ ਡਾਇਲਸਿਸ ਸੈਂਟਰ ਖੋਲ੍ਹਿਆ ਜਾਵੇਗਾ। ਸੋਮਵਾਰ ਨੂੰ ਐੱਨ. ਜੀ. ਓ. ਦੇ ਸੰਸਥਾਪਕ ਦੀਪਕ ਗਰਗ, ਅਸ਼ੋਕ ਮਿੱਤਲ, ਰਾਕੇਸ਼ ਜੈਨ, ਸਤੀਸ਼ ਸੋਨੂੰ ਸਿੰਗਲਾ, ਅਤੇ ਬਾਕਿਆਂ ਨੇ ਐੱਮ. ਓ. ਯੂ. ਚਿੱਠੀ ਸਿਵਲ ਸਰਜਨ ਹਤਿੰਦਰ ਕੌਰ ਨੂੰ ਸੌਂਪੀ। ਇਸ ਮੌਕੇ ਸਿਵਲ ਸਰਜਨ ਨੇ ਐੱਨ. ਜੀ. ਓ. ਵੱਲੋਂ ਕੀਤੇ ਜਾ ਰਹੇ ਇਸ ਕੰਮ ਦੀ ਤਾਰੀਫ ਕੀਤੀ। ਉੱਥੇ ਹੀ ਦੀਪਕ ਗਰਗ ਨੇ ਕਿਹਾ ਕਿ ਇਸ ਸੈਂਟਰ ਨਾਲ ਗਰੀਬ ਵਰਗ ਦੇ ਪੀੜਤ ਮਰੀਜਾਂ ਨੂੰ ਮੁਫਤ ਡਾਇਲਸਿਸ ਦੀ ਸਹੂਲਤ ਨਾਲ ਰਾਹਤ ਮਿਲੇਗੀ। ਇਸ ਸੈਂਟਰ ਦੇ ਸ਼ੁਰੂਆਤ 'ਚ 15 ਡਾਇਲਸਿਸ ਮਸ਼ੀਨਾਂ ਹੋਣਗੀਆਂ ਅਤੇ ਜਲਦੀ ਹੀ 25 ਮਸ਼ੀਨਾਂ ਕਰ ਲਈਆਂ ਜਾਣਗੀਆਂ। ਇੱਥੇ ਕਿਸੇ ਤਰ੍ਹਾਂ ਦਾ ਵੀ ਕੋਈ ਕੈਸ਼ ਕਾਊਂਟਰ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਸੈਂਟਰ ਬਹੁਤ ਹੀ ਆਧੁਨਿਕ ਤਰੀਕੇ ਨਾਲ ਬਣਾਇਆ ਜਾ ਰਿਹਾ ਹੈ।

## ਦਰਿਆ ਬਿਆਸ ਇਕ ਵਾਰ ਫਿਰ ਪੂਰੇ ਉਫਾਨ 'ਤੇ, ਆਰਜੀ ਬੰਨ੍ਹ ਟੁੱਟੇ, ਫਸਲਾਂ 'ਚ ਵੜਿਆ ਪਾਣੀ

ਸੁਲਤਾਨਪੁਰ ਲੋਧੀ 8 ਅਪ੍ਰੈਲ। ਪਹਾੜੀ ਖੇਤਰ 'ਚ ਹੋ ਰਹੀ ਬਾਰਿਸ਼ ਤੇ ਬਦਲ ਫਟਣ ਨਾਲ ਬਿਆਸ ਦਰਿਅ ਇਕ ਵਾਰ ਫਿਰ ਪੂਰੇ ਉਫਾਨ 'ਤੇ ਹੈ। ਦਰਿਆ ਬਿਆਸ 'ਚ ਪਾਣੀ ਦਾ ਪੱਧਰ ਦੋਬਾਰਾ ਵਧਣ ਨਾਲ ਹੁਣ ਮੰਡ ਖੇਤਰ ਅਤੇ ਦਰਿਆ ਦੇ ਨਾਲ



ਲੱਗਦੇ ਪਿੰਡਾਂ ਦੇ ਕਿਸਾਨਾਂ 'ਚ ਬੇਹੱਦ ਖੌਫ ਅਤੇ ਦਹਿਸ਼ਤ ਪਾਈ ਜਾ ਰਹੀ ਹੈ। ਦਰਿਆ ਬਿਆਸ ਦੀ ਮਾਰ ਤੋਂ ਬਚਣ ਲਈ ਨਜਦੀਕ ਲੱਗਦੇ ਪਿੰਡਾਂ ਸੁੱਬਦੁਲਾਪੁਰ, ਪੱਸਣ ਕਦੀਮ, ਸ਼ੇਰਪੁਰ ਡੋਗਰਾ ਆਦਿ 'ਚ ਲੋਕਾਂ ਵੱਲੋਂ ਲਗਾਏ ਆਰਜੀ ਬੰਨ੍ਹ ਟੁੱਟ ਗਏ ਹਨ ਅਤੇ ਪਾਣੀ ਨੇ ਫਸਲਾਂ ਨੂੰ ਘੇਰ ਲਿਆ ਹੈ। ਕਈ ਕਿਸਾਨਾਂ ਦੀ ਮੱਕੀ ਦੀ ਫਸਲ ਹਾਲੇ ਵੀ ਕਟਾਈ ਲਈ ਪਈ ਸੀ ਉਹ ਵੀ ਪਾਣੀ 'ਚ ਡੁੱਬ ਗਈ ਹੈ। ਇਸ ਤੋਂ ਇਲਾਵਾ ਝੋਨੇ ਦੀ ਫਸਲ ਜੋ ਪਹਿਲਾਂ ਪਾਣੀ ਦਾ ਪੱਧਰ ਨੀਵਾਂ ਹੋਣ ਕਰਕੇ ਵਿਖਾਈ ਦੇਣ ਲੱਗ ਪਈ ਸੀ, ਦੋਬਾਰਾ ਪਾਣੀ ਦੀ ਮਾਰ ਹੇਠ ਆ ਗਈ ਹੈ, ਜਿਸ ਨਾਲ ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ ਛਾਈ ਪਈ ਹੈ ਗੌਰਤਲਬ ਹੈ ਕਿ ਸਤਲੁਜ ਦਰਿਆ ਵੱਲੋਂ ਪਾਣੀ ਦੀ ਮਾਰ ਮਾਰਨ ਤੋਂ ਪਹਿਲਾਂ ਦਰਿਆ ਬਿਆਸ 'ਚ ਪਾਣੀ ਦਾ ਪੱਧਰ ਬਹੁਤ ਵਧ ਗਿਆ ਸੀ, ਜਿਸ ਨਾਲ ਸਾਰੀਆਂ ਫਸਲਾਂ ਡੁੱਬਣ ਤੇ ਹਰੀਕੇ ਤੋਂ ਦਰ ਖੋਲ੍ਹਣ ਨਾਲ ਪਾਣੀ ਦਾ ਪੱਧਰ ਕਾਫੀ ਘੱਟ ਹੋਣ 'ਤੇ ਫਸਲਾਂ ਦਾ ਬਚਾਅ ਹੋ ਗਿਆ ਸੀ। ਹੁਣ ਦੁਬਾਰਾ ਬਿਆਸ 'ਚ ਪਾਣੀ ਦਾ ਪੱਧਰ ਵਧਣਾਂ ਕਿਸਾਨ ਇਸ ਨੂੰ ਖਤਰੇ ਦੀ ਘੰਟੀ ਮੰਨ ਰਹੇ ਹਨ। ਇਸ ਲਈ ਬਚਾਅ ਲਈ ਪ੍ਰਸ਼ਾਸਨ ਨੂੰ ਹੁਣ ਤੋਂ ਹੀ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ। ਕਿਸਾਨਾਂ ਮੁਤਾਬਕ ਅੱਜ 3 ਜਗ੍ਹਾ ਤੋਂ ਆਰਜੀ ਬੰਨ੍ਹ ਟੁੱਟਣ ਨਾਲ ਜੋ ਸਥਿਤੀ ਪੈਦਾ ਹੋ ਗਈ ਹੈ, ਜੇ ਉਹ ਇਸ ਤਰ੍ਹਾਂ ਹੀ ਜਾਰੀ ਰਹੀ ਤਾਂ ਮੰਡ ਖੇਤਰ ਅਤੇ ਉਸਦੇ ਆਲੇ ਦੁਆਲੇ ਦਾ ਸਾਰਾ ਖੇਤਰ ਦੁਬਾਰਾ ਪਾਣੀ ਦੀ ਮਾਰ ਹੇਠਾਂ ਆ ਜਾਵੇਗਾ, ਜਿਸ ਨੂੰ ਹੁਣ ਰੋਕਣਾ ਸਰਕਾਰ ਅਤੇ ਪ੍ਰਸ਼ਾਸਨ ਦੇ ਹੱਥ ਹੈ। ਇਸ ਸਬੰਧੀ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਜਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਬਾਊਪੁਰ ਨੇ ਦੱਸਿਆ ਕਿ ਦਰਿਆ ਬਿਆਸ ਦਾ ਖਤਰਾ ਹਰ ਵੇਲੇ ਮੰਡ ਖੇਤਰ ਦੇ ਕਿਸਾਨਾਂ ਨੂੰ ਬਣਿਆ ਰਹਿੰਦਾ ਹੈ। ਸਾਉਣ ਦਾ ਮੌਸਮ ਸ਼ੁਰੂ ਹੋ ਚੁੱਕਿਆ ਹੈ ਅਤੇ ਡੈਮ ਤੋਂ ਦੁਬਾਰਾ ਪਾਣੀ ਛੱਡਣ ਨਾਲ ਕਿਸਾਨਾਂ ਦੇ ਦੁਬਾਰਾ ਸਾਹ ਸੂਤੇ ਗਏ ਹਨ। ਉਨ੍ਹਾਂ ਦੱਸਿਆ ਕਿ ਆਰਜੀ ਬੰਨ੍ਹ ਜੋ ਸਾਡੀਆਂ ਜਮੀਨਾਂ ਨੂੰ ਬਚਾਉਣ ਲਈ ਲਗਾਏ ਗਏ ਸੰਨ, ਉਹ ਦੋਬਾਰਾ ਪਾਣੀ ਦੀ ਮਾਰ ਹੇਠ ਆ ਕੇ ਟੁੱਟ ਗਏ ਹੰਨ। ਕਿਸਾਨ ਸੰਘਰਸ਼ ਕਮੇਟੀ ਨੇ ਕਿਹਾ ਕਿ ਹਾਲੇ ਵੀ ਸਮਾਂ ਹੈ ਸਰਕਾਰ ਸਮੇਂ ਤੋਂ ਪਹਿਲਾਂ ਜਾਗੇ ਅਤੇ ਹਰੀਕੇ ਤੋਂ ਬਰਾਬਰ ਪਾਣੀ ਰਿਲੀਜ ਕਰ ਦੇਵੇ, ਜੇ ਸਰਕਾਰ ਨੇ ਦੇਰੀ ਕੀਤੀ ਤਾਂ ਸੱਤਲੁਜ 'ਚ ਪਾਣੀ ਦੀ ਮਾਰ ਹੇਠ ਆਏ ਪਿੰਡਾਂ ਵਾਂਗ ਇਹ ਖੇਤਰ ਵੀ ਜਬਰਦਸਤ ਹੜ੍ਹ ਦੀ ਮਾਰ ਹੇਠ ਆ ਜਾਵੇਗਾ, ਜਿਸ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੋਵੇਗਾ।'ਜਗ ਬਾਣੀ' ਨਾਲ ਗਲਬਾਤ ਕਰਦੇ ਹੋਏ ਕਿਸਾਨ ਚਰਨਜੀਤ ਸਿੰਘ ਗਿੱਲ, ਹਰਦੀਪ ਸਿੰਘ ਮੈਂਬਰ ਪੰਚਾਇਤ, ਸੀਤਲ ਰਾਮ, ਸਲਵਿੰਦਰ ਸਿੰਘ, ਸੁਰਿੰਦਰ ਸਿੰਘ ਥਿੰਦ, ਹਰਜਿੰਦਰਸਿੰਘ ਬੱਬੂ ਪ੍ਰਧਾਨ, ਮਲਕੀਤ ਸਿੰਘ, ਮਨਪ੍ਰੀਤ ਸਿੰਘ ਨੇ ਦੱਸਿਆ ਕਿ ਬਿਆਸ ਦੱਰਿਆ 'ਚ ਪਾਣੀ ਦਾ ਪੱਧਰ ਵਧਣ ਨਾਲ ਸਾਰੀਆਂ ਫਸਲਾਂ ਡੁੱਬ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇ ਇਹੀ ਹਲਾਤ ਰਹੇ ਤਾਂ ਬਹੁਤ ਨੁਕਸਾਨ ਹੋਵੇਗਾ।

## ਵਰਿੰਦਰ ਸਹਿਵਾਗ ਦੇ ਭਰਾ ਦੀਆਂ ਵਧੀਆਂ ਮੁਸ਼ਕਿਲਾਂ

ਚੰਡੀਗੜ੍ਹ 8 ਅਪ੍ਰੈਲ। ਪੁਲਸ ਨੇ ਕ੍ਰਿਕਟਰ ਵਰਿੰਦਰ ਸਹਿਵਾਗ ਦੇ ਭਰਾ ਅਤੇ ਉਸ ਦੇ ਦੋ ਸਾਥੀਆਂ ਖਿਲਾਫ ਅਦਾਲਤ ਦੇ ਹੁਕਮਾਂ 'ਤੇ ਆਈਪੀਸੀ ਦੀ ਧਾਰਾ 174ਏ ਤਹਿਤ ਕੇਸ ਦਰਜ ਕੀਤਾ ਹੈ। ਮੁਲਜਮਾਂ ਦੀ ਪਛਾਣ ਵਰਿੰਦਰ ਸਹਿਵਾਗ ਦੇ ਭਰਾ ਵਿਨੋਦ ਸਹਿਵਾਗ, ਸੁਧੀਰ ਮਲਹੋਤਰਾ ਅਤੇ ਵਿਸਨੂੰ ਮਿੱਤਲ ਵਜੋਂ ਹੋਈ ਹੈ। ਤਿੰਨੋਂ ਦਿੱਲੀ ਦੇ ਰਹਿਣ ਵਾਲੇ ਹਨ। ਵਰਿੰਦਰ ਸਹਿਵਾਗ ਦੇ ਭਰਾ ਵਿਨੋਦ ਸਹਿਵਾਗ ਆਪਣੇ ਦੋ ਸਾਥੀਆਂ ਸੁਧੀਰ ਮਲਹੋਤਰਾ ਅਤੇ ਵਿਸਨੂੰ ਮਿੱਤਲ ਨਾਲ ਮਿਲ ਕੇ ਜਾਲਤਾ ਫੂਡ ਐਂਡ ਬੇਵਰੇਜ ਨਾਂ ਦੀ ਫੈਕਟਰੀ ਚਲਾਉਂਦੇ ਸਨ। ਇਸ




ਫੈਕਟਰੀ ਲਈ ਉਹ ਬੱਦੀ ਦੀ ਫੈਕਟਰੀ ਨੈਨਾ ਪਲਾਸਟਿਕ ਤੋਂ ਖਾਲੀ ਬੋਤਲਾਂ ਖਰੀਦਦੇ ਸਨ। ਇਹ ਕਾਰਵਾਈ ਇਨ੍ਹਾਂ ਬੋਤਲਾਂ ਦੇ ਬਕਾਇਆ ਪੈਸਿਆਂ ਦੇ ਸਬੰਧ ਵਿੱਚ ਕੀਤੀ ਗਈ ਹੈ। ਸ੍ਰੀ ਨੈਨਾ ਪਲਾਸਟਿਕ ਫੈਕਟਰੀ ਦੇ ਮਾਲਕ ਕ੍ਰਿਸਨ ਮੋਹਨ ਵਾਸੀ ਸੈਕਟਰ 12 ਪੰਚਕੂਲਾ ਨੇ ਮੁਲਜਮਾਂ ਵੱਲੋਂ ਦਿੱਤਾ ਚੈੱਕ ਮਨੀਮਾਜਰਾ ਬੈਂਕ ਵਿੱਚ ਜਮ੍ਹਾਂ ਕਰਵਾਇਆ ਸੀ ਪਰ ਚੈੱਕ ਬਾਊਂਸ ਹੋ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਤਿੰਨਾਂ ਖਿਲਾਫ ਧਾਰਾ 138 ਤਹਿਤ ਜਿਲ੍ਹਾ ਅਦਾਲਤ ਵਿੱਚ ਸਿਕਾਇਤ ਦਰਜ ਕਰਵਾਈ। ਇੱਥੇ ਤਿੰਨੋਂ ਮੁਲਜਮ ਅਦਾਲਤ ਵਿੱਚ ਪੇਸ ਨਹੀਂ ਹੋਏ। ਇਸ ਤੋਂ ਬਾਅਦ ਅਦਾਲਤ ਨੇ ਤਿੰਨਾਂ ਨੂੰ 2022 ਵਿੱਚ ਭਗੌੜਾ ਕਰਾਰ ਦਿੱਤਾ ਸੀ। ਅਦਾਲਤ ਤੋਂ ਭਗੌੜਾ ਐਲਾਨੇ ਜਾਣ ਤੋਂ ਬਾਅਦ ਵੀ ਚੰਡੀਗੜ੍ਹ ਪੁਲਸ ਨੇ ਮੁਲਜਮਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਬਾਅਦ ਪੀੜਤ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸਨ ਦਾਇਰ ਕੀਤੀ ਸੀ। ਪਟੀਸਨ ਵਿੱਚ ਉਨ੍ਹਾਂ ਮੁਲਜਮਾਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਹੁਣ ਤਿੰਨੋਂ ਮੁਲਜਮਾਂ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।


**NAME CHANGE**
I, Vinit Wasson S/o Bal Mukand Wasson R/o 1989/8, Chuna Mandi, Paharganj, New Delhi-110055, have changed my name to Vineet Kumar Wasson all future purposes

**NAME CHANGE**
I, ISHA AJAY AGRAWAL D/O AJAY SHYAMSUNDER AGRAWAL R/O 61-D, MASJID MOTH DDA FLATS PHASE-2, GREATER KAILASH, DELHI-110048 have changed my name to ISHA AGRAWAL.

**NAME CHANGE**
I, SANAL S/O SATISH KUMAR R/O HOUSE ON 5A, BLOCK -B, SULTAN GARDEN MAIN, NANGLOI ROAD, NAJAFGARH, NEW DELHI -110043 HAVE CHANGED MY NAME FROM SANAL TO SANAL KUMAR FOR ALL FUTURE PURPOSE.

**NAME CHANGE**
I, PRATIMA DEVI wife of NO-14648339Y HAV PARMESHWAR MAHTO R/O VPO-RELADIH, TEH-BUNDU, DISTT-RANCHI, JHARKHAND-835204 have changed my name from PRATIMA DEVI to PRATIMA MAHTO for all future purposes vide Affidavit dated 15/12/2022 Before Notary Public, Delhi.

**NAME CHANGE**
I, Tusli W/O Vivek Kumar R/O A-39/2 V P Singh Camp Railway Colony Tughlakabad New Delhi 110044 have changed my name from Tusli to Tisha for all future purpose.

**NAME CHANGE**
I, SANDYA K W/O NO-15348651Y HAV GAURAV CHAUHAN R/O NEAR RAILWAY STATION ROAD, VPO+TEH-CHANDAUSI, DIST-SAMBAL, UTTAR PRADESH-244412, have changed my name from SANDYA K to K SANDHYA for all future purposes vide affidavit dated 15/12/2022 before Notary Public, Delhi.

**NAME CHANGE**
I, Sonam D/O Chattar Singh R/O Satyam Enclave, House No-104,Gali No-02, Chhapraula, Gautam Buddha Nagar, Uttar Pradesh -201009 have changed my name from Sonam to Sonam Singh for all future purpose.

**NAME CHANGE**
I, RADHEY SHYAM S/O SUA lal KHANDELWAL residing at F-1704 RISHI NAGAR KOTLA MUBARAKPUR DELHI-110003 have changed my name to RADHEY SHYAM KHANDELWAL for all future purpose.

**NAME CHANGE**
I, LAEEQ AHMED S/O mumtaz ahmed residing at M-6, 5TH FLR, SUNRISE APPT, SAILING CLUB ROAD, BATLA HOUSE, JAMIA NAGAR, OKHLA, DELHI-110025 changed my name to LAEEQUE AHMAD for all future purposes.

**NAME CHANGE**
I, SIMRAN D/O ASHOK KUMAR residing at H NO-142, 1ST FLOOR, POCKET-12, SECTOR-20, ROHINI, SULTANPURI, C-BLOCK, DELHI-110086 Have changed my name to SIMRAN ANEJA for all future purposes.

**NAME CHANGE**
I, SALAHUDDIN S/O ISLAMUDDIN residing at H NO-1542, FIRST FLOOR, NEAR ASTHA NURSING HOME, PATAUDI HOUSE, DARYA GANJ, DELHI 110002 have changed my name to SALAHUDDIN QURESHI for all future purposes.

**PUBLIC NOTICE**
It is for general information that I Jitender Singh S/o Surta residing at H.N.80, Moti Bagh Village, Delhi-110021 declare that name of mine has been wrongly written as Jitendar Singh in my minor daughter namely Bhumi Bhakar aged 17 years in her 10th Class Certificate. The actual name of mine is Jitender Singh which may be amended accordingly.

**NAME CHANGE**
I, hitherto known as KUMARI CHAMELI DEWANGAN D/O SH. SITARAM DEWANGAN R/O L-40A, PRAJAPITA BRAHMAKUMARIS ISHWARIYA VISHWA VIDYALAYA, GALI NO-7, NEAR V-2, MAHIPALPUR, SOUTH WEST DELHI DELHI-110037 have changed my name and shall hereafter be known as SEEMA DEWANGAN.

**NAME CHANGE**
I, Ramanjit Singh s/o Tarsem Singh R/o N-15, Uday Vihar-3, Nilothi Extn. Chander Vihar, Nilothi, Delhi-110041, have changed my name to Ramanjeet Singh for all future purposes.

**NAME CHANGE**
I, Yelda Omarzadah D/O Abdul Khalil Omarzadah R/O 15/2 bhogal lane Jangpura New Delhi 110014, have changed my name to Riya for all future purposes.

**NAME CHANGE**
I, PATEL PAYAL BEN W/o NO-16019359Y HAV PATEL SHITAL KUMAR KESHAR BHAI R/o VPO-BHANPUR, TEH-IDAR, DISTT-SABARKANTHA, GUJARAT-383410, have changed my name from PATEL PAYAL BEN to PATEL PAYALBEN SHITAL KUMAR for all future purposes vide Affidavit dated 20/09/2022 before Notary Public Abohar, Punjab.

**NAME CHANGE**
I, YATIN AWAAL S/O SH KAMLESH KUMAR AWAAL R/O 10-A/21, GROUND FLOOR, NEAR NANGIA PARK, SHAKTI NAGAR, MALKA GANJ, NORTH DELHI, DELHI-110007 declare that I have changed my name from YATIN AWAL to YATIN AWAAL for all future purpose. That YATIN AWAL and YATIN AWAAL is same and one person.

**NAME CHANGE**
I, Rashida W/o Mohammad Shabbir Residing At House Noroyal Apartment, Plot No-L3, G/F 4565/16, Ansari Road, Darya Ganj, New Delhi-110002. Have Changed My Name From Rashida to Rashida Begum for all future purposes.

**NAME CHANGE**
I, ANUPAMA SHARMA W/O ANKIT KUMAR SHARMA residing at B2B-42, JANAKPURI, DELHI-110058 changed my name to ANUPAMA MISHRA for all future purposes.

**NAME CHANGE**
I, Amarjeet Kaur W/o Tarsem Singh R/o N-15, Uday Vihar-3, Nilothi Extn. Chander Vihar, Nilothi, Delhi-110041, have changed my name to Amarjit Kaur for all future purposes.

**NAME CHANGE**
I, Anis Chawla s/o Ahsanullah Chawla R/o 7848, Nai Basti, Bara Hindu Rao, Near Filistan, Delhi-110006, have changed my name to Mohammad Anis Chawla for all future purposes.

**NAME CHANGE**
I, ASHOK KUMAR AHUJA / ashok ahuja S/O manohar lal residing at H NO-18-A, SHYAM NAGAR, STREET NO-2, SAMUDAI BHAWAN, KRISHNA NAGAR, delhi-110051 have changed my name to ASHOK KUMAR for all future purpose.

**NAME CHANGE**
I, Mohammed Ajmal Khan s/o Hasnain Khan R/o H-19/9A, Batla House, Jamia Nagar, New Delhi-110025, have changed my name to Ajmal Khan for all future purposes.

**PUBLIC NOTICE**
PUBLIC AT LARGE IS HEREBY INFORMED THAT MY CLIENT SH. SONU S/O LATE JAGVIR, R/O. H. NO. 53, AYA NAGAR, NEW DELHI-110047, HAS SEVERED ALL HIS RELATIONS WITH HIS BOTH SON NAMELY VISHAL AND SAHIL AND HAS DISOWNED THEM FOR ALL FUTURE PURPOSES.
(KAPIL KAUSHIK)
ADVOCATE

## ਸੰਪਾਦਕੀ

# ਤਾਇਵਾਨ ਭੂਚਾਲ ਦੇ ਸਬਕ

ਤਾਇਵਾਨ ਵਿੱਚ 3 ਅਪਰੈਲ ਨੂੰ ਆਏ 7.2 ਦੀ ਤੀਬਰਤਾ ਵਾਲੇ ਭੂਚਾਲ ਨਾਲ ਪੂਰਾ ਮੁਲਕ ਹਿੱਲ ਗਿਆ ਹੈ। ਪਿਛਲੇ 25 ਸਾਲਾਂ ਵਿਚ ਰਿਕਟਰ ਪੈਮਾਨੇ ’ਤੇ ਇਹ ਤਾਇਵਾਨ ’ਚ ਆਇਆ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਸੀ। ਇਸ ਭੂਚਾਲ ਨੇ ਪ੍ਰਸ਼ਾਂਤ ਮਹਾਸਾਗਰ ਵਿਚਲੇ ‘ਰਿੰਗ ਆਫ ਫਾਇਰ’ ਨਾਲ ਲੱਗਦੇ ਤਾਇਵਾਨ ਨੂੰ ਦਰਪੇਸ਼ ਖ਼ਤਰਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਇਸ ਦੇ ਬਾਵਜੂਦ ਝਟਕਿਆਂ ਵੱਲੋਂ ਮਚਾਈ ਤਬਾਹੀ ਵਿਚਕਾਰ ਤਾਇਵਾਨ ਦੀ ਪ੍ਰਤੀਕਿਰਿਆ ਦੂਜਿਆਂ ਲਈ ਮਿਸਾਲ ਬਣ ਗਈ ਜਿਸ ਨੇ ਇਹ ਅਹਿਮ ਸੁਨੇਹਾ ਦਿੱਤਾ ਕਿ ਭੂਚਾਲ ਮੌਤਾਂ ਦਾ ਕਾਰਨ ਨਹੀਂ ਬਣਦੇ ਬਲਕਿ ਇਮਾਰਤਾਂ ਬਣਦੀਆਂ ਹਨ। ਦੇਸ਼ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਇਹ ਭੂਚਾਲਾਂ ਦੇ ਪੱਖ ਤੋਂ ਅਤਿ-ਸੰਵੇਦਨਸ਼ੀਲ ਮੰਨਿਆ ਜਾਂਦਾ ਹੈ ਪਰ ਕੁਦਰਤੀ ਤਾਕਤਾਂ ਤੋਂ ਬਚਾਅ ਲਈ ਇਸ ਨੇ ਢੁਕਵੇਂ ਪ੍ਰਬੰਧ ਕੀਤੇ ਹਨ। ਹਾਲਾਂਕਿ ਅਸਲ ਤ੍ਰਾਸਦੀ ਧਰਤੀ ਹਿੱਲਣ ਨਾਲ ਨਹੀਂ ਵਾਪਰਦੀ, ਗ਼ੈਰ-ਵਾਜਿਬ ਢੰਗ ਨਾਲ ਉਸਰੀਆਂ ਇਮਾਰਤਾਂ ਦਾ ਡਿੱਗਣਾ ਤ੍ਰਾਸਦੀ ਦਾ ਕਾਰਨ ਬਣਦਾ ਹੈ। ਜਦੋਂ ਇਮਾਰਤਾਂ ਝਟਕੇ ਸਹਿਣ ’ਚ ਨਾਕਾਮ ਹੋ ਜਾਂਦੀਆਂ ਹਨ, ਉਦੋਂ ਹੀ ਮਨੁੱਖੀ ਜਿ?ਦਗੀ ਦਾ ਵੱਡਾ ਨੁਕਸਾਨ ਹੁੰਦਾ ਹੈ।

ਇਸ ਟਾਪੂ ਮੁਲਕ ਦੇ ਸਖ਼ਤ ਇਮਾਰਤੀ ਜ਼ਾਬਤੇ, ਭੂਚਾਲਾਂ ਸਬੰਧੀ ਮਜ਼ਬੂਤ ਨੈੱਟਵਰਕ, ਫੌਰੀ ਹੰਗਾਮੀ ਪ੍ਰਤੀਕਿਰਿਆ ਤੇ ਭੂਚਾਲਾਂ ਤੋਂ ਸੁਰੱਖਿਆ ਬਾਰੇ ਵਿਆਪਕ ਜਨਤਕ ਜਾਗਰੂਕਤਾ ਮੁਹਿੰਮਾਂ ਲਾਹੇਵੰਦ ਸਾਬਿਤ ਹੋਈਆਂ ਹਨ। ਸਾਲ 1999 ਦਾ ਭੂਚਾਲ ਜਿਸ ਵਿਚ 2500 ਤੋਂ ਵੱਧ ਜਾਨਾਂ ਗਈਆਂ ਸਨ, ਤੋਂ ਬਾਅਦ ਕੀਤੇ ਗਏ ਪ੍ਰਸ਼ਾਸਕੀ ਸੁਧਾਰਾਂ ਨੇ ਭੂਗੋਲਿਕ ਹਲਚਲਾਂ ਦੇ ਮਾਮਲੇ ’ਚ ਮੁਲਕ ਦੀ ਤਿਆਰੀ ਪ੍ਰਤੀ ਵਚਨਬੱਧਤਾ ਨੂੰ ਹੋਰ ਪੱਕਾ ਕੀਤਾ। ਹਾਲੀਆ ਭੂਚਾਲ ਦੀ ਉੱਚੀ ਤੀਬਰਤਾ ਦੇ ਬਾਵਜੂਦ, ਵੱਡੇ ਨੁਕਸਾਨ ਤੋਂ ਬਚਾਅ ਰਿਹਾ ਤੇ ਤੇਇਪੇਈ ਦੇ ਉਭਾਰ ਨੇ ਮਿਸਾਲ ਕਾਇਮ ਕੀਤੀ। ਇਸ ਭੂਚਾਲ ਵਿੱਚ 10 ਮੌਤਾਂ ਹੋਈਆਂ, ਸੈਂਕੜੇ ਫੱਟੜ ਹੋਏ ਤੇ ਇਮਾਰਤਾਂ ਦਾ ਕਾਫ਼ੀ ਨੁਕਸਾਨ ਹੋਇਆ।

ਇਸ ਦੀ ਤੁਲਨਾ ਵਿੱਚ ਭਾਰਤ ਇਮਾਰਤਾਂ ਦੀ ਉਸਾਰੀ ਦੇ ਮਾੜੇ ਪੱਧਰ ਕਾਰਨ ਭੂਚਾਲਾਂ ਦੇ ਭਿਆਨਕ ਸਿੱਟਿਆਂ ਨਾਲ ਜੂਝਦਾ ਰਿਹਾ ਹੈ। ਲਾਤੂਰ (1993, ਕਰੀਬ 10000 ਮੌਤਾਂ) ਅਤੇ ਭੁਜ (2001, 13000 ਤੋਂ ਵੱਧ ਮੌਤਾਂ) ਵਿਚ ਆਏ ਭੂਚਾਲ ਨੇ ਬੁਨਿਆਦੀ ਉਸਾਰੀ ਦੇ ਜੋਖ਼ਮਾਂ ਦੀ ਮਨੁੱਖੀ ਕੀਮਤ ਦਾ ਚੇਤਾ ਕਰਾਇਆ। ਆਫ਼ਤਾਂ ਨਾਲ ਨਜਿੱਠਣ ’ਚ ਬਣੀਆਂ ਚੁਣੌਤੀਆਂ ਦੇ ਮੱਦੇਨਜ਼ਰ ਸੁਧਾਰ ਲਈ ਭਾਰਤ ਨੂੰ ਤਾਇਵਾਨ ਤੋਂ ਬਹੁਤ ਕੁਝ ਸਿੱਖਣ ਲਈ ਮਿਲ ਸਕਦਾ ਹੈ। ਮਹਿਜ਼ ਆਫ਼ਤ ਪ੍ਰਬੰਧਨ ਦੀ ਬਜਾਇ ਇਮਾਰਤਾਂ ਦੀ ਉਸਾਰੀ ਦੇ ਮਾਮਲੇ ਵਿਚ ਭਾਰਤ ਤਾਇਵਾਨ ਤੋਂ ਸਬਕ ਲੈ ਸਕਦਾ ਹੈ ਜੋ ਅਸਰਦਾਰ ਢੰਗ ਨਾਲ ਭੂਚਾਲ ਦੇ ਝਟਕੇ ਸਹਿ ਸਕਣ। ਇਸ ਦੇ ਨਾਲ ਹੀ ਇਹ ਤ੍ਰਾਸਦੀ ਸਿਆਸੀ ਵਖਰੇਵਿਆਂ ਤੋਂ ਉਤਾਂਹ ਉੱਠ ਬਚਾਅ ਦੀਆਂ ਸਾਂਝੀਆਂ ਕੋਸ਼ਿਸ਼ਾਂ ਦੀ ਲੋੜ ਉੱਤੇ ਵੀ ਜ਼ੋਰ ਦਿੰਦੀ ਹੈ। ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਅੱਜ ਕੱਲ੍ਹ ਬਹੁਤ ਸਾਰੇ ਇਲਾਕਿਆਂ, ਖਾਸ ਕਰ ਕੇ ਪਹਾੜੀ ਖੇਤਰਾਂ ਵਿਚ ਕੁਦਰਤ ਨਾਲ ਬਹੁਤ ਵੱਡੇ ਪੱਧਰ ’ਤੇ ਛੇੜਛਾੜ ਕੀਤੀ ਜਾ ਰਹੀ ਹੈ। ਨੇਮਾਂ-ਨਿਯਮਾਂ ਦੀ ਉੱਕਾ ਹੀ ਪ੍ਰਵਾਹ ਨਹੀਂ ਕੀਤੀ ਜਾ ਰਹੀ। ਤਾਇਵਾਨ ਦੀ ਰਣਨੀਤਕ ਸੈਮੀਕੰਡਕਟਰ ਸਨਅਤ ਜੋ ਆਲਮੀ ਸਪਲਾਈ ਲੜੀ ਲਈ ਅਹਿਮ ਹੈ, ਇਸ ਵੇਲੇ ਸੰਭਾਵੀ ਅੜਿੱਕਿਆਂ ਦਾ ਸਾਹਮਣਾ ਕਰ ਰਹੀ ਹੈ ਜਿਸ ਨੇ ਪਹਿਲਾਂ ਤੋਂ ਹੀ ਆਲਮੀ ਟਕਰਾਅ ਦਾ ਕੇਂਦਰ ਬਣੇ ਇਸ ਟਾਪੂ ਮੁਲਕ ਨਾਲ ਸਬੰਧਿਤ ਚਿੰਤਾਵਾਂ ਨੂੰ ਹੋਰ ਵਧਾਇਆ ਹੈ।

# ਕੈਥੋਲਿਕ ਸੰਸਥਾਵਾਂ ਦੀ ਪਹਿਲ

ਦੇਸ਼ ਦੇ ਮੌਜੂਦਾ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਸਿਆਸੀ ਮਾਹੌਲ ਕਰ ਕੇ ਪੈਦਾ ਹੋਈਆਂ ਚੁਣੌਤੀਆਂ ਦੇ ਮੱਦੇਨਜ਼ਰ ਕੈਥੋਲਿਕ ਬਿਸ਼ਪਜ਼ ਕਾਨਫਰੰਸ ਆਫ ਇੰਡੀਆ (ਸੀਬੀਸੀਆਈ) ਨੇ ਆਪਣੇ ਅਧਿਕਾਰ ਖੇਤਰ ਹੇਠ ਆਉਂਦੇ ਸਾਰੇ ਵਿਦਿਅਕ ਅਦਾਰਿਆਂ ਲਈ ਸੇਧਾਂ ਜਾਰੀ ਕੀਤੀਆਂ ਹਨ। ਇਨ੍ਹਾਂ ਵਿਚ ਰੋਜ਼ਾਨਾ ਪ੍ਰਾਰਥਨਾ ਸਭਾ ਵੇਲੇ ਵਿਦਿਆਰਥੀਆਂ ਵੱਲੋਂ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹਨਾ, ਸਾਰੇ ਧਰਮਾਂ ਅਤੇ ਰਵਾਇਤਾਂ ਪ੍ਰਤੀ ਸਤਿਕਾਰ ਦਰਸਾਉਣਾ, ਦੂਜੇ ਧਰਮਾਂ ਨਾਲ ਸਬੰਧਿਤ ਵਿਦਿਆਰਥੀਆਂ ਉੱਪਰ ਇਸਾਈ ਰਵਾਇਤਾਂ ਨਾ ਥੋਪਣਾ ਅਤੇ ਕੈਂਪਸ ਅੰਦਰ ਅੰਤਰ-ਧਰਮ ਪ੍ਰਾਰਥਨਾ ਘਰ ਸਥਾਪਿਤ ਕਰਨਾ ਸ਼ਾਮਿਲ ਹਨ। ਸੀਬੀਸੀਆਈ ਭਾਰਤ ਵਿਚ ਕੈਥੋਲਿਕ ਭਾਈਚਾਰੇ ਦੀ ਫ਼ੈਸਲਾ ਕਰਨ ਵਾਲੀ ਸਿਰਮੌਰ ਸੰਸਥਾ ਹੈ ਜਿਸ ਅਧੀਨ ਕਰੀਬ 14 ਹਜ਼ਾਰ ਸਕੂਲ, 650 ਕਾਲਜ, ਸੱਤ ਯੂਨੀਵਰਸਿਟੀਆਂ, ਪੰਜ ਮੈਡੀਕਲ ਕਾਲਜ ਅਤੇ 450 ਤਕਨੀਕੀ ਤੇ ਵੋਕੇਸ਼ਨਲ ਸੰਸਥਾਵਾਂ ਕੰਮ ਕਰ ਰਹੀਆਂ ਹਨ। ਇਸ ਤਰ੍ਹਾਂ ਦੀ ਕਿਸੇ ਪ੍ਰਭਾਵਸ਼ਾਲੀ ਸੰਸਥਾ ਵੱਲੋਂ ਉਠਾਇਆ ਗਿਆ ਇਹ ਕਦਮ ਵਾਕਈ ਸਲਾਹੁਣਯੋਗ ਹੈ ਜਿਸ ਨਾਲ ਧਾਰਮਿਕ ਅਤੇ ਸੱਭਿਆਚਾਰਕ ਇਕਸੁਰਤਾ ਅਤੇ ਮੇਲ-ਜੋਲ ਦੀ ਭਾਵਨਾ ਵਧਦੀ ਹੈ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਅੰਦਰ ਅਨੇਕਤਾ ਅਤੇ ਵੰਨ-ਸਵੰਨਤਾ ਲਈ ਸਤਿਕਾਰ ਵਧਦਾ ਹੈ।

ਪ੍ਰਸਤਾਵਨਾ ਨੂੰ ਸੰਵਿਧਾਨ ਦੀ ਆਤਮਾ ਤਸਲੀਮ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਇਨਸਾਫ਼, ਸਮਾਨਤਾ, ਆਜ਼ਾਦੀ ਅਤੇ ਭਾਈਚਾਰੇ ਜਿਹੀਆਂ ਮੂਲ ਸੰਵਿਧਾਨਕ ਕਦਰਾਂ-ਕੀਮਤਾਂ ਦਾ ਸਾਰ ਮਿਲਦਾ ਹੈ। ਸਕੂਲ ਦੇ ਮੁੱਖ ਦੁਆਰ ’ਤੇ ਪ੍ਰਸਤਾਵਨਾ ਲਿਖਵਾਉਣਾ ਅਤੇ ਸਵੇਰ ਦੀ ਪ੍ਰਾਰਥਨਾ ਸਭਾ ਦੌਰਾਨ ਇਸ ਦੇ ਪਾਠ ਨਾਲ ਸਮਾਜ ਅੰਦਰ ਸੰਵਿਧਾਨਕ ਕਦਰਾਂ-ਕੀਮਤਾਂ ਦਾ ਪ੍ਰਸਾਰ ਕਰਨ ਵਿਚ ਮਦਦ ਮਿਲੇਗੀ। ਵਿਅਕਤੀ ਦੀ ਗ਼ੈਰਤ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਪੂਰੀ ਅਹਿਮੀਅਤ ਦੇਣ ਨਾਲ ਬੱਚਿਆਂ ਲਈ ਪ੍ਰੌਢ ਅਤੇ ਜਿ?ਮੇਵਾਰ ਨਾਗਰਿਕ ਬਣਨ ਅਤੇ ਧਰਮ ਨਿਰਪੱਖ ਨਜ਼ਰੀਆ ਧਾਰਨ ਕਰਨ ਲਈ ਸਾਜ਼ਗਾਰ ਮਾਹੌਲ ਪੈਦਾ ਹੋਵੇਗਾ। ਦੇਸ਼ ਅੰਦਰ ਅੱਜ ਕੱਲ੍ਹ ਜਿਵੇਂ ਧਰੁਵੀਕਰਨ ਦਾ ਮਾਹੌਲ ਬਣਿਆ ਹੋਇਆ ਹੈ, ਉਸ ਦੇ ਮੱਦੇਨਜ਼ਰ ਇਨ੍ਹਾਂ ਸਰੋਕਾਰਾਂ ਨੂੰ ਉਜਾਗਰ ਕਰਨ ਅਤੇ ਇਸ ਦੇ ਨਾਲ ਹੀ ਹਾਂਦਰੂ ਮਾਹੌਲ ਪੈਦਾ ਕਰਨ ਦੇ ਕਦਮਾਂ ਦੀ ਬਹੁਤ ਲੋੜ ਅਤੇ ਅਹਿਮੀਅਤ ਹੈ। ਕੈਥੋਲਿਕ ਅਦਾਰੇ ਦੇ ਇਸ ਉੱਦਮ ਤੋਂ ਹੋਰਨਾਂ ਧਰਮਾਂ ਨਾਲ ਸਬੰਧਿਤ ਵਿਦਿਅਕ ਅਦਾਰਿਆਂ ਨੂੰ ਪ੍ਰੇਰਨਾ ਲੈ ਕੇ ਆਪੋ-ਆਪਣੇ ਅਦਾਰਿਆਂ ਅੰਦਰ ਇਨ੍ਹਾਂ ਸੰਵਿਧਾਨਕ ਅਤੇ ਸਮਾਜਿਕ-ਸੱਭਿਆਚਾਰਕ ਸਰੋਕਾਰਾਂ ਨੂੰ ਮੁਖ਼ਾਤਿਬ ਹੋਣਾ ਚਾਹੀਦਾ ਹੈ। ਇਸ ਸਬੰਧ ਵਿਚ ਸੁਪਰੀਮ ਕੋਰਟ ਨੇ ਇਸ ਸਾਲ ਜਨਵਰੀ ਮਹੀਨੇ ਰਾਹ ਦਰਸਾਉਂਦਿਆਂ ਇਹ ਰਾਏ ਦਿੱਤੀ ਸੀ ਕਿ ਘੱਟ-ਗਿਣਤੀਆਂ ਵਲੋਂ ਸੰਵਿਧਾਨ ਦੀ ਧਾਰਾ 30 (1) ਅਧੀਨ ਕੋਈ ਸਿੱਖਿਆ ਸੰਸਥਾ ਸਥਾਪਿਤ ਕਰਨ ਦੇ ਹੱਕ ਦਾ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਕਿਸੇ ਭਾਈਚਾਰੇ ਨੂੰ ਸਮਾਜ ਦੇ ਹੋਰਨਾਂ ਭਾਈਚਾਰਿਆਂ ਨਾਲੋਂ ਅਲੱਗ-ਥਲੱਗ ਕਰ ਕੇ ਰੱਖਿਆ ਜਾਵੇ। ਵਿਦਿਅਕ ਅਦਾਰਿਆਂ ਅੰਦਰ ਇਕਸੁਰਤਾ ਦਾ ਮਾਹੌਲ ਪੈਦਾ ਕਰਨ ਦੀਆਂ ਇਹ ਕੋਸ਼ਿਸ਼ਾਂ ਸਵਾਗਤਯੋਗ ਹਨ ਅਤੇ ਸੰਵਿਧਾਨ ਦੇ ਨਿਰਮਾਤਾਵਾਂ ਪ੍ਰਤੀ ਅਕੀਦਤ ਦਾ ਇਜ਼ਹਾਰ ਵੀ ਹਨ ਅਤੇ ਇਨ੍ਹਾਂ ਯਤਨਾਂ ਸਦਕਾ ਹੀ ਭਾਰਤ ਵਿਕਸਤ ਦੁਨੀਆ ਵਿਚ ਆਪਣਾ ਸਨਮਾਨਯੋਗ ਸਥਾਨ ਹਾਸਿਲ ਕਰ ਸਕੇਗਾ।

# ਮੁੱਖ ਮੰਤਰੀ ਨੇ ‘ਆਪ’ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਅਤੇ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਤੋਂ ਲਿਆ ਫੀਡਬੈਕ ਅਤੇ ਰਣਨੀਤੀ ’ਤੇ ਕੀਤੀ ਚਰਚਾ

## ਫਤਹਿਗੜ੍ਹ ਸਾਹਿਬ ਵਿੱਚ ਵੱਡੀ ਜਿੱਤ ਯਕੀਨੀ ਬਣਾਉਣ ਲਈ ‘ਆਪ’ ਸਰਕਾਰ ਵੱਲੋਂ ਲਏ ਗਏ ਲੋਕ-ਪੱਖੀ ਅਤੇ ਪੰਜਾਬ ਪੱਖੀ ਫੈਸਲਿਆਂ ਦਾ ਜ਼ੋਰਦਾਰ ਤਰੀਕੇ ਨਾਲ ਕਰੋ ਪ੍ਰਚਾਰ : ਭਗਵੰਤ ਮਾਨ

**ਮੁਹਾਲੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਪੰਜਾਬ ਵਿੱਚ ਲੋਕ ਸਭਾ ਚੋਣ ਪ੍ਰਚਾਰ ਲਈ ਆਪਣੀ ਅੰਤਿਮ ਰਣਨੀਤੀ ਬਣਾਉਣ ਤੋਂ ਪਹਿਲਾਂ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦੀ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿੱਚ ਚੋਣ ਪ੍ਰਚਾਰ ਦੀ ਕਮਾਨ ਸੰਭਾਲਣ ਤੋਂ ਬਾਅਦ ਪਾਰਟੀ ਦੇ ਹਰ ਆਗੂ ਤੇ ਵਰਕਰ ਨੂੰ ਯਕੀਨ ਹੈ ਕਿ ‘ਆਪ’ 13-0 ਨਾਲ ਕਲੀਨ ਸਵੀਪ ਕਰੇਗੀ ਅਤੇ ਸੂਬੇ ਵਿੱਚ ਕਿਸੇ ਵੀ ਹੋਰ ਸਿਆਸੀ ਪਾਰਟੀ ਦੇ ਲਈ ਕੋਈ ਮੌਕਾ ਨਹੀਂ ਹੈ।

ਵੀਰਵਾਰ ਨੂੰ ਸੀਐਮ ਮਾਨ ਨੇ ਸ੍ਰੀ ਫਤਹਿਗੜ੍ਹ ਸਾਹਿਬ ਲੋਕ ਸਭਾ ਹਲਕੇ ਬਾਰੇ ਫੀਡਬੈਕ ਲੈਣ ਲਈ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਇਸ ਸੀਟ ਦੇ ‘ਆਪ’ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਅਤੇ ਹਲਕਾ ਫਤਹਿਗੜ੍ਹ ਸਾਹਿਬ ਦੇ ‘ਆਪ’ ਦੇ ਸਾਰੇ ਵਿਧਾਇਕ ਸ਼ਾਮਲ ਹੋਏ।



ਇਸ ਮੌਕੇ ਵਿਧਾਇਕ ਬੱਸੀ ਪਠਾਣਾ (ਐਸ.ਸੀ.) ਰੁਪਿੰਦਰ ਸਿੰਘ ਹੈਪੀ, ਵਿਧਾਇਕ ਫ਼ਤਹਿਗੜ੍ਹ ਸਾਹਿਬ ਲਖਬੀਰ ਸਿੰਘ ਰਾਏ, ਵਿਧਾਇਕ ਅਮਲੋਹ ਗੁਰਿੰਦਰ ਸਿੰਘ, ਵਿਧਾਇਕ ਖੰਨਾ ਤਰੁਨਪ੍ਰੀਤ ਸਿੰਘ ਸੌਂਦ, ਵਿਧਾਇਕ ਸਮਰਾਲਾ ਜਗਤਾਰ ਸਿੰਘ, ਵਿਧਾਇਕ ਸਾਹਨੇਵਾਲ ਹਰਦੀਪ ਸਿੰਘ ਮੁੰਡੀਆਂ ਅਤੇ ਵਿਧਾਇਕ ਰਾਏਕੋਟ (ਐਸ.ਸੀ.) ਹਾਕਮ ਸਿੰਘ ਠੇਕੇਦਾਰ ਹਾਜ਼ਰ ਸਨ।

ਮਾਨ ਨੇ ਸਾਰੇ ਵਿਧਾਇਕਾਂ ਤੋਂ ਆਪੋ-ਆਪਣੇ ਵਿਧਾਨ ਸਭਾ ਹਲਕਿਆਂ ਬਾਰੇ ਫੀਡਬੈਕ ਲਈ ਅਤੇ ਫਿਰ ਫਤਹਿਗੜ੍ਹ ਸਾਹਿਬ ਹਲਕੇ ਬਾਰੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਸਾਰੇ ਆਗੂਆਂ ਨਾਲ ਵਿਚਾਰ ਕੀਤਾ। ਪਾਰਟੀ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਫਤਿਹਗੜ੍ਹ ਸਾਹਿਬ ਦੇ ਸਾਰੇ 9 ਵਿਧਾਨ ਸਭਾ ਹਲਕਿਆਂ ਵਿੱਚ ਜਿੱਤ ਹਾਸਲ ਕੀਤੀ ਹੈ ਅਤੇ ਲੋਕ ਸਭਾ ਚੋਣਾਂ ਲਈ ਵੀ ਉਹ ਕਾਫੀ ਮਜ਼ਬੂਤ ਸਥਿਤੀ ਵਿੱਚ ਨਜ਼ਰ ਆ ਰਹੀ ਹੈ।

ਇਸ ਮੀਟਿੰਗ ਵਿੱਚ ਸੀਐਮ ਮਾਨ ਨੇ ਇਸ ਸੀਟ ਲਈ ਫਤਹਿਗੜ੍ਹ ਸਾਹਿਬ ਦੇ ਉਮੀਦਵਾਰ ਅਤੇ ਵਿਧਾਇਕਾਂ ਨਾਲ ਚੋਣ ਰਣਨੀਤੀ ਬਾਰੇ ਚਰਚਾ ਕੀਤੀ। ਮਾਨ ਨੇ ਵਿਧਾਇਕਾਂ ਨੂੰ ਕਿਹਾ ਕਿ ਉਹ ਫਤਹਿਗੜ੍ਹ ਸਾਹਿਬ ਹਲਕੇ ਵਿੱਚ ਪਾਰਟੀ ਦੇ ਸਮੂਹ ਅਹੁਦੇਦਾਰਾਂ ਨਾਲ ਮੀਟਿੰਗਾਂ ਕਰਨ ਦੇ ਨਾਲ ਨਾਲ ਹਰ ਪਿੰਡ ਵਿੱਚ ਵੀ ਮੀਟਿੰਗਾਂ ਕਰਨ। ਉਨਾਂ ਵਿਧਾਇਕਾਂ ਨੂੰ ਹਦਾਇਤ ਕੀਤੀ ਕਿ ਆਪ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਲਏ ਗਏ ਸਾਰੇ ਪੰਜਾਬ ਪੱਖੀ ਅਤੇ ਲੋਕ ਪੱਖੀ ਫੈਸਲਿਆਂ ਦਾ ਜ਼ੋਰਦਾਰ ਪ੍ਰਚਾਰ ਕੀਤਾ ਜਾਵੇ ਅਤੇ ਲੋਕਾਂ ਦੇ ਮੁੱਦਿਆਂ ਬਾਰੇ ਵੀ ਗੱਲ ਕੀਤੀ ਜਾਵੇ ਜੋ ਉਹ ਸੰਸਦ ਵਿੱਚ ਉਠਾਉਣਾ ਚਾਹੁੰਦੇ ਹਨ।

ਮੀਟਿੰਗ ਤੋਂ ਬਾਅਦ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੇ ਕਿਹਾ ਕਿ ਮਾਨ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਬੇਮਿਸਾਲ ਕੰਮ ਕੀਤੇ ਹਨ, ਲੋਕ ਆਮ ਆਦਮੀ ਪਾਰਟੀ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਿੰਚਾਈ ਲਈ ਨਹਿਰੀ ਪਾਣੀ ਮਿਲ ਰਿਹਾ ਹੈ, ਸਾਡੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ ’ਤੇ ਸਰਕਾਰੀ ਨੌਕਰੀਆਂ ਮਿਲ ਰਹੀਆਂ ਹਨ, 90 ਫੀਸਦੀ ਤੋਂ ਵੱਧ ਘਰਾਂ ਨੂੰ ਜ਼ੀਰੋ ਬਿਜਲੀ ਦਾ ਬਿੱਲ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਿਆਰ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਜੋ ਵਾਅਦਾ ਕੀਤਾ ਸੀ, ਉਸ ਨੂੰ ਪੂਰਾ ਕੀਤਾ। ਆਮ ਆਦਮੀ ਪਾਰਟੀ ਦੇ ਲੋਕ ਪੱਖੀ ਫੈਸਲਿਆਂ ਕਾਰਨ ਵੱਧ ਤੋਂ ਵੱਧ ਲੋਕ ਇਸ ਨਾਲ ਜੁੜ ਰਹੇ ਹਨ।

ਜੀਪੀ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਪਾਰਟੀ ਇੱਕ ਵਾਰ ਫਿਰ ਫ਼ਤਹਿਗੜ੍ਹ ਸਾਹਿਬ ਦੇ ਸਾਰੇ ਹਲਕਿਆਂ ਵਿੱਚ ਰਿਕਾਰਡ ਜਿੱਤ ਦਰਜ ਕਰੇਗੀ। ਉਨ੍ਹਾਂ ਕਿਹਾ ਕਿ ਲੋਕ ਦੇਖ ਰਹੇ ਹਨ ਕਿ ਭਾਜਪਾ ਅਤੇ ਮੋਦੀ ਸਾਡੇ ਨੇਤਾਵਾਂ ਨਾਲ ਕੀ ਕਰ ਰਹੇ ਹਨ, ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਨੂੰ ਬਿਨਾਂ ਕਿਸੇ ਸਬੂਤ ਦੇ ਕਿਵੇਂ ਜੇਲ੍ਹ ਵਿੱਚ ਡੱਕ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਦਿੱਲੀ ਦੀਆਂ ਸਾਰੀਆਂ 7 ਸੀਟਾਂ (ਭਾਰਤ ਗਠਜੋੜ ਨਾਲ) ਅਤੇ ਪੰਜਾਬ ਦੀਆਂ ਸਾਰੀਆਂ 13 ਸੀਟਾਂ ਜਿੱਤੇਗੀ। ਕਾਂਗਰਸ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦਾ ਮੁਕਾਬਲਾ ਵੀ ਨਹੀਂ ਹੈ, ਪੰਜਾਬ ਕਾਂਗਰਸ ਵਿੱਚ ਬਹੁਤ ਸਾਰੇ ਅੰਦਰੂਨੀ ਮੁੱਦੇ ਅਤੇ ਲੜਾਈਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਕਜੁੱਟ ਹੈ ਅਤੇ ਉਹ ਕਿਸੇ ਨੂੰ ਹਰਾਉਣ ਲਈ ਨਹੀਂ ਸਗੋਂ ਆਮ ਲੋਕਾਂ ਲਈ ਜਿੱਤਣ ਲਈ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ‘ਆਪ’ ਦਾ ਏਜੰਡਾ ਲੋਕਾਂ ਲਈ ਕੰਮ ਕਰਨਾ ਹੈ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਸਰਕਾਰ ਸਾਬਤ ਕਰਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਚੋਣ ਪ੍ਰਚਾਰ ਰਣਨੀਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਮੁੱਖ ਮੰਤਰੀ ਮਾਨ ਫਤਹਿਗੜ੍ਹ ਸਾਹਿਬ ਦੇ ਹਰੇਕ ਹਲਕੇ ਵਿੱਚ 3-4 ਦਿਨ ਦਾ ਸਮਾਂ ਦੇਣਗੇ ਜਿੱਥੇ ਉਹ ਮੀਟਿੰਗਾਂ, ਰੋਡ ਸ਼ੋਅ ਅਤੇ ਰੈਲੀਆਂ ਕਰਨਗੇ।

# ਧਾਗਾ ਫੈਕਟਰੀ ਵਿੱਚ ਅੱਗ ਲੱਗੀ; ਲੱਖਾਂ ਰੁਪਏ ਦਾ ਨੁਕਸਾਨ

**ਸਮਾਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ-ਪਟਿਆਲਾ ਸੜਕ ’ਤੇ ਸਥਿਤ ਕਾਮਧੇਨੂ ਧਾਗਾ ਮਿੱਲ ਦੇ ਰੂੰ ਗੁਦਾਮ ਵਿੱਚ ਵੀਰਵਾਰ ਸਵੇਰੇ ਅੱਗ ਲੱਗ ਗਈ ਜਿਸ ਨਾਲ ਗੁਦਾਮ ਅੰਦਰ ਪਈ ਲੱਖਾਂ ਰੁਪਏ ਮੁੱਲ ਦੀ ਰੂੰ ਸੜ ਕੇ ਸੁਆਹ ਹੋ ਗਈ। ਫਾਇਰ ਬ੍ਰਿਗੇਡ ਦਸਤੇ ਨੇ ਮੌਕੇ ’ਤੇ ਪਹੁੰਚ ਕੇ ਬੜੀ ਜਦੋ-ਜਹਿਦ ਨਾਲ ਅੱਗ ’ਤੇ ਕਾਬੂ ਪਾਇਆ।

ਫੈਕਟਰੀ ਮਾਲਕ ਸੰਜੀਵ ਕੁਮਾਰ ਨੇ ਦੱਸਿਆ ਕਿ ਕਰੀਬ 11 ਵਜੇ ਮਿੱਲ ਦੇ ਰੂੰ ਗੁਦਾਮ ਵਿੱਚ ਅੱਗ ਲੱਗੀ ਦੇਖ ਫੈਕਟਰੀ ਵਿੱਚ ਕੰਮ ਕਰਦੇ ਮਜ਼ਦੂਰਾਂ ਨੇ ਬੁਝਾਉਣ ਦੀ ਕੋਸ਼ਿਸ਼ ਕੀਤੀ। ਸੂਚਨਾ ਦਿੱਤੇ ਜਾਣ ’ਤੇ ਦੋ ਗੱਡੀਆਂ ਸਣੇ ਪਹੁੰਚੇ ਫਾਇਰ ਬ੍ਰਿਗੇਡ ਦਸਤੇ ਨੇ ਕਈ ਘੰਟਿਆਂ ਦੀ ਜਦੋ-ਜਹਿਦ ਮਗਰੋਂ ਅੱਗ ’ਤੇ ਕਾਬੂ ਪਾਇਆ ਪਰ ਉਸ ਵੇਲੇ ਤੱਕ ਕਾਫੀ ਨੁਕਸਾਨ ਹੋ ਚੁੱਕਿਆ ਸੀ। ਉਨ੍ਹਾਂ ਦੱਸਿਆ ਕਿ ਅੱਗ ਨਾਲ ਗੁਦਾਮ ਦੇ ਸ਼ੈੱਡ ਅਤੇ ਦੀਵਾਰਾਂ ਨੂੰ ਵੀ ਭਾਰੀ ਨੁਕਸਾਨ ਹੋਇਆ। ਅੱਗ ਲੱਗਣ ਦੇ ਕਾਰਨ ਦਾ ਅਜੇ ਪਤਾ ਨਹੀਂ ਚੱਲ ਸਕਿਆ।



# ਅਗਰਵਾਲ ਸਭਾ ਵੱਲੋਂ ਅਗਰਵਾਲ ਪਰਿਵਾਰ ਦੇ ਲੋੜਵੰਦ ਬੱਚੇ ਨੂੰ ਸਾਈਕਲ ਭੇਟ

**ਸੁਨਾਮ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਸਭਾ ਵਲੋਂ ਅਗਰਵਾਲ ਪਰਿਵਾਰ ਦੇ ਲੋੜਵੰਦ ਬੱਚੇ ਨੂੰ ਸਾਈਕਲ ਭੇਟ ਕੀਤਾ ਗਿਆ। ਇਸ ਮੌਕੇ ਸਭਾ ਦੇ ਅਹੁਦੇਦਾਰ ਨੇ ਦੱਸਿਆ ਕੀ ਇਹ ਸਾਈਕਲ ਅਗਰਵਾਲ ਸਮਾਜ ਦੇ ਦਾਨ ਵਜੋਂ ਦਿੱਤਾ ਗਿਆ ਹੈ। ਸਭਾ ਨੇ ਇਹ ਸਾਈਕਲ ਇੱਕ ਅਜਿਹੇ ਲੋੜਵੰਦ ਬੱਚੇ ਨੂੰ ਦਿੱਤਾ ਹੈ। ਜੋ ਆਪਣੀ ਪੜਾਈ ਲਈ ਪੈਦਲ ਸਕੂਲ ਜਾਦਾਂ ਹੈ। ਸੋ ਬੱਚੇ ਨੂੰ ਸਾਈਕਲ ਮਿਲਣ ਦੀ ਬਹੁਤ ਹੋਈ।ਅਤੇ ਬੱਚੇ ਦਾ ਸਮਾਂ ਬਚੇਗਾ ਅਤੇ ਹੋਰ ਪੜਾਈ ਲਈ ਮਿਹਨਤ ਤੇ ਲਗਨ ਨਾਲ ਪੜਾਈ ਕਰ ਸਕਣਗੇ। ਇਸ ਮੌਕੇ ਤੇ ਮਨਪ੍ਰੀਤ ਬਾਂਸ਼ਲ ਚੇਅਰਮੈਨ ਅਗਰਵਾਲ ਸਭਾ ਅਤੇ ਸਕੱਤਰ ਕਿ?ਸ਼ਨ ਸੰਦੋਹਾ, ਅਗਰਵਾਲ ਵੇਦ ਪ੍ਰਕਾਸ਼ ਹੋਡਲਾ, ਹਰੀ ਦੇਵ ਗੋਇਲ, ਰਾਮਾ ਆਲਮਪੁਰ,ਰਾਜੀਵ ਬੰਦਲੀਸ , ਨਰੇਸ਼ ਬੋਰੀਆਂ, ਪਵਨ ਸ਼ਕਟਰੀ ਅਜੈ ਮਸਤਾਨੀ, ਲਾਜਪਤ ਰਾਏ, ਐਡਵੋਕੇਟ ਸ਼ਾਮ ਲਾਲ ਆਦਿ ਹਾਜ਼ਰ ਸਨ।



# ਜਿਸ ਨੇ ਵੀ ਪ੍ਰਮਾਤਮਾ ਦੇ ਭੇਤ ਦੀ ਪੁਸ਼ਟੀ ਕੀਤੀ ਹੈ, ਉਸ ਦੇ ਜੀਵਨ ਵਿੱਚ ਪਹਿਲੇ ਪੂਰਨ ਗੁਰੂ ਆ ਗਏ ਹਨ: ਸੌਮਿਆ ਭਾਰਤੀ

**ਜਲਾਲਾਬਾਦ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੀ ਤਰਫੋਂ ਜਲਾਲਾਬਾਦ ਦੇ ਸ਼੍ਰੀ ਹਰਕਿਸ਼ਨ ਗਾਰਡਨ ਵਿਖੇ ਚੱਲ ਰਹੀ ਸੱਤ ਰੋਜ਼ਾ ਸ਼੍ਰੀ ਰਾਮ ਕਥਾ ਦੇ ਚੌਥੇ ਦਿਨ ਦਾ ਆਗਾਜ਼ ਅੱਜ ਪ੍ਰਭੂ ਦੀ ਪੂਜਾ ਅਰਚਨਾ ਨਾਲ ਕੀਤਾ ਗਿਆ।ਅੱਜ ਦੇ ਮੁੱਖ ਮੇਜ਼ਬਾਨ ਪ੍ਰੇਮ ਵਿਲੇਚਾ (ਸੂਬਾ ਮੀਤ ਪ੍ਰਧਾਨ, ਅਕਾਲੀ ਦਲ ਪੰਜਾਬ), ਤਰਸੇਮ ਵਿਖੋਨਾ (ਸੇਵਾਮੁਕਤ ਐਸ.ਡੀ.ਓ.), ਹੰਸਰਾਜ ਜੋਸਨ (ਸਾਬਕਾ ਮੰਤਰੀ ਪੰਜਾਬ ਸਰਕਾਰ), ਰਾਜ ਬਖਸ਼ ਕੰਬੋਜ (ਚੇਅਰਮੈਨ ਓਬੀਸੀ ਸੈੱਲ ਪੰਜਾਬ ਕਾਂਗਰਸ), ਗੋਲਡੀ ਸਾਮਾ (ਵਾਈਸ ਚੇਅਰਮੈਨ ਓਬੀਸੀ ਸੈੱਲ ਪੰਜਾਬ ਕਾਂਗਰਸ), ਹਾਕਮ ਜੋਸਨ ਬੰਟੀ ਵਾਟਸ (ਪ੍ਰਧਾਨ ਕਰਿਆਨਾ ਯੂਨੀਅਨ ਜਲਾਲਾਬਾਦ), ਅਸ਼ੀਸ਼ ਡੂਮਰਾ, ਵਿਜੇ ਛਾਬੜਾ, ਡਾ. ਰਮਨ ਹਾਂਡਾ, ਗੌਰਵ ਹਾਂਡਾ ਅਤੇ ਇਨਰ ਵ੍ਹੀਲ ਕਲੱਬ ਜਲਾਲਾਬਾਦ ਦੀਆਂ ਭੈਣਾਂ ਵੱਲੋਂ ਜੋਤੀ ਜਗਾਈ ਗਈ। ਸ਼੍ਰੀ ਆਸ਼ੂਤੋਸ਼ ਜੀ ਮਹਾਰਾਜ ਦੀ ਚੇਲੀ ਸਾਧਵੀ ਸ਼੍ਰੀਮਤੀ ਸੌਮਿਆ ਭਾਰਤੀ ਜੀ ਨੇ ਰਾਮ ਵਿਆਹ ਪ੍ਰਸੰਗ ਪੜ੍ਹਿਆ। ਉਨ੍ਹਾਂ ਕਿਹਾ ਕਿ ਮਨੁੱਖੀ ਜੀਵਨ ਰਾਮ ਅਤੇ ਸੀਤਾ ਦੇ ਮਿਲਾਪ ਦਾ ਦੁਰਲੱਭ ਮੌਕਾ ਹੈ। ਰਾਮ ਦਾ ਅਰਥ ਹੈ ਭਗਵਾਨ ਅਤੇ ਸੀਤਾ ਦਾ ਅਰਥ ਹੈ ਆਤਮਾ। ਪਰ ਅੱਜ ਦਾ ਮਨੁੱਖ ਆਪਣੇ ਅਸਲ ਟੀਚੇ ਤੋਂ ਅਣਜਾਣ ਹੈ। ਚਿੰਤਨਸ਼ੀਲ ਜੀਵ ਹੋਣ ਦੇ ਬਾਵਜੂਦ ਵੀ ਉਹ ਉਸ ਤੱਤ ਬਾਰੇ ਨਹੀਂ ਸੋਚਦਾ ਜਿਸ ਦਾ ਸਿਮਰਨ ਕਰਨ ਨਾਲ ਉਹ ਜੀਵਨ ਦਾ ਟੀਚਾ ਪ੍ਰਾਪਤ ਕਰ ਸਕਦਾ ਹੈ। ਜਿਸ ਮਨੁੱਖ ਨੂੰ ਸਾਰੇ ਸੰਸਾਰ ਦਾ ਗਿਆਨ ਹੈ, ਉਹ ਇਸ ਭੇਤ ਤੋਂ ਅਣਜਾਣ ਹੈ। ਇਸੇ ਲਈ ਅੱਜ ਮਨੁੱਖ ਆਪਣੇ ਅੰਦਰ ਬੈਠੇ ਪਰਮਾਤਮਾ ਨੂੰ ਨਾ ਜਾਣ ਕੇ ਦੁਖੀ ਅਤੇ ਬੇਚੈਨ ਹੈ। ਪਰ ਉਹ ਇਸ ਨੂੰ ਨਹੀਂ ਜਾਣ ਸਕਦਾ ਜਦੋਂ ਤੱਕ ਗੁਰੂ ਉਸ ਦੇ ਜੀਵਨ ਵਿੱਚ ਨਹੀਂ ਆਉਂਦਾ। ਕਿਉਂਕਿ ਇਹ ਬ੍ਰਹਿਮੰਡ ਦਾ ਅਟੱਲ ਨਿਯਮ ਹੈ ਕਿ ਜਿਸ ਨੂੰ ਵੀ ਪ੍ਰਮਾਤਮਾ ਦੇ ਭੇਤ ਦੀ ਪੁਸ਼ਟੀ ਹੋ ਜਾਂਦੀ ਹੈ, ਉਸ ਦੇ ਜੀਵਨ ਵਿੱਚ ਪਹਿਲੇ ਪੂਰਨ ਗੁਰੂ ਦਾ ਆਗਮਨ ਹੁੰਦਾ ਹੈ।ਗੁਰੂ ਦੀ ਪਛਾਣ ਬਾਰੇ ਦੱਸਦਿਆਂ ਸਾਧਵੀ ਜੀ ਨੇ ਕਿਹਾ ਕਿ ਗੁਰੂ ਸ਼ਬਦ ਦੋ ਸ਼ਬਦਾਂ ਤੋਂ ਬਣਿਆ ਹੈ। ਗੁ ਅਤੇ ਰੁ ਤੋਂ ਗੁ ਦਾ ਅਰਥ ਹੈ ਹਨੇਰਾ ਅਤੇ ਰੁ ਦਾ ਅਰਥ ਹੈ ਰੋਸ਼ਨੀ। ਜੋ ਮਨੁੱਖ ਦੇ ਹਿਰਦੇ ਵਿੱਚ ਮੌਜੂਦ ਪ੍ਰਮਾਤਮਾ ਨਾਲ ਸਬੰਧਤ ਹਨੇਰੇ ਅਤੇ ਸੰਦੇਹ ਨੂੰ ਪ੍ਰਕਾਸ਼ ਅਤੇ ਆਤਮ-ਗਿਆਨ ਦੁਆਰਾ ਦੂਰ ਕਰ ਸਕਦਾ ਹੈ, ਉਹ ਪੂਰਨ ਅਤੇ ਬ੍ਰਾਹਮਨਿਸ਼ਠ ਗੁਰੂ ਹੈ। ਪਰ ਅੱਜ ਅਜਿਹੇ ਗੁਰੂ ਦੀ ਸੰਗਤ ਨਾ ਹੋਣ ਕਰਕੇ ਮਨੁੱਖ ਦੀ ਜ਼ਮੀਰ ਅੰਦਰ ਹਨੇਰਾ ਭਰਿਆ ਹੋਇਆ ਹੈ। ਜਿਵੇਂ ਬਾਹਰ ਹਨੇਰਾ ਹੋਣ ’ਤੇ ਅਸੀਂ ਆਪਣਾ ਰਸਤਾ ਗੁਆ ਬੈਠਦੇ ਹਾਂ, ਉਸੇ ਤਰ੍ਹਾਂ ਅੱਜ ਪਰਿਵਾਰ, ਸਮਾਜ, ਦੇਸ਼ ਅਤੇ ਕੌਮ ਦੀ ਸਥਿਤੀ ਹੈ। ਚਾਰੇ ਪਾਸੇ ਬੇਅਦਬੀ, ਰੌਲਾ-ਰੱਪਾ, ਖੂਨ-ਖਰਾਬਾ ਅਤੇ ਸੱਭਿਆਚਾਰ ਦੀ ਘਾਟ ਦਿਖਾਈ ਦਿੰਦੀ ਹੈ। ਸਮਾਜ ਵਿੱਚ ਭਰਾ ਦੇ ਦੁਸ਼ਮਣ ਤੇ ਪੁੱਤਰ ਕੁਝ ਰੁਪਈਆਂ ਦੀ ਖ਼ਾਤਰ ਪਿਤਾ ਦਾ ਕਤਲ ਕਰਦੇ ਨਜ਼ਰ ਆਉਂਦੇ ਹਨ। ਪਰ ਸਵਾਲ ਇਹ ਹੈ ਕਿ ਅਜਿਹੀਆਂ ਸਥਿਤੀਆਂ ਨੂੰ ਕਿਵੇਂ ਸੁਧਾਰਿਆ ਜਾਵੇ। ਤਾਂ ਇਸ ਦਾ ਜਵਾਬ ਇਹ ਹੈ ਕਿ ਜਿਸ ਤਰ੍ਹਾਂ ਬ੍ਰਾਹਮਣਵਾਦੀ ਗੁਰੂ ਦੇ ਗਿਆਨ ਰਾਹੀਂ ਦਰਬਾਰੀ, ਵੇਸਵਾ, ਲੁਟੇਰੇ, ਸਾਧ, ਪਾਪੀ ਬਣ ਕੇ ਭਗਤਾਂ ਦੀ ਸ਼੍ਰੇਣੀ ਵਿੱਚ ਆ ਗਏ, ਉਸੇ ਤਰ੍ਹਾਂ ਅੱਜ ਵਿਅਕਤੀ ਅਤੇ ਸਮਾਜ ਨੂੰ ਵੀ ਅਜਿਹੇ ਗੁਰੂ ਦੀ ਲੋੜ ਹੈ। ਉਹੀ ਗੁਰੂ ਬ੍ਰਾਹਮਣ ਦੇ ਗਿਆਨ ਦੁਆਰਾ ਮਨੁੱਖਾਂ ਵਿੱਚ ਸ਼ਾਂਤੀ ਸਥਾਪਿਤ ਕਰਕੇ ਸਮਾਜ ਅਤੇ ਫਿਰ ਦੇਸ਼ ਅਤੇ ਸੰਸਾਰ ਨੂੰ ਸ਼ਾਂਤ ਕਰ ਸਕਦਾ ਹੈ। ਤਾਂ ਹੀ ਸਮਾਜ ਵਿੱਚ ਮਹਾਨ ਕ੍ਰਾਂਤੀ ਆ ਸਕਦੀ ਹੈ।ਹਾਜ਼ਰ ਸੰਗਤਾਂ ਨੇ ਕਥਾ ਦੇ ਭਜਨ ਸੁਣਾ ਕੇ ਆਨੰਦ ਮਾਣਿਆ।

ਪ੍ਰਭੂ ਦੀ ਆਰਤੀ ਨਾਲ ਕਥਾ ਦੀ ਸਮਾਪਤੀ ਹੋਈ।ਆਰਤੀ ਵਿੱਚ ਡਾ: ਸ਼ਿਵ ਛਾਬੜਾ, ਦੀਪਕ ਗੁੰਬਰ, ਵਿਪਨ ਵਾਟਸ, ਪਰਵੇਸ਼ ਖੰਨਾ (ਭਾਰਤ ਵਿਕਾਸ ਪ੍ਰੀਸ਼ਦ), ਕੇਵਲ ਕ੍ਰਿਸ਼ਨ ਨਾਰੰਗ, ਪ੍ਰਹਿਲਾਦ ਕੰਬੋਜ, ਜਨਕਰਾਜ ਗਿਰਧਰ, ਰਿਸ਼ੂ ਨਾਰੰਗ ਨੇ ਸ਼ਮੂਲੀਅਤ ਕੀਤੀ।



# ਭਾਰਤ ਦੇ ਚੋਣ ਕਮਿਸ਼ਨ ਨੇ ਸਾਰੇ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਦੇ ਮੁੱਖ ਸਕੱਤਰਾਂ ਅਤੇ ਪੁਲਿਸ ਮਹਾਨਿਦੇਸ਼ਕਾਂ ਅਤੇ ਕੇਂਦਰੀ ਏਜੰਸੀਆਂ ਦੇ ਪ੍ਰਮੁੱਖਾਂ ਨੂੰ ਸ਼ਾਂਤੀਪੂਰਨ ਅਤੇ ਲਾਲਚ ਮੁਕਤ ਆਮ ਚੋਣ ਯਕੀਨੀ ਕਰਵਾਉਣ ਦੇ ਦਿੱਤੇ ਨਿਰਦੇਸ਼

## ਨਜਾਇਜ਼ ਸ਼ਰਾਬ, ਨਗਦੀ, ਡਰੱਗ, ਹਥਿਆਰ ਅਤੇ ਮੁਫਤ ਸਮਾਨ ਦੀ ਆਮਦਨ ਨੂੰ ਰੋਕਨ ਲਈ ਇੰਟਰ ਸਟੇਟ ਅਤੇ ਕੌਮਾਂਤਰੀ ਬੋਡਰਾਂ ’ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ ਨੇ ਕੱਲ ਸਾਰੇ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਦੇ ਮੁੱਖ ਸਕੱਤਰਾਂ ਅਤੇ ਪੁਲਿਸ ਮਹਾਨਿਦੇਸ਼ਕਾਂ ਦੇ ਨਾਲ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਮਹਤੱਵਪੂਰਨ ਮੀਟਿੰਗ ਕੀਤੀ ਜਿਸ ਵਿਚ ਕਮਿਸ਼ਨ ਨੇ ਲੋਕਸਭਾ ਅਤੇ ਸੂਬਾ ਵਿਧਾਨਸਭਾਵਾਂ ਦੇ ਆਮ ਚੋਣ 2024 ਸੁਤੰਤਰ, ਨਿਰਪੱਖ, ਸ਼ਾਂਤੀਪੂਰਨ ਅਤੇ ਲਾਲਚ ਮੁਕਤ ਚੋਣ ਲਈ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਅਵੈਧ ਗਤੀਵਿਧੀਆਂ ਦੀ ਰੋਕਥਾਮ, ਰਬਤੀ ਅਤੇ ਇੰਟਰ-ਸਟੇਟ ਅਤੇ ਕੌਮਾਂਤਰੀ ਬੋਡਰਾਂ ’ਤੇ ਸਖਤ ਨਿਗਰਾਨੀ ਦੀ ਸਮੀਖਿਆ ਅਤੇ ਮੁਲਾਂਕਨ ਕੀਤਾ ਗਿਆ।

ਆਯੋਗ ਅਨੁਸਾਰ ਸੰਯੁਕਤ ਸਮੀਖਿਆ ਦਾ ਉਦੇਸ਼ ਗੁਆਂਢੀ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਦੇ ਅਧਿਕਾਰੀਆਂ ਅਤੇ ਸੀਮਾਵਾਂ ਦੀ ਸੁਰੱਖਿਆ ਕਰਨ ਵਾਲੀ ਕੇਂਦਰੀ ਏਜੰਸੀਆਂ ਦੇ ਵਿਚ ਬਿਨ੍ਹਾਂ ਰੁਕਾਵਟ ਤਾਲਮੇਲ ਅਤੇ ਸਹਿਯੋਗ ਦੇ ਲਈ ਸਾਰੇ ਸਬੰਧਿਤ ਹਿੱਤਧਾਰਕਾਂ ਨੂੰ ਇਕ ਹੀ ਮੰਚ ’ਤੇ ਜਾਣਾ ਸੀ। ਕਮਿਸ਼ਨ ਨੇ ਹਰੇਕ ਸੂਬੇ/ਕੇਂਦਰ ਸ਼ਾਸਿਤ ਸੂਬੇ ਨਾਲ ਸਬੰਧਿਤ ਮਹਤੱਵਪੂਰਨ ਮੁਦਿਆਂ ਦੀ ਵਿਸਤਾਰ ਨਾਲ ਸਮੀਖਿਆ ਕੀਤੀ।

ਮੁੱਖ ਚੋਣ ਕਮਿਸ਼ਨਰ ਸ੍ਰੀ ਰਾਜੀਵ ਕੁਮਾਰ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿਚ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਡਾ. ਸੁਖਬੀਰ ਸਿੰਘ ਸੰਧੂ ਦੇ ਨਾਲ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਅਤੇ ਬੋਡਰਾਂ ਦੀ ਸੁਰੱਖਿਆ ਕਰਨ ਵਾਲੀ ਕੇਂਦਰੀ ਏਜੰਸੀਆਂ ਦੇ ਮੋਹਰੀ ਅਧਿਕਾਰੀਆਂ ਨੇ ਹਿੱਸਾ ਲਿਆ।

ਮੁੱਖ ਚੋਣ ਕਮਿਸ਼ਨਰ, ਸ੍ਰੀ ਰਾਜੀਵ ਕੁਮਾਰ ਨੇ ਕਿਹਾ ਕਿ ਸੁਤੰਤਰ, ਨਿਰਪੱਖ, ਸ਼ਾਂਤੀਪੂਰਨ ਅਤੇ ਲੋਭ-ਲਾਲਚ ਮੁਕਤ ਚੋਣ ਯਕੀਨੀ ਕਰਵਾਉਣਾ ਕਮਿਸ਼ਨ ਦੀ ਪ੍ਰਤੀਬੱਧਤਾ ਹੈ। ਉਨ੍ਹਾਂ ਨੇ ਇਸ ਦੇ ਲਈ ਸਾਰੇ ਹਿੱਤਧਾਰਕਾਂ ਨਾਲ ਚੋਣਾਵੀ ਪ੍ਰਕ੍ਰਿਆ ਦੀ ਅਖੰਡਤਾ ਨੂੰ ਬਣਾਏ ਰੱਖਣ ਅਤੇ ਸਮਾਨ ਮੌਕਾ ਯਕੀਨੀ ਕਰਨ ਲਈ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਨੂੰ ਇਹ ਯਕੀਨੀ ਕਰਨ ਦਾ ਨਿਰਦੇਸ਼ ਦਿੱਤਾ ਕਿ ਹਰੇਕ ਵੋਟਰ ਬਿਨ੍ਹਾਂ ਕਿਸੇ ਡਰ ਜਾਂ ਧਮਕੀ ਦੇ ਆਪਣੇ ਵੋਟ ਅਧਿਕਾਰ ਦੀ ਵਰਤੋ ਕਰ ਸਕਣ।

ਮੀਟਿੰਗ ਦੌਰਾਨ ਜਿਨ੍ਹਾਂ ਪ੍ਰਮੁੱਖ ਮੁਦਿਆਂ ’ਤੇ ਚਰਚਾ ਕੀਤੀ ਗਈ, ਉਨ੍ਹਾਂ ਵਿਚ ਗੁਆਂਢੀ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਦੇ ਵਿਚ ਬਿਹਤਰ ਤਾਲਮੇਲ ਦੀ ਜਰੂਰਤ, ਸਾਰੇ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਵਿਚ ਕਾਫੀ ਸੀਏਪੀਐਫ ਦੀ ਤੈਨਾਤੀ: ਚੋਣ ਵਾਲੇ ਸੂਬੇ/ਕੇਂਦਰ ਸ਼ਾਸਿਤ ਸੂਬੇ ਦੀ ਸੀਮਾ ’ਤੇ ਸੀਏਪੀਐਫ ਕਰਮਚਾਰੀਆਂ ਦੀ ਆਵਾਜਾਈ ਅਤੇ ਟ੍ਰਾਂਸਪੋਰਟ ਦੇ ਲਈ ਰਸਦ ਸਹਾਇਤਾ, ਬੋਡਰ ਖੇਤਰਾਂ ਵਿਚ ਉਨ੍ਹਾਂ ਵਿਵਾਦਿਤ ਮੁੱਦੇ ਤੇ ਬਿੰਦੂਆਂ ਦੀ ਪਹਿਚਾਣ ਅਤੇ ਨਿਗਰਾਨੀ, ਜਿਨ੍ਹਾਂ ਦਾ ਚੋਣ ਪ੍ਰਕ੍ਰਿਆ ’ਤੇ ਪ੍ਰਭਾਵ ਪੈ ਸਕਦਾ ਹੈ। ਪਿਛਲੇ ਤਜਰਬਿਆਂ ਦੇ ਆਧਾਰ ’ਤੇ ਸੰਪ੍ਰਦਾਇਕ ਤਨਾਅ ਨੂੰ ਦੂਰ ਕਰਨ ਲਈ ਨਿਵਾਰਕ ਉਪਾਅ ਅਤੇ ਅਵੈਧ ਗਤੀਵਿਧੀਆਂ ਦੇ ਖਿਲਾਫ ਖੁੱਲੇ ਬੋਡਰਾਂ ਦੀ ਸੁਰੱਖਿਆ ਦੀ ਜਰੂਰਤ ਸ਼ਾਮਿਲ ਹੈ। ਕਮਿਸ਼ਨ ਨੇ ਕੌਮਾਂਤਰੀ ਬੋਡਰਾਂ ਤੋਂ ਪਾਰ ਨਸ਼ੀਲੇ ਪਦਾਰਥ, ਸ਼ਰਾਬ ਹਥਿਆਰਾਂ ਅਤੇ ਵਿਸਫੋਟਕਾਂ ਸਮੇਤ ਪਾਬੰਦੀ ਵਸਤੂਆਂ ਦੀ ਆਵਾਜਾਈ ਨੂੰ ਰੋਕਨ ਲਈ ਸਖਤ ਨਿਗਰਾਨੀ ਦੇ ਮਹਤੱਵ ਨੂੰ ਰੇਖਾਂਕਿਤ ਕੀਤਾ। ਸੀਮਾ ’ਤੇ ਸ਼ਰਾਬ ਅਤੇ ਨਗਦੀ ਦੀ ਆਵਾਜਾਈ ਲਈ ਨਿਕਾਸ ਅਤੇ ਪ੍ਰਵੇਸ਼ ਬਿੰਦੂਆਂ ਦੀ ਪਹਿਚਾਣ ਕਰਨ ਅਤੇ ਕੁੱਝ ਸੂਬਿਆਂ ਵਿਚ ਅਵੈਧ ਗਾਂਜਾ ਦੀ ਖੇਤੀ ’ਤੇ ਰੋਕ ਲਗਾਉਣ ਦੇ ਨਿਰਦੇਸ਼ ਦਿੱਤੇ।

ਆਯੋਗ ਨੇ ਅਰੁਣਾਚਲ ਪ੍ਰਦੇਸ਼, ਛਤੀਸਗੜ੍ਹ, ਮਹਾਰਾਸ਼ਟਰ ਵਰਗੇ 11 ਸੂਬਿਆਂ ਦੇ ਚਨੌਤੀਪੂਰਨ ਖੇਤਰਾਂ ਵਿਚ ਚੋਣ ਪਾਰਟੀਆਂ ਨੂੰ ਲੈ ਜਾਣ ਲਈ ਭਾਰਤੀ ਏਅਰ ਫੋਰਸ ਅਤੇ ਰਾਜ ਸਿਵਲ ਏਵੀਏਸ਼ਨ ਵਿਭਾਗ ਤੋਂ ਸਹਾਇਤਾ ਦੀ ਸਮੀਖਿਆ ਕੀਤੀ। ਖਤਰੇ ਦਾ ਸ਼ੱਕ ਦੇ ਆਧਾਰ ’ਤੇ ਰਾਜਨੀਤਿਕ ਪਾਰਟੀਆਂ ਦੇ ਅਧਿਕਾਰੀਆਂ ਅਤੇ ਉਮੀਦਵਾਰਾਂ ਦੀ ਸੁਰੱਖਿਆ ਲਈ ਕਾਫੀ ਸੁਰੱਖਿਆ ਉਪਾਅ ਕਰਨ ਦੇ ਨਿਰਦੇਸ਼ ਦਿੱਤੇ ਗਏ। ਮਣੀਪੁਰ ਵਿਚ ਹਾਲ ਹੀ ਵਿਚ ਹੋਈ ਹਿੰਸਾ ਅਤੇ ਅਸ਼ਾਂਤੀ ਅਤੇ ਸ਼ਾਂਤੀਪੂਰਨ ਚੋਣਾਂ ਦੇ ਸੰਚਾਲਨ ਵਿਚ ਹੋਣ ਵਾਲੇ ਪ੍ਰਭਾਵਾਂ ’ਤੇ ਵੀ ਧਿਆਨ ਦਿੱਤਾ ਗਿਆ। ਕਮਿਸ਼ਨ ਨੇ ਅੰਦੂਰਣੀ ਰੂਪ ਨਾਲ ਵਿਸਥਾਪਿਤ ਵਿਅਕਤੀਆਂ ਦੀ ਸਹਾਇਤਾ ਕਰਨ ਅਤੇ ਚੋਣਾਵੀ ਪ੍ਰਕ੍ਰਿਆ ਵਿਚ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਕਰਨ ਦੇ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ।

ਕਮਿਸ਼ਨ ਨੇ ਕਾਨੂੰਨ ਅਤੇ ਵਿਵਸਥਾ ਦੇ ਸਬੰਧ ਵਿਚ ਆਮ ਨਿਰਦੇਸ਼ ਦਿੱਤੇ ਜਿਨ੍ਹਾਂ ਵਿਚ ਸਖਤ ਨਿਗਰਾਨੀ ਲਈ ਇੰਟਰਸਟੇਟ ਅਤੇ ਕੌਮਾਂਤਰੀ ਬੋਡਰਾਂ ’ਤੇ ਏਕੀਕ੍ਰਿਤ ਚੈਕ ਪੋਸਟ ਬਨਾਉਣਾ, ਬੋਡਰ ਖੇਤਰਾਂ ਦੇ ਵਿਚ ਅਪਰਾਧੀਆਂ ਅਤੇ ਅਸਮਾਜਿਕ ਤੱਤਾਂ ’ਤੇ ਖੁਫਿਆ ਜਾਣਕਾਰੀ ਸਾਂਝੀ ਕਰਨਾ, ਚੋਣ ਦੇ ਦਿਨ ਤੋਂ ਪਿਛਲੇ 18 ਘੰਟਿਆਂ ਦੌਰਾਨ ਫਰਜੀ ਚੋਣ ਨੂੰ ਰੋਕਨ ਲਈ ਇੰਟਰ-ਸਟੇਟ ਬੋਡਰਾਂ ਨੂੰ ਸੀਲ ਕਰਨਾ, ਬੋਡਰ ਜਿਲ੍ਹਿਆਂ ਦੀ ਨਿਯਮਤ ਇੰਟਰ ਸਟੇਟ ਤਾਲਮੇਲ ਮੀਟਿੰਗ ਕਰਨਾ, ਰਾਜ ਪੁਲਿਸ ਵੱਲੋਂ ਇੰਟਰ ਸਟੇਟ ਬੋਡਰ ਜਿਲ੍ਹਿਆਂ ’ਤੇ ਗਸ਼ਤ ਤੇਜ ਕਰਨਾ, ਬੋਡਰ ਸੂਬਿਆਂ ਨਾਲ ਤਾਲਮੇਲ ਵਿਚ ਰਣਨੀਤਕ ਸਥਾਨਾਂ ’ਤੇ ਵੱਧ ਨਾਕੇ ਸਥਾਪਿਤ ਕਰਨਾ, ਚੋਣ ਦੇ ਦਿਨ ਇੰਟਰ ਸਟੇਟ ਬੋਡਰ ਨੂੰ ਸੀਲ ਕਰਨਾ, ਬੋਡਰ ਸੂਬਿਆਂ/ਕੇਂਦਰ ਸ਼ਾਸਿਤ ਸੂਬਿਆਂ ਦੀ ਜਾਣਕਾਰੀ ਕਮਿਸ਼ਨਰ ਪਰਮਿਟ ਦੀ ਮੌਜੂਦਗੀ ਦੀ ਜਾਂਚ ਯਕੀਨੀ ਕਰਣਗੇ, ਖਾਸਕਰ ਬੋਡਰ ਜਿਲ੍ਹਿਆਂ ਵਿਚ ਸ਼ਰਾਬ ਦੀ ਦੁਕਾਨਾਂ ਦੀ ਅਚਾਨਕ ਜਾਂਚ ਕਰਣਗੇ, ਲਾਇਸੈਂਸ ਹਥਿਆਰਾਂ ਨੂੰ ਸਮੇਂ ’ਤੇ ਜਮ੍ਹਾ ਕਰਨਾ ਅਤੇ ਗੈਰ-ਜਮਾਨਤੀ ਵਾਰੰਟਾਂ ਦਾ ਨਿਸ਼ਪਾਦਨ ਕਰਨਾ, ਫਰਾਰ, ਹਿਸਟਰੀਸ਼ੀਟਰ, ਚੋਣ ਸਬੰਧੀ ਅਪਰਾਧਾਂ ਵਿਚ ਸ਼ਾਮਿਲ ਅਪਰਾਧੀਆਂ ਦੇ ਖਿਲਾਫ ਕਾਰਵਾਈ ਕਰਨਾ ਖਤਰੇ ਦਾ ਸ਼ੱਕ ਦੇ ਆਧਾਰ ’ਤੇ ਰਾਜਨੀਤਿਕ ਅਧਿਕਾਰੀਆਂ/ਉਮੀਦਵਾਰਾਂ ਨੂੰ ਕਾਫੀ ਸੁਰੱਖਿਆ ਕਰਵ ਪ੍ਰਦਾਨ ਕਰਨਾ ਸ਼ਾਮਿਲ ਹੈ।

ਇਸ ਤਰ੍ਹਾ ਕਮਿਸ਼ਨ ਨੇ ਖਰਚ ਨਿਗਰਾਨੀ ਦੇ ਸਬੰਧ ਵਿਚ ਇੰਟਰ ਸਟੇਟ ਅਤੇ ਕੌਮਾਂਤਰੀ ਸੀਮਾਵਾਂ ’ਤੇ ਅਵੈਧ ਸ਼ਰਾਬ , ਨਗਦੀ, ਡਰੱਗ ਦੀ ਆਮਦ ਨੂੰ ਰੋਕਨਾ, ਸੀਸੀਟੀਵੀ ਕੈਮਰਾ ਲਗਾ ਕੇ ਚੈਕਪੋਸਟ ’ਤੇ ਨਿਗਰਾਨੀ ਨੂੰ ਮਜਬੂਤ ਕਰਨਾ, ਪੁਲਿਸ , ਆਬਕਾਰੀ, ਟ੍ਰਾਂਸਪੋਰਟ, ਜੀਐਸਟੀ ਅਤੇ ਵਨ ਵਿਭਾਗ ਵੱਲੋਂ ਸੰਯੁਕਤ ਜਾਂਚ ਅਤੇ ਮੁਹਿੰਮ ਚਲਾਉਣਾ, ਹੈਲੀਪੈਡ, ਹਵਾਈ ਅੱਡਿਆਂ, ਬੱਸ ਸਟੈਂਡਾਂ ਅਤੇ ਰੇਲਵੇ ਸਟੇਸ਼ਨਾਂ ’ਤੇ ਸਖਤ ਨਿਗਰਾਨੀ ਕਰਨਾ, ਸ਼ਰੀਰ ਅਤੇ ਡਰੱਗ ਮਾਫੀਆ ਦੇ ਖਿਲਾਫ ਸਖਤ ਕਾਰਵਾਈ, ਦੇਸੀ ਸ਼ਰਾਬ ਦੇ ਪ੍ਰਵਾਹ ਨੂੰ ਘੱਟ ਕਰਨਾ, ਇਸ ਨੂੰ ਵਿਵਸਥਿਤ ਰੂਪ ਨਾਲ ਰੋਕਨ ਲਈ ਅੱਗੇ ਅਤੇ ਪਿੱਛੇ ਦੇ ਲਿੰਕੇਜ ਸਥਾਪਿਤ ਕਰਨਾ, ਸ਼ਰਾਬ, ਨਗਦੀ, ਡਰੱਗਸ ਅਤੇ ਮੁਫਤ ਸਮਾਨ ਦੇ ਟ੍ਰਾਂਸਪੋਰਟ ਦੇ ਲਈ ਸੰਵੇਦਨਸ਼ੀਲ ਮਾਰਗਾਂ ਦੀ ਮੈਪਿੰਗ ਕਰਨਾ।

ਇਸੀ ਤਰ੍ਹਾ, ਆਯੋਗ ਨੇ ਕੇਂਦਰੀ ਏਜਸੀਆਂ ਨੂੰ ਵੀ ਨਿਰਦੇਸ਼ ਦਿੱਤੇ ਹਨ, ਜਿਸ ਵਿਚ ਅਸਮ ਰਾਈਫਲਸ ਵੱਲੋਂ ਭਾਰਤ-ਮਿਆਂਮਾਰ ਬੋਡਰ ’ਤੇ, ਐਸਐਸਬੀ ਵੱਲੋਂ ਭਾਰਤ ਨੇਪਾਲ ਬੋਡਰ ’ਤੇ ਵਿਸ਼ੇਸ਼ ਰੂਪ ਨਾਲ ਨੇਪਾਲ ਦੇ ਨਾਲ ਬੋਡਰ ਵਾਲੇ ਖੇਤਰਾਂ ਵਿਚ, ਬੀਐਸਐਫ ਵੱਲੋਂ ਭਾਰਤ ਬੰਗਲਾਦੇਸ਼ ਸੀਮਾ ਅਤੇ ਪੱਛਮ ਸੀਮਾਵਾਂ ’ਤੇ, ਆਈਟੀਬੀਪੀ ਵੱਲੋਂ ਭਾਰਤ-ਚੀਨ ਸੀਮਾ ’ਤੇ ਅਤੇ ਇੰਡੀਅਨ ਕੋਸਟ ਗਾਰਡ ਵੱਲੋਂ ਕੋਸਟ ਖੇਤਰ ਵਾਲੇ ਸੂਬਿਆਂ ਵਿਚ ਸਖਤ ਨਿਗਰਾਨੀ ਕਰਨਾ ਸ਼ਾਮਿਲ ਹੈ।

ਇਸ ਤੋਂ ਇਲਾਵਾ, ਅਸਮ ਰਾਈਫਲਸ ਰਾਜ ਪੁਲਿਸ, ਸੀਏਪੀਐਫ ਆਦਿ ਦੇ ਨਾਲ ਨਿਸਮਤ ਰੂਪ ਨਾਲ ਸੰਯੂਕਤ ਸੁਰੱਖਿਆ ਤਾਲਮੇਲ ਮੀਟਿੰਗ ਪ੍ਰਬੰਧਿਤ ਕਰੇਗੀ।

# ਧਰਮ ਤੇ ਵਿਰਸਾ

## ਸਿੱਖੀ ਸਿਦਕ ਦੇ ਪ੍ਰਤੀਕ ਬੀਬੀ ਕੌਲਾਂ ਜੀ

**ਕੁਲਦੀਪ ਸਿੰਘ ਸਲਗਾਨੀਆ**

ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਸਿੱਖੀ ਲਹਿਰ ਨੂੰ ਬੀਰ-ਰਸੀ ਭਾਵਨਾ ਨਾਲ ਜੋੜ ਕੇ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਭਗਤੀ ਤੇ ਸ਼ਕਤੀ ਨੂੰ ਇਕੱਤਰ ਕਰਨ ਵਾਲੇ ਦਲ ਭੰਜਨ ਗੁਰ ਸੂਰਮੇ ਦੇ ਇਤਿਹਾਸ ਨਾਲ ਜੁੜੀ ਬੀਬੀ ਕੌਲਾਂ ਦੀ ਜਗਤ ਪ੍ਰਸਿੱਧ ਸਾਖੀ ਸ਼ਰਧਾ ਭਾਵਨਾ ਦੇ ਆਕਾਸ਼ ਵਿਚ ਧਰੁਵ ਤਾਰੇ ਵਾਂਗ ਚਮਕਦੀ ਹੈ। ਲਾਹੌਰ ਦੀ ਸੰਜਮ ਬਸਤੀ ਦੇ ਕਾਜ਼ੀ ਰੁਸਤਮ ਖ਼ਾਂ ਦੇ ਘਰ ਪਲ ਕੇ ਜਵਾਨ ਹੋਈ ਇਸ ਬੇਟੀ ਦਾ ਸੁਭਾਅ ਬਚਪਨ ਤੋਂ ਹੀ ਪਰਮਾਰਥ ਦੀ ਖੋਜ ਵੱਲ ਸੀ। ਖ਼ੁਦਾ ਦੇ ਪਿਆਰ ਦੀ ਤਲਬ ਸਦਕਾ ਉਸਨੂੰ ਉਸ ਵਕਤ ਦੇ ਮਹਾਨ ਸੂਫ਼ੀ ਦਰਵੇਸ਼ ਸਾਈ ਮੀਆਂ ਮੀਰ ਜੀ ਦੀ ਸੰਗਤ ਨਸੀਬ ਹੋਈ ਜਿੱਥੇ ਉਸਦੀ ਵਿਚਾਰਧਾਰਕ ਸਾਂਝ ਗੁਰੂ ਨਾਨਕ ਦੇ ਘਰ ਨਾਲ ਜੁੜੀ। ਸਾਈਂ ਮੀਆਂ ਮੀਰ ਨੇ ਗੁਰੂ ਹਰਿਗੋਬਿੰਦ ਜੀ ਦੀ ਉਪਮਾ ਕਰਕੇ ਉਸਦੇ ਦਿਲ ਅੰਦਰ ਹਜ਼ੂਰ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰ ਦਿੱਤੀ। ਸਤਿਗੁਰੂ ਦੇ ਦਰਸ਼ਨ ਕਰਨ ਉਪਰੰਤ ਉਸਦੀ ਆਤਮਾ ਗੁਰਬਾਣੀ ਦੇ ਪਿਆਰ ਵਿਚ ਇਸ ਤਰ੍ਹਾਂ ਰੰਗੀ ਗਈ ਕਿ ਹਰੇਕ ਵਕਤ ਬਾਣੀ ਦੇ ਸ਼ਬਦ ਦਾ ਜਾਪ ਹੁੰਦਾ ਰਹਿੰਦਾ। ਇਕ ਪਾਸੇ ਕੱਟੜਪੰਥੀ ਖ਼ਿਆਲਾਂ ਦੇ ਮਾਲਕ ਪਿਤਾ ਕਾਜ਼ੀ ਰੁਸਤਮ ਖ਼ਾਨ ਦਾ ਕ੍ਰੋਧ ਇਨਾ ਵਧਿਆ ਕਿ ਉਸ ਨੇ ਕੌਲਾਂ ਨੂੰ ਇਸਲਾਮ ਵਿਰੁੱਧ ਕਹਿ ਕੇ ਮੌਤ ਦਾ ਫਤਵਾ ਜਾਰੀ ਕਰਵਾ ਦਿੱਤਾ। ਬੀਬੀ ਕੌਲਾਂ ਜੀ ਦੇ ਮਾਤਾ ਨੇ ਉਸ ਨੂੰ ਸਾਈਂ ਮੀਆਂ ਮੀਰ ਕੋਲ ਭੇਜ ਦਿੱਤਾ ਅਤੇ ਕਿਹਾ ਕਿ ਕਿਸੇ ਤਰੀਕੇ ਬੱਚੀ ਨੂੰ ਬਚਾਓ। ਸਾਈਂ ਮੀਆਂ ਮੀਰ ਜੀ ਨੇ ਆਪਣੇ ਨੌਕਰ ਅਬਦੁੱਲਾ ਸ਼ਾਹ ਨਾਲ ਬੀਬੀ ਕੌਲਾਂ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸ਼ਰਨ ਭੇਜ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਵੱਖਰਾ ਪ੍ਰਬੰਧ ਕਰ ਕੇ ਕੌਲਾਂ ਜੀ ਨੂੰ 'ਮਾਧੋ ਕੀ ਬਰਾੜ' ਰੁਕਦੇ ਹੋਏ ਅੰਮ੍ਰਿਤਸਰ ਲੈ ਆਏ। ਗੁਰੂਘਰ ਆ ਕੇ ਗੁਰਬਾਣੀ ਦੇ ਕੀਰਤਨ ਅਤੇ ਨਿਤਾਪ੍ਰਤੀ ਸੰਗਤ ਕਰਦਿਆਂ ਆਤਮਿਕ ਅਵਸਥਾ ਸਿਖ਼ਰ ਤਕ ਜਾ ਪੁੱਜੀ ਸੀ। ਸਾਰਾ-ਸਾਰਾ ਦਿਨ ਇਕਾਂਤ ਵਿਚ ਬੈਠ ਕੇ ਸਿਮਰਨ ਅਭਿਆਸ ਕਰਨਾ ਦਾ ਹਿਸਾ ਬਣ ਗਿਆ। ਸਤਿਗੁਰੂ ਨੇ ਉਸਦੀ ਦਿਲੀ ਇੱਛਾ ਨੂੰ ਪੂਰਾ ਕਰਦਿਆਂ ਆਪਣੇ ਹੱਥੀਂ ਕੋਲਸਰ ਸਰੋਵਰ ਦਾ ਨਿਰਮਾਣ ਕਰ ਕੇ ਉਸਨੂੰ ਸਦੀਵ ਕਾਲ ਅਮਰ ਕਰ ਦਿੱਤਾ। ਮਨੁੱਖੀ ਜੀਵਨ ਦੇ ਮਨੋਰਥ ਨੂੰ ਪੂਰਾ ਕਰ ਕੇ ਕਰਤਾਰਪੁਰ ਦੀ ਧਰਤੀ 'ਤੇ ਬੀਬੀ ਕੌਲਾਂ ਜੀ ਨੇ ਆਤਮਾ ਨੂੰ ਸਰੀਰਕ ਪਿੰਜਰੇ ਤੋਂ ਮੁਕਤ ਕਰ ਕੇ ਪਰਮੇਸ਼ਵਰ ਨਾਲ ਅਭੇਦ ਕਰ ਲਿਆ। ਉਸਦੀ ਅਦੁੱਤੀ ਸ਼ਰਧਾ ਨੂੰ ਪ੍ਰੇਮ ਕਰਦਿਆਂ ਸਿੱਖ ਸੰਗਤਾਂ ਵਿਚ ਉਸ ਦੇਵੀ ਨੂੰ ਮਾਤਾ ਕੌਲਾਂ ਜੀ ਕਹਿ ਕੇ ਸਤਿਕਾਰਿਆ ਜਾਂਦਾ ਹੈ। ਬੀਬੀ ਕੌਲਾਂ ਦੀ ਸਿਦਕ ਭਰਪੂਰ ਕਹਾਣੀ ਇਸ ਗੱਲ ਦੀ ਗਵਾਹ ਹੈ ਕਿ ਗੁਰੂ ਜੀ 'ਤੇ ਭਰੋਸਾ ਰੱਖ ਕੇ ਬੰਦਗੀ ਕਰਨ ਵਾਲੀਆਂ ਰੂਹਾਂ ਕਦੇ ਮਰਦੀਆਂ ਨਹੀਂ। ਅੱਜ ਸੰਸਾਰ ਅੰਦਰ ਬੀਬੀ ਕੌਲਾਂ ਜੀ ਦੇ ਨਾਂ ਉੱਤੇ ਅਨੇਕਾਂ ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਚੱਲ ਰਹੀਆਂ ਹਨ।

ਮੋਬਾਈਲ 73552-32490









## ਭਾਈ ਜੈਤਾ ਦਾ ਸ੍ਰੀ ਅਨੰਦਪੁਰ ਸਾਹਿਬ ਨਾਲ ਰਿਸ਼ਤਾ

**✤ ਤਲਵਿੰਦਰ ਸਿੰਘ ਬੁੱਟਰ**

ਕਲਯੁਗ ਵਿਚ ਗੁਰੂ ਨਾਨਕ ਦੇ ਘਰ ਨੇ ਜਿੱਥੇ ਯੁੱਗਾਂ ਤੋਂ ਚਲੀ ਆ ਰਹੀ ਜਾਤ-ਵਰਣ ਦੀਆਂ ਜ਼ੰਜੀਰਾਂ ਨੂੰ 'ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥' ਆਖ ਕੇ ਤੋੜਿਆ, ਉਥੇ ਅਖੌਤੀ ਨੀਵੀਂ ਜਾਤ ਆਖ ਕੇ ਭੰਡੇ ਜਾਣ ਵਾਲੇ ਲੋਕਾਂ ਨੂੰ ਗਲੇ ਲਗਾਉਂਦਿਆਂ 'ਰੰਘਰੇਟੇ ਗੁਰੂ ਕੇ ਬੇਟੇ' ਆਖ ਕੇ ਵੀ ਸਨਮਾਨਿਆ। 'ਰੰਘਰੇਟਿਆਂ' ਦੀ ਗੁਰੂ ਨਾਨਕ ਦੇ ਘਰ ਲਈ ਕੁਰਬਾਨੀਆਂ ਦੀ ਫ਼ਹਿਰਿਸਤ ਵੀ ਬੜੀ ਲੰਬੀ ਹੈ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਚ ਪਹਾੜੀ ਰਾਜਿਆਂ ਨੇ ਸੁਲ੍ਹਾ-ਸਫ਼ਾਈ ਲਈ ਬਾਸ਼ਰਤ ਤਜਵੀਜ਼ ਭੇਜੀ ਕਿ, (ਅਖੌਤੀ) ਸਵਰਨ ਜਾਤਾਂ ਨੂੰ 'ਸ਼ੂਦਰਾਂ' ਤੋਂ ਵੱਖਰੇ ਬਾਟੇ ਵਿਚ ਅੰਮ੍ਰਿਤ ਛਕਾਇਆ ਜਾਵੇ ਅਤੇ (ਅਖੌਤੀ) ਸਵਰਨ ਜਾਤਾਂ ਲਈ ਪੰਗਤ ਛੋਟੀਆਂ ਜਾਤਾਂ ਤੋਂ ਵੱਖਰੀ ਲਗਾਈ ਜਾਵੇ, ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸ਼ਰਤਾਂ ਨੂੰ ਮੁੱਢੋਂ ਹੀ ਖਾਰਜ ਕਰਕੇ ਫ਼ਰਮਾਇਆ, 'ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਪਰੇ ॥' ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਆਜ਼ਾਦੀ ਲਈ ਦਿੱਲੀ ਦੇ ਚਾਂਦਨੀ ਚੌਕ 'ਚ ਸ਼ਹਾਦਤ ਦਿੱਤੀ ਤਾਂ ਉਸ ਵੇਲੇ ਹਕੂਮਤੀ ਸਖ਼ਤੀ ਦੇ ਬਾਵਜੂਦ ਗੁਰੂ ਜੀ ਦਾ ਧੜ ਤੋਂ ਵੱਖ ਹੋਇਆ 'ਸੀਸ' ਸਤਿਕਾਰ ਸਹਿਤ ਖ਼ਤਰਿਆਂ ਤੇ ਮੁਸੀਬਤਾਂ ਭਰਿਆ ਲੰਬਾ ਪੰਧ ਮਾਰ ਕੇ ਸ੍ਰੀ ਅਨੰਦਪੁਰ ਸਾਹਿਬ ਲਿਜਾਣ ਦੀ ਅਦੁੱਤੀ ਸੇਵਾ ਕਰਨ ਵਾਲਾ ਵੀ ਇਕ 'ਰੰਘਰੇਟਾ' ਭਾਈ ਜੈਤਾ ਸੀ।

ਇਤਿਹਾਸਕਾਰਾਂ ਅਨੁਸਾਰ 'ਰੰਘਰੇਟਿਆਂ' ਦਾ ਸਿੱਖੀ ਵਿਚ ਪ੍ਰਵੇਸ਼ ਭਾਈ ਜੈਤਾ ਦੇ ਪੂਰਵਜ਼ ਭਾਈ ਕਲਿਆਣਾ ਤੋਂ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੌਥੀ ਉਦਾਸੀ ਤੋਂ ਬਾਅਦ ਜਦੋਂ ਬਾਬਾ ਬੁੱਢਾ ਜੀ ਨਾਲ ਮਿਲਾਪ ਹੋਇਆ ਤਾਂ ਉਸ ਵੇਲੇ ਭਾਈ ਕਲਿਆਣਾ ਵੀ ਬਾਬਾ ਬੁੱਢਾ ਜੀ ਦੇ ਨਾਲ ਹੀ ਸਨ, ਜੋ ਕਿ ਬਾਬਾ ਬੁੱਢਾ ਦੇ ਪਿੰਡ ਕੱਥੂਨੰਗਲ ਦੇ ਹੀ ਵਸਨੀਕ ਸਨ। ਭਾਈ ਕਲਿਆਣਾ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਤੱਕ ਗੁਰੂ-ਘਰ ਦੀ ਅਨਿੰਨ ਸੇਵਾ ਕੀਤੀ। ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸ਼ੁਰੂ ਕੀਤੀ ਤਾਂ ਭਾਈ ਕਲਿਆਣਾ ਪਰਿਵਾਰ ਸਮੇਤ ਇਸ ਸੇਵਾ ਵਿਚ ਸ਼ਾਮਿਲ ਹੋਏ। 'ਤਵਾਰੀਖ ਗੁਰੂ ਖਾਲਸਾ' ਅਨੁਸਾਰ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਦਸ਼ਾਹ ਜਹਾਂਗੀਰ ਨੂੰ ਮਿਲਣ ਲਈ ਗਵਾਲੀਅਰ ਲਈ ਰਵਾਨਾ ਹੋਏ ਤਾਂ ਗੁਰੂ-ਘਰ ਦਾ ਪ੍ਰਬੰਧ ਬਾਬਾ ਬੁੱਢਾ ਜੀ ਸਮੇਤ ਜਿਨ੍ਹਾਂ ਪੰਜ ਸਿੱਖਾਂ ਨੂੰ ਸੌਂਪ ਕੇ ਗਏ, ਉਨ੍ਹਾਂ ਵਿਚੋਂ ਇਕ ਭਾਈ ਕਲਿਆਣਾ ਸਨ।

ਭਾਈ ਕਲਿਆਣਾ ਦੀ ਚੌਥੀ ਪੀੜ੍ਹੀ ਵਿਚੋਂ ਭਾਈ ਸਦਾ ਨੰਦ ਸਨ। ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਭੋਰੇ ਵਿਚ ਤਪੱਸਿਆ ਕਰਨ ਵੇਲੇ ਭਾਈ ਸਦਾ ਨੰਦ ਨੇ ਲੰਬਾ ਸਮਾਂ ਗੁਰੂ ਸਾਹਿਬ ਦੀ ਸੇਵਾ ਕੀਤੀ ਅਤੇ ਇੱਥੋਂ ਹੀ ਬਾਅਦ ਵਿਚ ਉਹ ਨੌਵੀਂ ਪਾਤਸ਼ਾਹੀ ਦੇ ਨਾਲ ਪਟਨਾ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਚਲੇ ਗਏ। ਭਾਈ ਸਦਾ ਨੰਦ ਦਾ ਵਿਆਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਹੱਥੀਂ ਪੰਡਤ ਸ਼ਿਵ ਨਰਾਇਣ ਦੀ ਪੁੱਤਰੀ ਬੀਬੀ ਲਾਜਵੰਤੀ ਦੇ ਨਾਲ ਕਰਵਾਇਆ ਸੀ। ਬੀਬੀ ਲਾਜਵੰਤੀ ਨੇ ਵੀ ਗੁਰੂ-ਘਰ ਦੀ ਇੰਨੀ ਸੇਵਾ ਘਾਲ ਕੀਤੀ ਕਿ ਮਾਤਾ ਗੁਜਰੀ ਜੀ ਉਸ ਨੂੰ ਪਿਆਰ ਨਾਲ 'ਪ੍ਰੇਮੋ' ਆਖ ਕੇ ਬੁਲਾਉਂਦੇ। ਭਾਈ ਸਦਾ ਨੰਦ ਦੇ ਘਰ ਦੋ ਪੁੱਤਰਾਂ ਦਾ ਜਨਮ ਹੋਇਆ- ਭਾਈ ਜੈਤਾ ਅਤੇ ਭਾਈ ਸੰਗਤਾ।

ਭਾਈ ਜੈਤਾ ਦਾ ਜਨਮ ਪਿੰਡ ਗੱਗੋਮਾਹਲ (ਅੰਮ੍ਰਿਤਸਰ) ਵਿਚ ਹੋਇਆ। ਪਿਤਾ ਸਦਾ ਨੰਦ ਦੀਆਂ ਧਰਮ ਪ੍ਰਚਾਰ ਫ਼ੇਰੀਆਂ ਕਾਰਨ ਭਾਈ ਜੈਤੇ ਦਾ ਬਚਪਨ ਬਨਾਰਸ ਅਤੇ ਪਟਨਾ ਸਾਹਿਬ ਵਿਚ ਬੀਤਿਆ। ਭਾਈ ਜੈਤਾ ਨੇ ਪਟਨਾ ਸਾਹਿਬ ਵਿਖੇ ਪੰਜਾਬੀ, ਹਿੰਦੀ, ਬ੍ਰਿਜ, ਸੰਸਕ੍ਰਿਤ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਅਤੇ ਸੰਗੀਤ ਦੀ ਸਿੱਖਿਆ ਬਾਲ ਗੋਬਿੰਦ ਰਾਇ ਲਈ ਨਿਯੁਕਤ ਕੀਤੇ ਉਸਤਾਦਾਂ ਕੋਲੋਂ ਲਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੀ ਭਾਈ ਸਦਾ ਨੰਦ ਦਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਆ ਗਿਆ। ਇੱਥੇ ਉਨ੍ਹਾਂ ਨੇ ਗੁਰੂ ਦੀ ਸਿੱਖਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦੀ ਆਜ਼ਾਦੀ ਖ਼ਾਤਰ ਸ਼ਹਾਦਤ ਦੇਣ ਲਈ 11 ਜੁਲਾਈ, 1675 ਈਸਵੀ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਪੰਜ ਹਜ਼ੂਰੀ ਸਿੱਖਾਂ ਸਮੇਤ ਦਿੱਲੀ ਲਈ ਰਵਾਨਾ ਹੋਏ। ਮਗਰੋਂ ਭਾਈ ਜੈਤਾ ਦਿੱਲੀ ਵਿਚ ਗੁਰੂ ਸਾਹਿਬ ਦੀ ਖ਼ਬਰ ਲੈਣ ਪਹੁੰਚੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ 'ਕੰਕਣ' ਅਨੁਸਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਤੋਂ ਪਹਿਲਾਂ ਭਾਈ ਜੈਤਾ ਰਾਹੀਂ ਗੁਰਬਾਣੀ ਦੇ 57 ਸਲੋਕ, ਇਕ ਹੁਕਮਨਾਮਾ, 5 ਪੈਸੇ, ਨਾਰੀਅਲ ਅਤੇ ਗੁਰਗੱਦੀ ਤਿਲਕ ਸ੍ਰੀ ਅਨੰਦਪੁਰ ਸਾਹਿਬ ਬਾਲ ਗੋਬਿੰਦ ਰਾਏ ਨੂੰ ਭੇਜਿਆ।

ਬਾਲ ਗੋਬਿੰਦ ਰਾਏ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰਵਾਉਣ ਉਪਰੰਤ ਭਾਈ ਜੈਤਾ ਮੁੜ ਦਸਮ ਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਉਣ ਲਈ ਦਿੱਲੀ ਚਲੇ ਗਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਔਰੰਗਜ਼ੇਬ ਨੇ 11 ਨਵੰਬਰ, 1675 ਨੂੰ ਸੀਸ ਧੜ ਨਾਲੋਂ ਜੁਦਾ ਕਰਕੇ ਸ਼ਹੀਦ ਕਰਵਾ ਦਿੱਤਾ। ਭਾਈ ਜੈਤਾ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਹਾਸਲ ਕਰਨ ਲਈ ਪਹਿਲਾਂ ਆਪਣੇ ਪਿਤਾ ਸਦਾ ਨੰਦ ਦਾ ਸੀਸ ਧੜ ਨਾਲੋਂ ਅਲੱਗ ਕੀਤਾ ਅਤੇ ਉਨ੍ਹਾਂ ਦੇ ਸੀਸ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਬਦਲ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਤੁਰ ਪਏ। ਪੰਜ ਦਿਨਾਂ ਦੇ ਪੰਧ ਦੌਰਾਨ ਬਾਗਪਤ, ਤਰਾਵੜੀ (ਕਰਨਾਲ), ਅੰਬਾਲਾ, ਨਾਭਾ ਸਾਹਿਬ ਅਤੇ ਕੀਰਤਪੁਰ ਰਾਹੀਂ ਹੁੰਦੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਗੁਰੂ ਬਾਲ ਗੋਬਿੰਦ ਰਾਇ ਨੇ ਭਾਈ ਜੈਤਾ ਦੀ ਦਲੇਰੀ, ਕੁਰਬਾਨੀ ਅਤੇ ਦ੍ਰਿੜ੍ਹਤਾ 'ਤੇ ਪ੍ਰਸੰਨ ਹੁੰਦਿਆਂ ਉਸ ਨੂੰ ਛਾਤੀ ਨਾਲ ਲਾਇਆ ਅਤੇ ਬਚਨ ਕੀਤਾ, 'ਰੰਘਰੇਟੇ ਗੁਰੂ ਕੇ ਬੇਟੇ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਵਿਚ ਰਣਜੀਤ ਨਗਾਰਾ ਵਜਾਉਣ ਦੀ ਪਰੰਪਰਾ ਆਰੰਭ ਕੀਤੀ ਤਾਂ ਭਾਈ ਜੈਤਾ ਨੂੰ ਨਗਾਰਚੀ ਨੀਯਤ ਕੀਤਾ। ਭਾਈ ਜੈਤਾ ਦਾ ਅਨੰਦ ਕਾਰਜ ਦਸਮ ਪਿਤਾ ਨੇ ਭਾਈ ਸੁਜਾਨ ਸਿੰਘ ਪਿੰਡ ਰਿਆੜਕੀ ਪਰਗਨਾ ਪੱਟੀ ਦੀ ਧੀ ਬੀਬੀ ਰਾਜ ਕੌਰ ਨਾਲ ਕਰਵਾਇਆ। ਦਸਮ ਪਾਤਸ਼ਾਹ ਨੇ ਕਿਲ੍ਹਾ ਅਨੰਦਗੜ੍ਹ ਦੀ ਉਸਾਰੀ ਆਰੰਭ ਕਰਵਾਈ ਤਾਂ ਕਿਲ੍ਹੇ ਦੀ ਪੱਛਮ ਵਾਲੀ ਕੰਧ ਦੇ ਨਾਲ ਹੀ ਭਾਈ ਜੈਤਾ ਦੀ ਰਿਹਾਇਸ਼ ਵਾਸਤੇ ਟਿੱਬੀ 'ਤੇ ਇਕ ਬੁੰਗਾ ਬਣਵਾ ਕੇ ਦਿੱਤਾ। ਗੁਰੂ-ਘਰ ਦੇ ਅਤਿ ਨਿਕਟਵਰਤੀ, ਵਿਸ਼ਵਾਸਪਾਤਰ ਅਤੇ ਸ਼੍ਰੋਮਣੀ ਜਰਨੈਲ ਹੋਣ ਕਾਰਨ ਕਿਲ੍ਹਾ ਅਨੰਦਗੜ੍ਹ ਦੀ ਸੁਰੱਖਿਆ ਅਤੇ ਚੌਕਸੀ ਦੀ ਜ਼ਿੰਮੇਵਾਰੀ ਵੀ ਭਾਈ ਜੈਤਾ ਕੋਲ ਹੀ ਸੀ। ਭਾਈ ਜੈਤਾ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਸ਼ਸਤਰ ਵਿੱਦਿਆ ਦੇ ਉਸਤਾਦ ਵੀ ਸਨ। ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, 'ਗੁਰੂ ਜੀ ਦੇ ਚਾਰ ਸਾਹਿਬਜ਼ਾਦਿਆਂ ਵਿਚੋਂ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਪਰਮ-ਸਨੇਹੀ ਹੋਣ ਕਰਕੇ ਨਾ ਕੇਵਲ ਸ੍ਰੀ ਦਸਮੇਸ਼ ਜੀ ਦੇ ਦਿਲ ਵਿਚ ਹੀ, ਸਗੋਂ ਗੁਰੂ ਪਰਿਵਾਰ ਵਿਚ ਭਾਈ ਜੀਵਨ ਸਿੰਘ ਰੰਘਰੇਟਾ ਦਾ ਬੜਾ ਮਾਣ ਸੀ।' ਭਾਈ ਜੈਤਾ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਵਿਚੋਂ ਭਾਈ ਗੁਲਜ਼ਾਰ ਸਿੰਘ, ਭਾਈ ਗੁਰਦਿਆਲ ਸਿੰਘ ਸਰਸਾ ਨਦੀ ਦੀ ਜੰਗ ਅਤੇ ਭਾਈ ਸੁੱਖਾ ਸਿੰਘ, ਭਾਈ ਸੇਵਾ ਸਿੰਘ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋ ਗਏ।

1699 ਦੀ ਵਿਸਾਖੀ ਨੂੰ ਖ਼ਾਲਸਾ ਸਾਜਨਾ ਮੌਕੇ ਭਾਈ ਜੈਤਾ ਅੰਮ੍ਰਿਤਪਾਨ ਕਰਕੇ 'ਬਾਬਾ ਜੀਵਨ ਸਿੰਘ' ਬਣ ਗਏ। ਭਾਈ ਜੈਤਾ ਨੇ ਸ੍ਰੀ ਅਨੰਦਪੁਰ ਸਾਹਿਬ 'ਤੇ ਮੁਗ਼ਲਾਂ ਦੇ ਪਹਿਲੇ ਹਮਲੇ, ਭੰਗਾਣੀ, ਨਦੌਣ, ਹੁਸੈਨੀ, ਲੋਹਗੜ੍ਹ, ਨਿਰਮੋਹਗੜ੍ਹ, ਕਲਮੋਟ ਅਤੇ ਚਮਕੌਰ ਸਮੇਤ ਲਗਭਗ 17 ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਸ: ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, ਭਾਈ ਜੈਤਾ ਬਹੁਤ ਸਾਰੇ ਜੰਗਾਂ-ਯੁੱਧਾਂ ਵਿਚ ਦਸਮ ਪਾਤਸ਼ਾਹ ਦਾ ਹਮ-ਰਕਾਬ ਹੋ ਕੇ ਰਹੇ ਸਨ।

ਦਸਮ ਪਾਤਸ਼ਾਹ ਵੱਲੋਂ 19-20 ਦਸੰਬਰ, 1704 ਈਸਵੀ ਦੀ ਵਿਚਕਾਰਲੀ ਰਾਤ ਪਰਿਵਾਰ ਤੇ ਸਿੱਖ ਸੇਵਕਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਗਿਆ ਤਾਂ ਸਰਸਾ ਨਦੀ ਪਾਰ ਕਰਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੁਸ਼ਮਣਾਂ ਨੇ ਘੇਰ ਲਿਆ। ਬਾਬਾ ਜੀਵਨ ਸਿੰਘ (ਭਾਈ ਜੈਤਾ) ਨੇ ਬਹਾਦਰੀ ਤੇ ਜੰਗੀ ਕਲਾ ਦੇ ਜੌਹਰ ਦਿਖਾਉਂਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੁਸ਼ਮਣ ਫ਼ੌਜਾਂ ਦੇ ਘੇਰੇ ਵਿਚੋਂ ਕੱਢ ਕੇ ਸਰਸਾ ਨਦੀ ਦੇ ਪਾਰ ਲੰਘਾਇਆ। ਅਖ਼ੀਰ ਚਮਕੌਰ ਦੀ ਕੱਚੀ ਗੜ੍ਹੀ ਵਿਚ ਮੁਗ਼ਲ ਫ਼ੌਜਾਂ ਨਾਲ ਬਹਾਦਰੀ ਨਾਲ ਜੂਝਦਿਆਂ 22 ਦਸੰਬਰ, 1704 ਈਸਵੀ ਨੂੰ ਬਾਬਾ ਜੀਵਨ ਸਿੰਘ (ਭਾਈ ਜੈਤਾ) ਸ਼ਹੀਦੀ ਜਾਮ ਪੀ ਗਏ। ਆਪ ਚਮਕੌਰ ਦੀ ਜੰਗ ਦੇ ਅਖ਼ੀਰਲੇ ਸ਼ਹੀਦ ਅਖਵਾਏ। 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਕਵੀ ਰਤਨ ਸਿੰਘ ਭੰਗੂ ਲਿਖਦੇ ਹਨ:

'ਜੀਵਣ ਸਿੰਘ ਰੰਘਰੇਟੇ ਕੋ ਬੰਦੂਕੀ ਖ਼ੂਬ ਅਖਵਾਇ।
ਏਕ ਬੁਰਜ ਮਧ ਸੋ ਬਹਯੋ, ਏਕਲ ਹੀ ਸੋ ਪਾਇ ॥'

ਪਿੱਛੋਂ ਵੀ ਸਿੱਖ ਇਤਿਹਾਸ ਵਿਚ ਰੰਘਰੇਟਿਆਂ ਨੇ ਅਦੁੱਤੀ ਕੁਰਬਾਨੀਆਂ ਦੇ ਕੇ ਗੁਰੂ-ਘਰ ਪ੍ਰਤੀ ਆਪਣੇ ਸਮਰਪਣ ਨੂੰ ਬਰਕਰਾਰ ਰੱਖਿਆ ਹੈ। ਬਾਬਾ ਜੀਵਨ ਸਿੰਘ (ਭਾਈ ਜੈਤਾ) ਨੇ ਦਸਮ ਪਾਤਸ਼ਾਹ ਦੇ ਨਾਲ ਹੀ ਲਗਪਗ 29 ਵਰ੍ਹੇ ਆਪਣੇ ਜੀਵਨ ਦੇ ਸ੍ਰੀ ਅਨੰਦਪੁਰ ਸਾਹਿਬ ਵਿਚ ਗੁਰੂ-ਘਰ ਦੀ ਸੇਵਾ-ਬਿਰਤੀ ਵਿਚ ਬਿਤਾਏ। ਆਪ ਦੇ ਚਾਰ ਪੁੱਤਰ, ਪਿਤਾ-ਮਾਤਾ ਅਤੇ ਭਰਾ (ਚਮਕੌਰ ਦੀ ਗੜ੍ਹੀ ਦੇ ਸ਼ਹੀਦ ਭਾਈ ਸੰਗਤ ਸਿੰਘ) ਵੀ ਸ਼ਹੀਦ ਹੋਏ ਪਰ ਉਨ੍ਹਾਂ ਦੇ ਰਿਹਾਇਸ਼ੀ ਬੁੰਗੇ ਤੋਂ ਇਲਾਵਾ ਅਜੇ ਤੱਕ ਉਨ੍ਹਾਂ ਦੀ ਇੱਥੇ ਕੋਈ ਢੁੱਕਵੀਂ ਯਾਦਗਾਰ ਸਥਾਪਤ ਨਹੀਂ ਹੋਈ। ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਪੱਛਮੀ ਬਾਹੀ ਵੱਲ ਭਾਈ ਜੈਤਾ ਦੇ ਪੁਰਾਤਨ ਰਿਹਾਇਸ਼ੀ ਬੁੰਗੇ ਦੀ ਸੇਵਾ-ਸੰਭਾਲ ਭਾਈ ਜੈਤਾ ਦੇ ਖ਼ਾਨਦਾਨ ਵਿਚੋਂ ਬਾਬਾ ਕਿਰਪਾਲ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਬਾਬਾ ਤੀਰਥ ਸਿੰਘ ਕਰਦੇ ਆ ਰਹੇ ਹਨ। ਪੁਰਾਤਨ ਰਿਹਾਇਸ਼ੀ ਬੁੰਗੇ ਅੰਦਰਲੇ ਤੋਸ਼ੇਖ਼ਾਨੇ ਵਿਚ ਬਾਬਾ ਜੀਵਨ ਸਿੰਘ ਦੇ ਸ਼ਸਤਰ-ਨਾਗਣੀ, ਕਟਾਰ, ਕੜਾ ਅਤੇ ਕਿਰਪਾਨ ਸੁਸ਼ੋਭਿਤ ਹਨ।

2001-2003 ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਭਾਈ ਜੈਤਾ ਸਮੇਤ ਸਿੱਖ ਇਤਿਹਾਸ ਦੇ ਭੁੱਲੇ-ਵਿਸਰੇ ਮਹਾਨ ਨਾਇਕਾਂ ਦੀਆਂ ਯਾਦਗਾਰਾਂ ਬਣਾਉਣ ਲਈ ਅਹਿਮ ਮਤੇ ਪਾਸ ਕੀਤੇ ਸਨ। ਇਕ ਦਹਾਕੇ ਬਾਅਦ ਪੰਜਾਬ ਦੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਬਾਰੇ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ ਦੀ ਪਹਿਲਕਦਮੀ ਸਦਕਾ ਪੰਜਾਬ ਦੀ ਅਕਾਲੀ ਸਰਕਾਰ ਵੱਲੋਂ 'ਵਿਰਾਸਤ-ਏ-ਖ਼ਾਲਸਾ' ਸ੍ਰੀ ਅਨੰਦਪੁਰ ਸਾਹਿਬ ਦੇ ਬਿਲਕੁਲ ਨਾਲ ਪੰਜ ਏਕੜ ਵਿਚ 'ਭਾਈ ਜੈਤਾ ਯਾਦਗਾਰੀ ਸਮਾਰਕ' ਦਾ ਨੀਂਹ-ਪੱਥਰ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ 18 ਜੁਲਾਈ ਨੂੰ ਰੱਖਿਆ ਹੈ। ਸਿੱਖ ਵਿਦਵਾਨਾਂ, ਇਤਿਹਾਸਕਾਰਾਂ ਅਤੇ ਭਵਨ ਨਿਰਮਾਣ ਮਾਹਰਾਂ ਦੀ ਰਾਇ ਨਾਲ 9 ਮਹੀਨਿਆਂ ਵਿਚ ਤਿਆਰ ਹੋਣ ਵਾਲੀ ਇਸ ਅਨੂਠੀ ਯਾਦਗਾਰ ਅੰਦਰ ਭਾਈ ਜੈਤਾ ਦੇ ਜੀਵਨ ਤੇ ਵਿਚਾਰਧਾਰਾ ਨੂੰ ਦਰਸਾਉਣ ਲਈ ਲਾਈਟ ਐਂਡ ਸਾਊਂਡ ਸ਼ੋਅ, ਲੇਜ਼ਰ ਸ਼ੋਅ, ਦਸਤਾਵੇਜ਼ੀ ਫਿਲਮ ਤੋਂ ਇਲਾਵਾ ਗੈਲਰੀਆਂ ਨੂੰ ਵੀ ਯੋਜਨਾਬੱਧ ਢੰਗ ਨਾਲ ਬਣਾਇਆ ਜਾਵੇਗਾ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ 'ਰੰਘਰੇਟਿਆਂ' ਦੀ ਸਿੱਖ ਧਰਮ ਪ੍ਰਤੀ ਟੇਕ, ਸ਼ਰਧਾ, ਸਮਰਪਣ ਅਤੇ ਕੁਰਬਾਨੀ ਤੋਂ ਜਾਣੂ ਕਰਵਾਇਆ ਜਾ ਸਕੇ।

ਮੋਬਾ: 98780-70008

## ਸਿੱਖ ਅਰਦਾਸ ਦਾ ਸੰਕਲਪ ਅਤੇ ਮਹਾਤਮ





ਬੀਰਦਵਿੰਦਰ ਸਿੰਘ

ਅਰਦਾਸ ਸਾਡਾ ਸਿਰਜਣਹਾਰ ਨਾਲ ਰੂਹਾਨੀ ਸੰਵਾਦ ਹੈ। ਸਿੱਖ ਅਰਦਾਸ ਦੇ ਤਸੱਵਰ ਨੂੰ ਸਹੀ ਅਤੇ ਸ਼ੁੱਧ ਪਰਿਪੇਖ ਵਿਚ ਸਮਝਣ ਲਈ, ਅਰਦਾਸ ਦੀ ਸੰਰਚਨਾ, ਸਾਧਨਾ ਵਿਧੀ, ਮਹੱਤਵ ਅਤੇ ਮਹਾਤਮ ਨੂੰ ਹਰ ਪਹਿਲੂ ਤੋਂ ਸਮਝਣ ਦੀ ਜ਼ਰੂਰਤ ਹੈ। ਅਰਦਾਸ ਦੇ ਸੰਕਲਪ ਨੂੰ ਜਾਣਨ ਤੋਂ ਪਹਿਲਾਂ ਇਸ ਗੱਲ ਨੂੰ ਦ੍ਰਿੜ੍ਹ ਕਰ ਲੈਣਾ ਜ਼ਰੂਰੀ ਹੈ ਕਿ ਅਰਦਾਸ ਕੇਵਲ ਈਮਾਨਪ੍ਰਸਤਾਂ ਦਾ ਇਕ ਰੂਹਾਨੀ ਵਰਤਾਰਾ ਹੈ। ਜੋ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਸਾਹਿਬਾਨ ਅਤੇ ਅਰਦਾਸ ਦੇ ਸਮੂਹ ਸ਼ਹੀਦਾਂ ਵਿਚ ਅਕੀਦਾ ਰੱਖਦੇ ਹਨ, ਕੇਵਲ ਉਹ ਲੋਕ ਹੀ ਸਿੱਖ ਅਰਦਾਸ ਵਿਚ ਜੁੜਨ ਦੇ ਮਹਾਤਮ ਨੂੰ ਸਮਝ ਸਕਦੇ ਹਨ। ਅਰਦਾਸ ਸਾਡੇ ਆਤਮਿਕ ਵਿਸ਼ਵਾਸ ਵਿਚੋਂ ਉਪਜਿਆ ਰੂਹਾਨੀ ਸੰਵਾਦ ਹੈ। ਇਸ ਸੰਵਾਦ ਵਿਚ ਜੁੜਨ ਲਈ, ਅਰਦਾਸ ਕਰਨ ਵਾਲੇ ਵਿਅਕਤੀ ਦਾ ਉਸ ਦੇ ਧਾਰਮਿਕ ਵਿਸ਼ਵਾਸ ਪ੍ਰਤੀ ਸ਼ਰਧਾਵਾਨ ਹੋਣਾ ਅਤੇ ਪੂਰਨ ਰੂਪ ਵਿਚ ਸਮਰਪਿਤ ਹੋਣਾ ਜ਼ਰੂਰੀ ਹੈ, ਤਦ ਹੀ ਅਰਦਾਸ ਦਾ ਸਮੁੱਚਾ ਪ੍ਰਯੋਜਨ ਸਮਝ ਆ ਸਕਦਾ ਹੈ। ਇਸ ਅਸਰੀਰੀ ਸੰਵਾਦ ਦੀ ਵਿਧੀ ਤੇ ਆਤਮ-ਨਿਯੰਤਰਣ ਦਾ ਅਨੁਸ਼ਾਸਨ, ਆਮ ਦੁਨਿਆਵੀ ਸੰਵਾਦ ਤੋਂ ਭਿੰਨ ਹੈ। ਅਰਦਾਸ ਸਾਡੀ ਉਪਾਸਨਾ ਸਮਾਧੀ ਦੀ ਚਰਮਸੀਮਾ ਹੈ, ਜਿਸ ਰਾਹੀਂ ਅਸੀਂ ਅਗੋਚਰ ਆਦਿ ਸੱਚ ਭਾਵ ਵਾਹਿਗੁਰੂ ਦੇ ਰੂਬਰੂ ਹੁੰਦੇ ਹਾਂ, ਆਪਣੇ ਸੁੱਖਾਂ ਤੇ ਦੁੱਖਾਂ ਦੀ ਬਾਤ ਪਾਉਂਦੇ ਹਾਂ, ਆਪਣੇ ਸਿਰਜਣਹਾਰ ਨਾਲ ਗੱਲਾਂ ਕਰਦੇ ਹਾਂ।

ਸਮੂਹਿਕ ਅਰਦਾਸ, ਭਾਵ ਸੰਗਤ ਰੂਪ ਅਰਦਾਸ ਤੇ ਵਿਅਕਤੀਗਤ ਅਰਦਾਸ ਦਾ ਮਹੱਤਵ ਅਤੇ ਮਹਾਤਮ ਵੱਖੋ-ਵੱਖਰਾ ਹੈ। ਸੰਗਤ ਰੂਪ ਅਰਦਾਸ ਵਿਚ ਅਸੀਂ ਸਮੂਹਿਕ ਸਰੋਕਾਰਾਂ ਦੀ ਦ੍ਰਿਸ਼ਟੀ ਵਿਚ ਅਕਾਲ-ਪੁਰਖ ਨੂੰ ਸੰਬੋਧਤ ਹੁੰਦੇ ਹਾਂ, ਵਿਅਕਤੀਗਤ ਅਰਦਾਸ ਵਿਚ ਅਸੀਂ ਆਪਣੀ ਨਿੱਜੀ ਪੀੜ, ਦੁੱਖ-ਦਰਦ ਮਾਨਸਿਕ ਕਲੇਸ਼, ਦੇਹ ਅਰੋਗਤਾ, ਸਫ਼ਲਤਾਵਾਂ ਤੇ ਕਾਰੋਬਾਰੀ ਬਰਕਤਾਂ ਦੇ ਸਵਾਲ ਪਾਉਂਦੇ ਹਾਂ। ਇਥੇ ਮੈਂ ਫਿਰ ਦੁਹਰਾਉਂਦਾ ਹਾਂ ਕਿ ਅਰਦਾਸ ਤੁਹਾਡੇ ਮਨ ਦੇ ਵਿਸ਼ਵਾਸ ਦਾ ਪ੍ਰਤੱਖ ਰੂਪ ਹੈ, ਅਰਦਾਸ ਤੁਹਾਡੇ ਤਨ ਅਤੇ ਮਨ ਦੀ ਇਕਸੁਰਤਾ ਦਾ ਪ੍ਰਕਾਸ਼ ਤੇ ਜ਼ਹੂਰ ਹੈ। ਅਰਦਾਸ ਕਰਨ ਵਾਲੇ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਪੂਰੀ ਸ਼ਰਧਾ, ਨਿਮਰਤਾ ਤੇ ਸਾਵਧਾਨੀ ਨਾਲ ਅਰਦਾਸ ਵਿਚ ਜੁੜੇ। ਅਰਦਾਸ ਦੀ ਆਰੰਭਕ ਪ੍ਰਸਤਾਵਨਾ ਸਿੱਖ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰਾਧਨਾ ਨਾਲ ਸ਼ੁਰੂ ਹੁੰਦੀ ਹੈ, ਉਸ ਤੋਂ ਉਪਰੰਤ ਚਾਰੇ ਸਾਹਿਬਜ਼ਾਦੇ, ਪੰਜ ਪਿਆਰੇ, ਚਾਲੀ ਮੁਕਤੇ, ਹਠੀਆਂ, ਜਪੀਆਂ, ਤਪੀਆਂ, ਸਿੰਘ ਸ਼ਹੀਦਾਂ, ਮੁਰੀਦਾਂ ਅਤੇ ਸਮੂਹ ਸਿਦਕਵਾਨਾਂ, ਜਿਨ੍ਹਾਂ ਨੇ ਸਿੱਖੀ ਸਿਦਕ 'ਤੇ ਸਿਰੜ ਨਾਲ ਪਹਿਰਾ ਦਿੰਦੇ ਹੋਏ ਅਨੇਕਾਂ ਤਸੀਹੇ ਝੱਲਦੇ ਹੋਏ ਆਪਣੀਆਂ ਕੁਰਬਾਨੀਆਂ ਦਿੱਤੀਆਂ ਪਰ 'ਸਿੱਖੀ ਸਿਦਕ' ਨੂੰ ਪਿੱਠ ਨਹੀਂ ਦਿੱਤੀ। ਇਸ ਲਈ ਅਸੀਂ ਇਨ੍ਹਾਂ ਸਭਨਾਂ ਦੀਆਂ ਸੂਰਮਗਤੀਆਂ ਤੇ ਕੁਰਬਾਨੀਆਂ ਦੀ ਉਸਤਤੀ ਵਾਰਤਾ ਨਾਲ, ਆਪਣੀ ਸਮਰੂਪਤਾ ਅਤੇ ਰੂਹਾਨੀ ਸੰਪਰਕ, ਸਿਰਜਣਹਾਰ ਨਾਲ ਸਥਾਪਤ ਕਰਦੇ ਹਾਂ।

ਉਪਰੋਕਤ ਇਬਤਦਾਈ ਤਮਹੀਦ ਤੇ ਤੁਅੱਰਫ਼ ਦਾ ਭਾਵ ਹੈ ਕਿ ਅਰਦਾਸ ਕਰਨ ਵਾਲਾ ਪ੍ਰਾਣੀ ਜਾਂ ਅਰਦਾਸ ਕਰ ਰਹੀ ਸੰਗਤ ਆਪਣੇ-ਆਪ ਨੂੰ ਸਿੱਖ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ, ਹਠੀਆਂ, ਜਪੀਆਂ, ਤਪੀਆਂ, ਸਿੰਘ ਸ਼ਹੀਦਾਂ, ਮੁਰੀਦਾਂ ਅਤੇ ਸਮੂਹ ਸਿਦਕਵਾਨਾਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ ਤੇ ਤੇਗ ਵਾਹੀ, ਇਨ੍ਹਾਂ ਸਭਨਾਂ ਦਾ ਓਟ ਆਸਰਾ ਲੈ ਕੇ, ਆਪਣੇ-ਆਪ ਨੂੰ ਇਨ੍ਹਾਂ ਦੇ ਪੈਰੋਕਾਰ ਜਾਂ ਪੈਰੋਕਾਰਾਂ ਦੇ ਰੂਪ ਵਿਚ ਪੇਸ਼ ਕਰਦੇ ਹਾਂ। ਇਸ ਦੇ ਨਾਲ ਹੀ ਅਰਦਾਸ ਦਾ ਦੂਸਰਾ ਪੜਾਅ 'ਹੇ ਵਾਹਿਗੁਰੂ' ਨਾਲ ਸ਼ੁਰੂ ਹੁੰਦਾ ਹੈ, ਜਿਸ ਨਾਲ ਅਸੀਂ ਆਪਣੀ ਅੰਤਰੀਵ ਆਰਜ਼ੂ ਪੇਸ਼ ਕਰਦੇ ਹਾਂ। 'ਹੇ ਵਾਹਿਗੁਰੂ' ਦਾ ਭਾਵ ਹੈ, ਸਤਿਗੁਰਾਂ ਅੱਗੇ ਅਧਿਕ ਜ਼ੋਰ ਨਾਲ ਹਾੜ੍ਹਾ ਪਾਉਣਾ। ਅਰਦਾਸ ਕਰਦੇ ਹਾਂ 'ਹੇ ਸੱਚੇ ਪਾਤਿਸ਼ਾਹ, ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਵਿਸਾਹ ਦਾਨ, ਬੁੱਧੀ ਤੇ ਵਿਵੇਕ ਦਾਨ, ਸਿਦਕ ਤੇ ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ। ਹੇ ਸੱਚੇ ਪਾਤਸ਼ਾਹਿ, ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਮੱਤ ਦਾ ਰਾਖਾ ਆਪ ਵਾਹਿਗੁਰੂ। ਹੇ ਨਿਮਾਣਿਆਂ ਦੇ ਮਾਣ ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ ਅਰਦਾਸ ਹੈ...' (ਇਥੇ ਅਸੀਂ ਜਿਸ ਕਾਰਜ ਲਈ ਸੰਗਤ ਜੁੜੀ ਹੋਵੇ, ਉਸ ਕਾਰਜ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰਦੇ ਹਾਂ ਜਾਂ ਆਪਣੀ ਕਿਸੇ ਪੀੜਾ ਤੇ ਰੋਗਾਂ ਤੋਂ ਮੁਕਤੀ, ਪਰਿਵਾਰ ਦੀ ਚੜ੍ਹਦੀ ਕਲਾ, ਸਿਹਤਯਾਬੀਆਂ, ਕਾਰੋਬਾਰੀ ਬਰਕਤਾਂ, ਕਾਮਯਾਬੀਆਂ ਤੇ ਜਿੱਤਾਂ ਲਈ ਅਰਜੋਈਆਂ ਕਰਦੇ ਹਾਂ)।

ਅਰਦਾਸ ਹਮੇਸ਼ਾ ਹੀ, ਦਸ ਗੁਰੂ ਸਾਹਿਬਾਨ ਦੀ ਜਾਗਤ ਜੋਤ, ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਖੜ੍ਹੇ ਹੋ ਕੇ ਕੀਤੀ ਜਾਂਦੀ ਹੈ। ਪਰ ਜੇਕਰ ਕਿਸੇ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਪਲਬਧ ਨਹੀਂ ਹੈ ਤਾਂ ਅਜਿਹੀ ਅਵਸਥਾ ਵਿਚ ਕਿਸੇ ਵੀ ਦਿਸ਼ਾ ਵੱਲ ਮੂੰਹ ਕਰਕੇ, ਆਪਣੀ ਅੰਤਰ ਅਰਾਧਨਾ ਰਾਹੀਂ ਵਾਹਿਗੁਰੂ ਨੂੰ ਧਿਆ ਕੇ ਵੀ ਅਰਦਾਸ ਕੀਤੀ ਜਾ ਸਕਦੀ ਹੈ। ਪਰ ਅਜਿਹੇ ਸਮੇਂ ਸਾਡੇ ਲਈ ਇਕ ਵਿਸ਼ੇਸ਼ ਚੇਤਨਾ ਰਾਹੀਂ, ਆਤਮ-ਨਿਯੰਤਰਣ ਦੀ ਵਿਧੀ ਅਪਨਾ ਕੇ ਅਰਦਾਸ ਵਿਚ ਜੁੜਨਾ ਜ਼ਰੂਰੀ ਹੈ। ਸਿੱਖ ਧਰਮ ਵਿਚ ਹਰ ਸਿੱਖ ਲਈ, ਨਿੱਤ-ਨੇਮ ਦੀ ਬਾਣੀ ਦੇ ਪਾਠ ਉਪਰੰਤ ਅਤੇ ਹੋਰ ਅਨੇਕਾਂ ਕਾਰਜਾਂ ਦੀ ਨਿਰਵਿਘਨ ਸੰਪੂਰਨਤਾ ਲਈ ਵਾਹਿਗੁਰੂ ਜੀ ਅੱਗੇ ਖੜ੍ਹੇ ਹੋ ਕੇ ਅਤੇ ਦੋਵੇਂ ਹੱਥ ਅਦਬ ਸਹਿਤ ਜੋੜ ਕੇ ਅਰਦਾਸ ਕਰਨਾ ਜ਼ਰੂਰੀ ਹੈ। ਅਰਦਾਸ ਇਕ ਪਰਮਾਰਥਿਕ ਵਰਤਾਰਾ ਤੇ ਮੁਰਾਦਾਂ ਮੰਗਣ ਦੀ ਕਿਰਿਆ ਹੈ, ਇਸ ਲਈ ਅਰਦਾਸ ਰਾਹੀਂ ਅਸੀਂ ਆਪਣੇ ਮਨ ਵਿਚ ਉਪਜੀ ਹਰ ਤਰ੍ਹਾਂ ਦੀ ਇੱਛਾ ਦੀ ਸਾਂਝ ਆਪਣੇ ਸਿਰਜਣਹਾਰ ਨਾਲ ਪਾਉਂਦੇ ਹਾਂ। ਇਸ ਸਮੇਂ ਸਾਡੇ ਅਤੇ ਵਾਹਿਗੁਰੂ ਦੇ ਦਰਮਿਆਨ ਹੋਰ ਕੋਈ ਨਹੀਂ ਹੁੰਦਾ, ਕੇਵਲ ਗੁਰੂ ਸਾਹਿਬਾਨ, ਗੁਰੂ ਸ਼ਬਦ ਤੇ ਸ਼ਹੀਦ ਸਾਡੀ ਗਵਾਹੀ ਭਰਦੇ ਹੋਏ ਸਾਡੀ ਪਾਸਬਾਨੀ ਕਰਦੇ ਹਨ। ਅਜਿਹੇ ਵਿਚ ਸਾਡਾ ਮਨ ਪੂਰੀ ਪਾਕੀਜ਼ਗੀ ਨਾਲ ਪਾਰਬ੍ਰਹਮ ਦੀ ਇਲਾਹੀ ਨਦਰ ਦਾ ਤਲਬਗਾਰ ਬਣਦਾ ਹੈ।

ਇਥੇ ਇਸ ਸਦੀਵੀ ਸੱਚ ਨੂੰ ਸਮਝਣ ਅਤੇ ਵਿਚਾਰਨ ਦੀ ਲੋੜ ਹੈ ਕਿ ਜੋ ਕੁਝ ਵੀ ਅਰਦਾਸ ਵਿਚ ਅਸੀਂ ਵਾਹਿਗੁਰੂ ਪਾਸੋਂ ਮੰਗਦੇ ਹਾਂ, ਕੀ ਅਸੀਂ ਸੱਚੇ ਮਨੋਂ ਉਸ ਦੇ ਅਭਿਲਾਸ਼ੀ ਵੀ ਹਾਂ, ਜੇ ਸੱਚੇ ਮਨੋਂ ਅਭਿਲਾਸ਼ੀ ਹਾਂ ਤਾਂ ਕੀ ਸਾਡਾ ਆਚਰਣ ਤੇ ਦਿਨ ਭਰ ਦੇ ਵਰਤਾਰੇ, ਸਾਡੀ ਅਰਦਾਸ ਦੇ ਜ਼ਹੂਰ ਅਨੁਸਾਰ, ਢੁਕਵੇਂ ਸਦਾਚਾਰਾਂ 'ਤੇ ਪੂਰੇ ਵੀ ਉਤਰਦੇ ਹਨ ਜਾਂ ਨਹੀਂ? ਮਿਸਾਲ ਦੇ ਤੌਰ 'ਤੇ ਜੇ ਅਸੀਂ ਅਰਦਾਸ ਕਰਦੇ ਹਾਂ 'ਹੇ ਸੱਚੇ ਪਾਤਿਸ਼ਾਹ, ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਵਿਸਾਹ ਦਾਨ, ਬੁੱਧੀ ਤੇ ਵਿਵੇਕ ਦਾਨ, ਸਿਦਕ ਤੇ ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ...' ਪ੍ਰੰਤੂ ਜੇ ਅਰਦਾਸ ਉਪਰੰਤ ਜੀਵਨ ਦੇ ਸਭ ਆਹਾਰ ਅਤੇ ਵਿਹਾਰ ਅਰਦਾਸ ਦੀ ਭਾਵਨਾ ਦੇ ਵਿਪਰੀਤ ਹੋਣ, ਤਦ ਸਾਡੀ ਅਰਦਾਸ ਕਿਵੇਂ ਮਨਜ਼ੂਰ ਹੋਵੇਗੀ? ਜੇ ਕੋਈ ਵਿਅਕਤੀ ਜਾਂ ਕੌਮ ਆਪਣੀ ਅਰਦਾਸ ਪ੍ਰਤੀ ਵੀ ਵਫ਼ਾਦਾਰ ਨਾ ਹੋਵੇ ਤੇ ਅਰਦਾਸ ਸਮੇਂ ਵੀ ਕੋਈ ਢੌਂਗ ਕਰ ਰਿਹਾ ਹੋਵੇ, ਤਦ ਉਸ ਦੀ ਬਹੁੜੀ ਕੌਣ ਕਰੇਗਾ? ਜੋ ਵਿਅਕਤੀ ਆਪਣੇ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣਦਿਆਂ ਹੋਇਆਂ ਵੀ ਉਸ ਦੇ ਸਨਮੁਖ ਛਲਾਵਾ ਕਰ ਸਕਦਾ ਹੈ, ਉਹ ਵਾਹਿਗੁਰੂ ਦੀ ਅਪਾਰ ਕਿਰਪਾ ਦਾ ਪਾਤਰ ਕਿਵੇਂ ਹੋ ਸਕਦਾ ਹੈ? ਅਰਦਾਸ ਨੂੰ ਕੇਵਲ ਰੋਜ਼ਮਰ੍ਹਾ ਦੀ ਇਕ ਬੰਨ੍ਹਵੀਂ ਮਸ਼ਕ ਸਮਝ ਲੈਣਾ ਵੀ ਇਕ ਅਣਉਚਿੱਤ ਤੇ ਸ਼ਰਧਾਹੀਣ ਰਵੱਈਆ ਹੈ। ਅਜੋਕੇ ਭਿਆਨਕ ਤੇ ਅਦ੍ਰਿੜ੍ਹ ਸਮਿਆਂ ਦੇ ਸੰਤਾਪ ਦੇ ਸੰਦਰਭ ਵਿਚ ਹਰ ਸਿੱਖ ਨੂੰ ਸਿੱਖ ਅਰਦਾਸ ਵਿਚ ਸੱਚੀ-ਸੁੱਚੀ ਸਮਰਪਿਤ ਭਾਵਨਾ ਨਾਲ ਜੁੜਨਾ ਅਤੇ ਆਪਣੀ ਅਰਾਧਨਾ ਦੇ ਸੱਚੇ ਪਹਿਰੇਦਾਰ ਬਣ ਕੇ ਜੀਵਨ ਨਿਰਬਾਹ ਕਰਨਾ ਹੀ 'ਸਿੱਖ ਸੰਕਲਪ' ਦਾ ਇਕ ਯੋਗ ਅਮਲ ਹੈ। ਅਰਦਾਸ ਦੇ ਅਮਲੀ ਯਥਾਰਥ ਨੂੰ ਅਨੁਭਵ ਕਰਨ ਲਈ ਸਿੱਖ ਅਰਦਾਸ ਦਾ ਸੰਕਲਪ, ਸੰਰਚਨਾ, ਆਤਮ-ਨਿਯੰਤਰਨ ਦੀ ਵਿਧੀ ਅਤੇ ਮਹਾਤਮ ਨੂੰ ਸਮੁੱਚਤਾ ਵਿਚ ਸਮਝਣ ਦੀ ਲੋੜ ਹੈ, ਨਹੀਂ ਤਾਂ ਅਸੀਂ ਰਹਿਮਤਾਂ ਦੇ ਪਾਤਰ ਬਣਨ ਤੋਂ ਵਾਂਝੇ ਰਹਿ ਸਕਦੇ ਹਾਂ। ਜੋ ਵਾਹਿਗੁਰੂ ਬਖ਼ਸ਼ਿਸ਼ਾਂ ਦੇ ਸਮਰੱਥ ਅਤੇ ਸਰਬ-ਸ਼ਕਤੀਮਾਨ ਹਨ, ਉਹ ਸਾਡੀ ਹਰ ਅਵੱਗਿਆ ਨੂੰ ਵੀ ਪਛਾਣਦੇ ਹਨ, ਉਹ ਸਭ ਦੀ ਪੀੜ ਨੂੰ ਬੁੱਝਦੇ ਤੇ ਜਾਣਦੇ ਹਨ:

ਘਟ ਘਟ ਕੇ ਅੰਤਰ ਕੀ ਜਾਨਤ ॥
ਭਲੇ ਬੁਰੇ ਕੀ ਪੀਰ ਪਛਾਨਤ ॥
(ਕਬਿਯੋਬਾਚ ਬੇਨਤੀ ॥ ਚੌਪਈ ॥
ਪਾਤਿਸ਼ਾਹਿ ਦਸਵੀਂ ॥)

ਆਓ ਆਪਣੀ ਅਰਦਾਸ ਯਾਚਨਾ ਦੇ ਸੱਚੇ ਪਹਿਰੇਦਾਰ ਬਣ ਕੇ ਵਾਹਿਗੁਰੂ ਜੀ ਦੀਆਂ ਮਿਹਰਾਂ ਅਤੇ ਰਹਿਮਤਾਂ ਦੇ ਪਾਤਰ ਬਣੀਏ, ਤਾਂ ਕਿ ਸਾਡਾ ਲੋਕ ਸੁਖੀ ਤੇ ਪ੍ਰਲੋਕ ਸੁਹੇਲਾ ਹੋ ਸਕੇ।

-ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ।

ਮੋਬਾ: 98140-33362

## ਅਨੰਦਮਈ ਹੈ ਅਨੰਦੁ ਸਾਹਿਬ



ਤੀਸਰੇ ਨਾਨਕ, ਗੁਰੂ ਅਮਰਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 19 ਰਾਗਾਂ ਅਧੀਨ ਬਾਣੀ ਸ਼ਾਮਲ ਹੈ ਅਤੇ ਸ਼ਬਦਾਂ ਦਾ ਕੁੱਲ ਜੋੜ 907 ਬਣਦਾ ਹੈ। ਆਪ ਜੀ ਦੀਆਂ ਉਚਾਰਣ ਬਾਣੀਆਂ ਵਿੱਚੋਂ ਰਾਮਕਲੀ ਰਾਗ ਵਿਚ ਆਪ ਜੀ ਦੀ ਬਾਣੀ 'ਅਨੰਦੁ' ਪੰਨਾ ਨੰਬਰ 917 ਤੋਂ 922 ਤਕ ਸੁਸ਼ੋਭਿਤ ਹੈ। ਅਨੰਦੁ ਬਾਣੀ ਨੂੰ ਸਤਿਕਾਰ ਸਹਿਤ 'ਅਨੰਦ ਸਾਹਿਬ' ਕਿਹਾ ਜਾਂਦਾ ਹੈ ਅਤੇ ਇਸ ਵਿਚ 40 ਪਉੜੀਆਂ ਹਨ। ਕੋਈ ਵਿਰਲਾ ਹੀ ਹੋਵੇਗਾ ਜੋ ਗੁਰੂ ਅਮਰਦਾਸ ਦੀ ਇਸ ਬਾਣੀ ਬਾਰੇ ਨਾ ਜਾਣਦਾ ਹੋਵੇ, ਕਿਉਂ ਜੁ ਸਿੱਖ ਵਿਚਾਰਧਾਰਾ ਅਨੁਸਾਰ ਪੂਰੀ ਦੁਨੀਆ ਵਿਚ ਜਿੱਥੇ ਕਿਤੇ ਵੀ ਨਿੱਜੀ ਜਾਂ ਪੰਥਕ ਤੌਰ 'ਤੇ ਕੋਈ ਧਾਰਮਿਕ ਸਮਾਗਮ ਹੁੰਦਾ ਹੈ ਤਾਂ ਉਸਦੀ ਸਮਾਪਤੀ ਮੌਕੇ ਅਨੰਦੁ ਸਾਹਿਬ ਦੀ ਬਾਣੀ ਵਿੱਚੋਂ ਪਹਿਲੀਆਂ ਪੰਜ ਪਉੜੀਆਂ ਅਤੇ 40ਵੀਂ ਆਖਰੀ ਪਉੜੀ ਨੂੰ ਕੀਰਤਨ ਜਾਂ ਸੰਗਤੀ ਰੂਪ ਵਿਚ ਪੜ੍ਹਨ ਤੋਂ ਬਾਅਦ ਹੀ ਸਮਾਪਤੀ ਦੀ ਅਰਦਾਸ ਕੀਤੇ ਜਾਣ ਦੀ ਮਰਯਾਦਾ ਹੈ। ਇਸਦੇ ਨਾਲ ਹੀ ਸਿੱਖ ਤੋਂ ਸਿੰਘ ਬਣਨ ਵੇਲੇ ਖੰਡੇ ਬਾਟੇ ਦੀ ਪਾਹੁਲ ਦੇਣ ਦੌਰਾਨ ਪੰਜ ਪਿਆਰਿਆਂ ਵੱਲੋਂ ਪਾਹੁਲ (ਅੰਮ੍ਰਿਤ) ਛਕਾਉਣ ਵੇਲੇ ਵੀ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਵੈਸੇ ਵੀ ਸਿੱਖ ਧਰਮ ਵਿਚ ਅਨੰਦ ਲਫਜ਼ (ਜਿਸਦਾ ਮਾਅਨਾ ਹੀ ਪ੍ਰਸੰਨਤਾ, ਖੁਸ਼ੀ ਜਾਂ ਪੂਰਨ ਖਿੜਾਉ ਹੈ) ਨਾਲ ਕਾਫੀ ਲਗਾਉ ਹੈ, ਕਿਉਂਜੁ ਸਿੱਖ ਧਰਮ ਦੇ ਚਾਰ ਸੰਸਕਾਰ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ (ਅਨੰਦ ਕਾਰਜ), ਅਤੇ ਮੌਤ ਨਾਲ ਸਬੰਧਿਤ ਸੰਸਕਾਰ ਬਿਨ੍ਹਾਂ ਕਿਸੇ ਧਾਰਮਿਕ ਅਡੰਬਰ, ਕਰਮਕਾਂਡ ਅਤੇ ਅੰਧਵਿਸ਼ਵਾਸ ਦੇ ਗੁਰਮਤਿ ਅਨੁਸਾਰ ਹੀ ਕਰਨ ਦੀ ਹਦਾਇਤ ਹੈ ਅਤੇ ਹਰੇਕ ਸੰਸਕਾਰ ਦੀ ਸੰਪੂਰਨਤਾ ਵੇਲੇ ਅਨੰਦ ਬਾਣੀ ਦੀਆਂ ਪਹਿਲੀਆਂ ਪੰਜ ਅਤੇ ਅਖਰੀਲੀ ਪਉੜੀ ਦਾ ਪਾਠ ਕਰਕੇ ਉਪਰੰਤ ਅਰਦਾਸ, ਹੁਕਮਨਾਮਾ ਸਾਹਿਬ ਅਤੇ ਕੜਾਹ ਪ੍ਰਸਾਦਿ ਵਰਤਾਉਣ ਦੀ ਰੀਤੀ ਨਿਭਾਈ ਜਾਂਦੀ ਹੈ। ਅਨੰਦ ਸਾਹਿਬ ਦੀਆਂ 40 ਪਉੜੀਆਂ ਵਿੱਚੋਂ ਹਰ ਇੱਕ ਪਉੜੀ ਆਪਣੇ ਆਪ ਵਿਚ ਜਿੰਦਗੀ ਦੇ ਬੜੇ ਹੀ ਅਹਿਮ ਅਤੇ ਗੁਹਜ ਭੇਦਾਂ ਨੂੰ ਖੋਲ੍ਹ ਕੇ ਸਮਝਾਇਆ ਹੈ। ਜੇਕਰ ਅਨੰਦੁ ਸਾਹਿਬ ਦੀ ਬਾਣੀ ਨੂੰ ਕੋਈ ਵੀ ਵਿਚਾਰ ਕੇ ਪੜ੍ਹੇ ਤਾਂ ਉਸਦੇ ਮਨ ਅੰਦਰ ਵੀ ਅਨੰਦ ਪੈਦਾ ਹੋ ਜਾਣਾ ਸੁਭਾਵਿਕ ਹੈ।

**ਇਕਵਾਕ ਸਿੰਘ ਪੱਟੀ**

ਮੋ. 98150 24920

# ਸਫਾਈ ਦੀ ਆ ਰਹੀ ਸਮੱਸਿਆ ਤੋਂ ਬਾਅਦ, ਜਲਾਲਾਬਾਦ 'ਚ ਸਫਾਈ ਅਭਿਆਨ ਜੰਗੀ ਪੱਧਰ 'ਤੇ



**ਜਲਾਲਾਬਾਦ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕੁਝ ਦਿਨਾਂ ਤੋਂ ਸ਼ਹਿਰ 'ਚ ਸਫ਼ਾਈ ਦੀ ਸਮੱਸਿਆ ਚੱਲ ਰਹੀ ਸੀ, ਜਿਸ ਦੇ ਚੱਲਦਿਆਂ ਸ਼ਹਿਰ ਨਿਵਾਸੀਆਂ ਨੂੰ ਬਹੁਤ ਸਮੱਸਿਆਵਾਂ ਆ ਰਹੀਆਂ ਸਨ ਤੇ ਸ਼ਹਿਰ ਨਿਵਾਸੀ ਕੂੜੇ ਨੂੰ ਅੱਗ ਲਗਾਉਣ ਲਈ ਮਜ਼ਬੂਰ ਸਨ। ਬੀਤੇ ਦਿਨੀ ਸਫ਼ਾਈ ਨਾ ਹੋਣ ਦਾ ਕਾਰਨ ਸੀ, ਕਿ ਪਹਿਲੇ ਠੇਕੇਦਾਰਾਂ ਦਾ 31 ਮਾਰਚ ਨੂੰ ਠੇਕਾ ਖਤਮ ਹੋ ਗਿਆ ਸੀ ਤੇ ਨਵਾਂ ਠੇਕਾ ਲੇਟ ਹੋਣ ਕਾਰਨ ਉਕਤ ਸਮੱਸਿਆ ਆਈ ਸੀ। ਉਕਤ ਸ਼ਬਦਾ ਦਾ ਪ੍ਰਗਆਵਾ ਨਗਰ ਕੌਂਸਲ ਪ੍ਰਧਾਨ ਵਿਕਾਸਦੀਪ ਓਂਧਰੀ ਅਤੇ ਈ.ਓ ਗੁਰਦਾਸ ਸਿੰਘ ਵਲੋਂ ਕੀਤਾ ਗਿਆ। ਉਨ੍ਹਾਂ ਨੂੰ ਸਮੂਹ ਜਨਤਾ ਨੂੰ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਨੂੰ ਭਵਿੱਖ 'ਚ ਕਿਸੇ ਕਿਸਮ ਦੀ ਸਮੱਸਿਆ ਨਹੀ ਆਉਣ ਦਿੱਤੀ ਜਾਵੇਗੀ ਤੇ ਸਫ਼ਾਈ ਅਭਿਆਣ ਵੀ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ।

ਇਸ ਮੌਕੇ ਪ੍ਰਧਾਨ ਵਿਕਾਸਦੀਪ ਚੌਧਰੀ ਤੋਂ ਇਲਾਵਾ ਈ.ਓ ਗੁਰਦਾਰ ਸਿੰਘ, ਐੱਸ.ਆਈ ਜਗਦੀਪ ਅਰੋੜਾ ਅਤੇ ਸਹਾਇਕ ਸੁਪਰਵਾਇਜ਼ਰ ਸੰਦੀਪ ਸੰਗੇਲੀਆ ਆਦਿ ਹਾਜ਼ਰ ਸਨ।

# ਕਿਸਾਨ ਨੇ ਲਗਾਏ ਮਸ਼ੀਨਰੀ ਵਿਕਰੇਤਾ 'ਤੇ ਲਗਾਏ ਦੋਸ਼



ਏਜੰਸੀ ਦਾ ਘਿਰਾਓ ਕਰੀ ਬੈਠੇ ਦਿਖਾਈ ਦੇ ਰਹੇ ਕਿਸਾਨ

**ਮਾਛੀਵਾੜਾ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜ੍ਹਲੇ ਪਿੰਡ ਬੁਰਜ ਪਵਾਤ ਦੇ ਕਿਸਾਨ ਅੰਗਰੇਜ਼ ਸਿੰਘ ਨੇ ਲੰਘੀ 29 ਮਾਰਚ ਨੂੰ ਦੇਰ ਰਾਤ ਖੇਤੀਬਾੜ ੀ ਮਸ਼ੀਨਰੀ ਰੂਟਾਵੇਟਰ ਰਾਹੋਂ ਰੋਡ 'ਤੇ ਸਥਿਤ ਇੱਕ ਦੁਕਾਨਦਾਰ ਤੋਂ ਖਰੀਦਿਆ ਸੀ ਅਤੇ ਜਦੋਂ ਉਸਨੇ ਘਰ ਜਾ ਕੇ ਦੂਜੇ ਦਿਨ ਬਰੀਕੀ ਨਾਲ ਦੇਖਿਆ ਤਾਂ ਇਹ ਪੁਰਾਣਾ ਸੀ। ਕਿਸਾਨ ਅੰਗਰੇਜ਼ ਸਿੰਘ ਨੇ ਦੱਸਿਆ ਕਿ ਇਹ ਖੇਤੀਬਾੜੀ ਮਸ਼ੀਨਰੀ ਰੂਟਾਵੇਟਰ ਉਸਨੇ ਰਾਹੋਂ ਰੋਡ 'ਤੇ ਸਥਿਤ ਸੁਖਮਨੀ ਐਗਰੋ ਤੋਂ ਖਰੀਦੀ ਸੀ ਅਤੇ ਜਦੋਂ ਉਸਨੇ ਘਰ ਜਾ ਕੇ ਦੇਖਿਆ ਤਾਂ ਇਸ ਨੂੰ ਕਈ ਥਾਵਾਂ ਤੋਂ ਜੰਗ ਲੱਗਿਆ ਹੋਇਆ ਸੀ ਅਤੇ ਦੁਬਾਰਾ ਰੰਗ ਵੀ ਕੀਤਾ ਹੋਇਆ ਸੀ। ਜਦੋਂ ਇਹ ਖਰੀਦੀ ਗਈ ਮਸ਼ੀਨਰੀ ਵਾਪਸ ਕਰਨ ਲਈ ਉਕਤ ਏਜੰਸੀ ਕੋਲ ਗਿਆ ਤਾਂ ਉਸਨੇ ਐਂਡਵਾਸ ਦਿੱਤਾ 50 ਹਜ਼ਾਰ ਰੁਪਏ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ।

ਕਿਸਾਨ ਨਾਲ ਹੋਈ ਧੱਕੇਸ਼ਾਹੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂਆਂ ਨੇ ਏਜੰਸੀ ਦਾ ਘਿਰਾਓ ਕਰ ਦਿੱਤਾ ਅਤੇ ਮੰਗ ਕੀਤੀ ਕਿ ਕਿਸਾਨ ਦੀ ਮਸ਼ੀਨਰੀ ਵਾਪਸ ਕਰ ਉਸ ਦੀ ਰਾਸ਼ੀ ਵਾਪਸ ਕੀਤੀ ਜਾਵੇ। ਏਜੰਸੀ ਦਾ ਘਿਰਾਓ ਕਰਨ ਵਾਲੇ ਕਿਸਾਨ ਆਗੂ ਪਰਮਿੰਦਰ ਸਿੰਘ ਪਾਲ ਮਾਜਰਾ, ਮਨਜੀਤ ਸਿੰਘ ਢੀਂਡਸਾ, ਹਰਦੀਪ ਸਿੰਘ, ਗਿਆਨ ਸਿੰਘ ਮੰਡ, ਹਰਵਿੰਦਰ ਸਿੰਘ ਰਤੀਪੁਰ, ਗੁਰਸੇਵਕ ਸਿੰਘ, ਰਵਿੰਦਰ ਸਿੰਘ, ਚਰਨਜੀਤ ਸਿੰਘ ਪਾਲ ਮਾਜਰਾ, ਸਤਵੰਤ ਸਿੰਘ, ਧੀਰਾ ਸਿੰਘ, ਬਲਵੰਤ ਸਿੰਘ, ਜਿੰਦਰ ਸਿੰਘ ਗਰੇਵਾਲ, ਬਾਗ ਸਿੰਘ, ਜਸਪਾਲ ਸਿੰਘ ਮਾਣੇਵਾਲ, ਹਰਪ੍ਰੀਤ ਸਿੰਘ ਮਾਣੇਵਾਲ, ਪ੍ਰਗਟ ਸਿੰਘ, ਰਵਿੰਦਰ ਸਿੰਘ, ਗੁਰਵਿੰਦਰ ਸਿੰਘ, ਧਰਮਪ੍ਰੀਤ ਸਿੰਘ ਨੇ ਕਿਹਾ ਕਿ ਕਿਸਾਨ ਨੂੰ ਜੋ ਪੁਰਾਣੀ ਮਸ਼ੀਨਰੀ ਵੇਚੀ ਹੈ ਉਹ ਸ਼ਰੇਆਮ ਧੱਕੇਸ਼ਾਹੀ ਹੈ ਕਿਉਂਕਿ ਕੁਝ ਏਜੰਸੀਆਂ ਇਹ ਮਸ਼ੀਨਰੀ 'ਤੇ ਸਬਸਿਡੀ ਹੜੱਪ ਕੇ ਪੁਰਾਣੇ ਰੂਟਾਵੇਟਰ ਖਰੀਦ ਲੈਂਦੇ ਹਨ ਅਤੇ ਫਿਰ ਇਸ ਨੂੰ ਨਵਾਂ ਕਹਿ ਕੇ ਨਵੇਂ ਕਿਸਾਨ ਨੂੰ ਵੇਚ ਦਿੰਦੇ ਹਨ। ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਏਜੰਸੀ ਦਾ ਮਾਲਕ ਕਿਸਾਨ ਦੇ ਵਾਪਸ ਨਹੀਂ ਦਿੰਦਾ ਉਦੋਂ ਤੱਕ ਘਿਰਾਓ ਜਾਰੀ ਰਹੇਗਾ।

# ਐਡੂਮੌਂਟ ਵਰਲਡ ਸਕੂਲ ਨਾਭਾ ਵਿਖੇ 'ਬੱਚੇ ਨੂੰ ਜਾਣੋ' ਤੇ ਇੱਕ ਸਮਾਰੋਹ ਆਯੋਜਿਤ

**ਨਾਭਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਐਡੂਮੌਂਟ ਵਰਲਡ ਸਕੂਲ ਨਾਭਾ ਵਿਖੇ ਨਵੇਂ ਸੈਸ਼ਨ ਸੰਬੰਧੀ ਅਧਿਆਪਕਾਂ ਲਈ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਸ ਦਾ ਮੁੱਖ ਵਿਸ਼ਾ ਬੱਚਿਆਂ ਦੀ ਮਾਨਸਿਕਤਾ ਨੂੰ ਸਮਝਣਾ ਸੀ। ਇਸ ਵਰਕਸ਼ਾਪ ਵਿੱਚ ਜ਼ਿੰਦਗੀ ਜਿਊਣ ਦੀ ਕਲਾ ਦੇ ਇੱਕ ਪ੍ਰਮੁੱਖ ਮੈਂਬਰ ਪਟਿਆਲਾ ਤੋਂ ਮਾਨਯੋਗ ਸ੍ਰੀ ਰਾਜੇਸ਼ ਜਿੰਦਲ ਦੁਆਰਾ ਸਹੂਲਤ ਦਿੱਤੀ ਗਈ। ਉਹਨਾਂ ਨੇ ਆਪਣੇ ਕੀਮਤੀ ਸੁਝਾਵਾਂ ਅਤੇ ਤਜ਼ਰਬੇ ਦੁਆਰਾ ਅਧਿਆਪਕਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਹਰ ਇੱਕ ਬੱਚਾ ਆਪਣੇ ਆਪ ਵਿੱਚ ਵਿਸ਼ੇਸ਼ ਸਖਸੀਅਤ ਰੱਖਦਾ ਹੈ। ਉਹਨਾਂ ਨੇ ਹਮਦਰਦੀ,ਧੀਰਜ ਤੇ ਸਮਝ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਬੱਚੇ ਦੇ ਸੰਸਾਰ ਦੀਆਂ ਬਹੁਪੱਖੀ ਪਰਤਾਂ ਨੂੰ ਉਜਾਗਰ ਕੀਤਾ। ਉਹਨਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਇੱਕ ਬੱਚੇ ਦੇ ਵਿਕਾਸ ਵਿੱਚ ਮਾਤਾ ਪਿਤਾ ਆਪਣੇ ਵਿਵਹਾਰ ਨਾਲ ਇੱਕ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਕਿ ਕਿਸ ਤਰ੍ਹਾਂ ਮਾਤਾ ਪਿਤਾ ਦੇ ਜਰੀਏ ਹੀ ਉਨ੍ਹਾਂ ਦੇ ਬੱਚੇ ਅੰਦਰ ਉਹ ਸਾਰੇ ਗੁਣ ਪੈਦਾ ਹੁੰਦੇ ਹਨ ਚਾਹੇ ਉਹ ਡਰ ਹੈ ਚਾਹੇ ਉਹ ਹਿੰਮਤ ਚਾਹੇ ਉਹ ਕਿਸੇ ਨੂੰ ਪਿਆਰ ਜਾਂ ਇੱਜ਼ਤ ਦੇਣਾ ਜਾਂ ਕਿਸੇ ਨਾਲ ਲੜਨਾ। ਭਾਵ ਉਹਨਾਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਬੱਚਿਆਂ ਦੇ ਵਿਕਾਸ ਵਿੱਚ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਬਹੁਤ ਵੱਡੀ ਦੇਣ ਹੈ।

ਸੰਖੇਪ ਰੂਪ ਵਿੱਚ 'ਬੱਚੇ ਨੂੰ ਸੈਸ਼ਨ ਨੇ ਡੂੰਘੇ ਸੰਬੰਧਾਂ ਨੂੰ ਉਤਸ਼ਾਹਿਤ ਕਰਨ, ਵਿਦਿਅਕ ਤਜ਼ਰਬੇ ਨੂੰ ਭਰਭੂਰ ਬਣਾਉਣ ਅਤੇ ਉਹਨਾਂ ਦੀ ਦੇਖਭਾਲ ਲਈ ਸੌਂਪੇ ਗਏ ਹਰੇਕ ਬੱਚੇ ਦੇ ਸੰਪੂਰਨ ਵਿਕਾਸ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕੀਤਾ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਮੈਡਮ ਸ੍ਰੀ ਮਤੀ ਕਾਜਲ ਨਾਗਪਾਲ ਅਤੇ ਪ੍ਰਿੰਸੀਪਲ ਮੈਡਮ ਸ਼੍ਰੀ ਮਤੀ ਅੰਜੂ ਸ਼ਰਮਾਂ ਨੇ ਵੀ ਇਸਦਾ ਸੰਬੋਧਨ ਕੀਤਾ।

# ਸਾਬਕਾ ਮੰਤਰੀ ਗਰਚਾ ਦੀ ਹੋਈ ਅਕਾਲੀ ਦਲ ਵਿੱਚ ਵਾਪਸੀ



**ਲੁਧਿਆਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ ਅੱਜ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅੱਜ ਸ੍ਰੀ ਗਰਚਾ ਦੀ ਗੁਰਦੇਵ ਨਗਰ ਸਥਿਤ ਰਿਹਾਇਸ਼ ਵਿੱਚ ਸਮਾਗਮ ਹੋਇਆ। ਇਸ ਮੌਕੇ ਜਗਦੀਸ਼ ਸਿੰਘ ਗਰਚਾ ਨੇ ਘਰ ਵਾਪਸੀ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੇ ਹਿੱਤ ਸਿਰਫ਼ ਅਤੇ ਸਿਰਫ਼ ਅਕਾਲੀ ਦਲ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹਨ।

ਸ੍ਰੀ ਬਾਦਲ ਵੱਲੋਂ ਜੋ ਪੰਥਕ ਹਿਤਾਂ ਦੀ ਗੱਲ ਕਰਕੇ ਸਾਰੀਆਂ ਖੇਤਰੀ ਪਾਰਟੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ, ਉਹ ਇਸ ਅਪੀਲ ਨੂੰ ਵੇਖਦਿਆਂ ਹੀ ਅਕਾਲੀ ਦਲ ਵਿੱਚ ਮੁੜ ਵਾਪਸ ਆਏ ਹਨ।

ਇਸ ਤੋਂ ਪਹਿਲਾਂ ਹਰਜਿੰਦਰ ਸਿੰਘ ਬੌਬੀ ਗਰਚਾ ਨੇ ਸੁਖਬੀਰ ਬਾਦਲ ਦਾ ਸਵਾਗਤ ਕਰਦਿਆਂ ਕਿਹਾ ਕਿ ਗਰਚਾ ਪਰਿਵਾਰ ਸਿਰਫ਼ ਬਾਦਲ ਪਰਿਵਾਰ ਹੀ ਨਹੀਂ ਬਲਕਿ ਅਕਾਲੀ ਦਲ ਨਾਲ ਪਹਿਲਾਂ ਵਾਂਗ ਚਟਾਨ ਵਾਂਗ ਖੜ੍ਹੇਗਾ।

ਇਸ ਮੌਕੇ ਸੁਖਬੀਰ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਲੁੱਟ ਕਰਨ ਆਈਆਂ ਦਿੱਲੀ ਦੀਆਂ ਕੌਮੀ ਪਾਰਟੀਆਂ ਨੂੰ ਮੂੰਹ ਨਾ ਲਗਾਉਣ ਅਤੇ ਅਕਾਲੀ ਦਲ ਦੇ ਹੱਥ ਮਜ਼ਬੂਤ ਕਰਨ ਤਾਂ ਜੋ ਪੰਜਾਬ, ਪੰਜਾਬੀਅਤ, ਪੰਥ ਅਤੇ ਕੌਮ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

ਇਸ ਮੌਕੇ ਸ੍ਰੀ ਬਾਦਲ ਨੇ ਕਿਹਾ ਕਿ ਜਗਦੀਸ਼ ਸਿੰਘ ਗਰਚਾ ਦੀ ਉਨ੍ਹਾਂ ਦੇ ਪਰਿਵਾਰ ਨਾਲ 50 ਸਾਲ ਪੁਰਾਣੀ ਸਾਂਝ ਹੈ। ਪਿਛਲੇ ਸਮੇਂ ਦੌਰਾਨ ਕੁਝ ਮੱਤਭੇਦਾਂ ਕਾਰਨ ਉਹ ਪਾਰਟੀ ਤੋਂ ਵੱਖ ਹੋ ਗਏ ਸਨ ਪਰ ਹੁਣ ਉਹ ਮੁੜ ਉਨ੍ਹਾਂ ਦੀ ਅਪੀਲ ਤੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਸ੍ਰੀ ਬਾਦਲ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਦੀ ਕਾਂਗਰਸ ਪਾਰਟੀ ਵਿੱਚ ਹਾਰ ਯਕੀਨੀ ਸੀ ਪਰ ਭਾਜਪਾ ਹਾਈ ਕਮਾਂਡ ਨੇ ਪਤਾ ਨਹੀਂ ਕੀ ਸੋਚ ਕੇ ਉਸ ਨੂੰ ਭਾਜਪਾ ਵਿੱਚ ਲਿਆਂਦਾ ਹੈ ਪਰ ਉਸ ਦੀ ਹੁਣ ਵੀ ਜ਼ਮਾਨਤ ਜ਼ਬਤ ਹੋਵੇਗੀ।

ਉਨ੍ਹਾਂ ਕਿਹਾ ਕਿ ਕੇਜਰੀਵਾਲ ਦੇ ਜੇਲ੍ਹ ਜਾਣ ਤੋਂ ਬਾਅਦ ਭਗਵੰਤ ਮਾਨ ਡਰਿਆ ਹੋਇਆ ਹੈ ਅਤੇ ਕੇਜਰੀਵਾਲ ਦੇ ਜੇਲ੍ਹ ਜਾਣ ਤੋਂ ਬਾਅਦ ਉਸ ਨੂੰ ਆਪਣੇ ਘੁਟਾਲਿਆਂ ਦਾ ਡਰ ਸਤਾ ਰਿਹਾ ਹੈ।

ਲੁਧਿਆਣਾ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਇੱਥੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਬੰਦ ਕਮਰਾ ਮੀਟਿੰਗ ਕਰਕੇ ਲੁਧਿਆਣਾ ਲੋਕ ਸਭਾ ਸੀਟ ਲਈ ਸਾਂਝੇ ਉਮੀਦਵਾਰ ਬਾਰੇ ਗੱਲਬਾਤ ਕੀਤੀ।

ਮੀਟਿੰਗ ਦੌਰਾਨ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ ਅਤੇ ਸਾਬਕਾ ਵਿਧਾਇਕ ਰਣਜੀਤ ਸਿੰਘ ਢਿੱਲੋਂ ਦੇ ਨਾਵਾਂ ਬਾਰੇ ਚਰਚਾ ਹੋਈ ਹੈ। ਮੀਟਿੰਗ ਦੌਰਾਨ ਬਹੁਤੇ ਆਗੂਆਂ ਨੇ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਨਾਮ 'ਤੇ ਜ਼ੋਰ ਦਿੱਤਾ।

ਇਸ ਤੋਂ ਪਹਿਲਾਂ ਸੁਖਬੀਰ ਬਾਦਲ ਨੇ ਸਾਬਕਾ ਮੰਤਰੀ ਅਤੇ ਸਾਬਕਾ ਐਮਪੀ ਸ਼ਰਨਜੀਤ ਸਿੰਘ ਢਿੱਲੋਂ ਅਤੇ ਸਾਬਕਾ ਵਿਧਾਇਕ ਬਿਕਰਮਜੀਤ ਸਿੰਘ ਖਾਲਸਾ ਨਾਲ ਵੀ ਵੱਖਰੀ ਮੁਲਾਕਾਤ ਕੀਤੀ।

ਮੀਟਿੰਗ ਦੌਰਾਨ ਜ਼ਿਲ੍ਹਾ ਅਕਾਲੀ ਜਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਦੀ ਕਾਰਗੁਜ਼ਾਰੀ ਬਾਰੇ ਵੀ ਖੁੱਲ੍ਹ ਕੇ ਚਰਚਾ ਹੋਈ।

# ਖਾਲਸਾ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੇ ਲਿਆ ਵੋਟਰ ਪ੍ਰਣ



**ਸ੍ਰੀ ਅਨੰਦਪੁਰ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਡਾ. ਪ੍ਰੀਤੀ ਯਾਦਵ ਵਲੋਂ ਦਿੱਤੇ ਆਦੇਸ਼ਾਂ ਅਨੁਸਾਰ ਅੱਜ ਐਸ.ਜੀ.ਐਸ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਵੋਟਰ ਪ੍ਰਣ ਲਿਆ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਵੀਪ ਨੋਡਲ ਅਫ਼ਸਰ ਰਣਜੀਤ ਸਿੰਘ ਨੇ ਕਿਹਾ ਕਿ ਇਸ ਮੌਕੇ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਵੱਲੋਂ ਵਿਦਿਆਰਥੀਆਂ ਨੂੰ ਵੋਟ ਦੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ ਅਤੇ ਆਗਾਮੀ ਲੋਕ ਸਭਾ ਵੋਟਾਂ ਵਿੱਚ ਆਪਣੇ ਮਾਤਾ ਪਿਤਾ ਅਤੇ ਆਪਣੇ ਆਂਢ ਗੁਆਂਢ ਦੇ ਲੋਕਾਂ ਨੂੰ ਵੋਟ ਪਾਉਣ ਦੇ ਲਈ ਜਾਗਰੂਕ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਨਾਂ ਕਿਸੇ ਲੋਭ, ਲਾਲਚ, ਜਾਤ-ਪਾਤ, ਭਾਸ਼ਾ ਅਤੇ ਧਰਮ ਦੇ ਪ੍ਰਭਾਵ ਤੋਂ ਬਿਨਾਂ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਉੱਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਵੋਟਰ ਪ੍ਰਣ ਵੀ ਲਿਆ।

# ਪੁਲਿਸ ਨੇ ਕੀਤਾ ਦੋ ਹਵਲਾਤੀਆਂ ਵਿਰੁੱਧ ਮੋਬਾਇਲ ਅਤੇ ਜਰਦੇ ਦੀਆਂ ਪੂੜੀਆਂ ਬਰਾਮਦ ਹੋਣ 'ਤੇ ਮਾਮਲਾ ਦਰਜ

**ਪਟਿਆਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਤ੍ਰਿਪੜੀ ਪੁਲਿਸ ਨੇ ਕੇਂਦਰੀ ਜੇਲ ਪਟਿਆਲਾ ਦੇ ਸਹਾਇਕ ਸੁਪਰਡੈਂਟ ਗੁਰਮੇਲ ਸਿੰਘ ਦੀ ਸ਼ਿਕਾਇਤ ਦੇ ਅਧਾਰ 'ਤੇ ਦੋ ਹਵਾਲਾਤੀਆਂ ਵਿਰੁੱਧ ਧਾਰਾ 42,52-ਏ ਪ੍ਰੀਜਨ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਕੇਂਦਰੀ ਜੇਲ ਦੇ ਸਹਾਇਕ ਸੁਪਰਡੈਂਟ ਗੁਰਮੇਲ ਸਿੰਘ ਨੇ ਦੱਸਿਆ ਕਿ ਹਵਾਲਾਤੀ ਵਿਸ਼ਾਲ ਦੀ ਜਦੋਂ ਜਿਸਮਾਨੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਇੱਕ ਕੈਚਡਾ ਕੰਪਨੀ ਦਾ ਮੋਬਾਇਲ ਬੈਟਰੀ ਸਮੇਤ ਸਿੰਮ ਕਾਰਡ ਵੀ ਬਰਾਮਦ ਹੋਇਆ ਅਤੇ ਬਿਸਤਰੇ ਵਿੱਚੋਂ 9 ਜਰਦੇ ਦੀਆਂ ਪੂੜੀਆਂ ਵੀ ਬਰਾਮਦ ਹੋਈਆਂ।

ਇਸੇ ਤਰ੍ਹਾਂ ਹਵਾਲਾਤੀ ਜੈਦੀਪ ਵਰਿੰਦਰਾ ਪਾਸੋਂ ਇੱਕ ਕੈਚਡਾ ਕੰਪਨੀ ਦਾ ਮੋਬਾਈਲ ਬੈਟਰੀ ਸਮੇਤ ਬਰਾਮਦ ਹੋਣ ਦੇ ਨਾਲ-ਨਾਲ ਸਿੰਮ ਕਾਰਡ ਵੀ ਬਰਾਮਦ ਹੋਇਆ ਹੈ। ਪੁਲਿਸ ਨੇ ਉਕਤ ਦੋਹਾਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਸੰਪਰਦਾਇ ਵੱਲੋਂ ਸਮੂਹਿਕ ਅਨੰਦ ਕਾਰਜ

**ਸ੍ਰੀ ਅਨੰਦਪੁਰ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਾਰ ਸੇਵਾ ਬਾਬਾ ਸੇਵਾ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਮਜੂਦਾ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਮਿੱਤੀ 6 ਅਪ੍ਰੈਲ 2024 ਨੂੰ 11 ਜ਼ਰੂਰਤਮੰਦ ਪਰਿਵਾਰਾਂ ਦੀਆਂ ਬੇਟੀਆਂ ਦੇ ਸਮੂਹਿਕ ਅਨੰਦ ਕਾਰਜ ਕਰਵਾਏ ਜਾ ਰਹੇ ਹਨ। ਸਵੇਰੇ 10 ਵੱਜੇ ਬਰਾਤਾਂ ਦਾ ਢੁੱਕਾ ਹੋਵੇਗਾ। ਉਪਰੰਤ ਅਨੰਦਕਾਰਜ ਤੇ ਸ਼ਾਮੀ 4 ਵੱਜੇ ਡੋਲੀਆਂ ਵਿਦਾ ਹੋਣਗੀਆਂ। ਸਾਰੇ ਜੋੜਿਆਂ ਨੂੰ ਘਰ ਦਾ ਸਾਰਾ ਜ਼ਰੂਰੀ ਸਮਾਨ ਦਿੱਤਾ ਜਾਵੇਗਾ।

ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪ ਜੀ ਕਿਲ੍ਹਾ ਅਨੰਦਗੜ੍ਹ ਸਾਹਿਬ ਵਿਖੇ ਹੁੰਮਹੁਮਾ ਕੇ ਪੁੱਜੋ ਤੇ ਸਮਾਗਮ ਦੀ ਰੌਣਕ ਨੂੰ ਵਧਾਓ। ਹੁਣ ਤੱਕ ਸਮੂਹ ਸੰਗਤਾਂ ਜੱਥੇਬੰਦੀਆਂ ਦੇ ਸਹਿਯੋਗ ਨਾਲ 2005 ਤੋਂ 2023 ਤੱਕ 530 ਅਨੰਦ ਕਾਰਜ ਕੀਤੇ ਜਾ ਚੁੱਕੇ ਹਨ। ਇਸ ਵਾਰ ਦੇ ਪਾਂ ਕੇ ਕੁੱਲ 541 ਹੋ ਜਾਣਗੇ।

# ਪੁਲੀਸ 'ਤੇ ਹਮਲਾ ਕਰਨ ਵਾਲੇ ਸੱਤ ਹੋਰ ਨੌਜਵਾਨ ਗ੍ਰਿਫ਼ਤਾਰ

**ਪਟਿਆਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰੈੱਸ ਕਾਨਫਰੰਸ ਦੌਰਾਨ ਮੁਲਜ਼ਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਐਸਪੀ ਸਰਫਰਾਜ਼ ਆਲਮ

ਪੁਲੀਸ 'ਤੇ ਪਿਛਲੇ ਦਿਨੀਂ ਹਮਲਾ ਕਰਨ ਸਬੰਧੀ ਇਰਾਦਾ ਕਤਲ ਦੀ ਧਾਰਾ 307 ਸਬੰਧੀ ਦਰਜ ਕੀਤੇ ਗਏ ਕੇਸ ਦੇ ਅਧੀਨ ਅੱਜ ਅਨਾਜ ਮੰਡੀ ਪਟਿਆਲਾ ਦੀ ਪੁਲੀਸ ਵੱਲੋਂ ਕਈ ਹੋਰ ਨੌਜਵਾਨਾਂ ਨੂੰ ਮਾਰੂ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਪੁਲੀਸ ਲਾਈਨ ਵਿੱਚ ਐੱਸ.ਪੀ ਸਿਟੀ ਸਰਫਰਾਜ ਆਲਮ ਅਤੇ ਐੱਸਪੀ ਇਨਵੈਸਟੀਗੇਸ਼ਨ ਯੋਗੇਸ਼ ਸ਼ਰਮਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦਿਤੀ।

ਉਨ੍ਹਾਂ ਦੱਸਿਆ ਕਿ 22.3.24 ਨੂੰ ਰਸੂਲਪੁਰ ਸੈਦਾਂ ਵਿੱਚ ਇਕੱਤਰ ਹੋਏ 40/50 ਨੌਜਵਾਨ ਜਦੋਂ ਹੋਰਨਾ ਨੂੰ ਪ੍ਰੇਸ਼ਾਨ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਕਾਬੂ ਕਰਨ ਲਈ ਜਦੋਂ ਪੁਲੀਸ ਵੱਲੋਂ ਰੇਡ ਕੀਤੀ ਗਈ ਤਾਂ ਇੱਕ ਨੌਜਵਾਨ ਨੇ ਆਪਣਾ ਮੋਟਰਸਾਈਕਲ ਹੌਲਦਾਰ ਗੁਰਪ੍ਰੀਤ ਸਿੰਘ 'ਤੇ ਚੜ੍ਹਾ ਦਿੱਤਾ ਸੀ। ਇਸ ਕਾਰਨ ਉਸ ਦੀ ਸੱਜੀ ਲੱਤ ਟੁੱਟ ਗਈ ਸੀ। ਇਸ ਸਬੰਧੀ 23 ਮਾਰਚ ਨੂੰ ਭਾਰਤੀ ਦੰਡਾਵਲੀ ਦੀ ਧਾਰਾ 307,323,148,149 ਤਹਿਤ ਅਨਾਜ ਮੰਡੀ ਥਾਣੇ 'ਚ ਕੇਸ ਦਰਜ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਵਿੱਚ ਰਾਜਵਿੰਦਰ ਰਾਜਾ ਵਾਸੀ ਏਕਤਾ ਨਗਰ ਪਟਿਆਲਾ, ਹਰਪ੍ਰੀਤ ਸਿੰਘ ਵਾਸੀ ਗੁਰਦੀਪ ਕਾਲੋਨੀ ਅਬਲੋਵਾਲ ਪਟਿਆਲਾ ਸਮੇਤ ਚਾਰ ਹੋਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਕੋਲੋਂ 2 ਤਲਵਾਰਾਂ, 2 ਬੇਸਬਾਲ ਅਤੇ 2 ਡੰਡੇ ਬਰਾਮਦ ਹੋਏ ਹਨ। ਇਸ ਦੇ ਨਾਲ ਹੁਣ ਤੱਕ ਇਸ ਕੇਸ ਚ ਕੁੱਲ14 ਮੁਲਜ਼ਮ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ।

**ਡਕੈਤੀ ਦੀ ਯੋਜਨਾ ਬਣਾਉਂਦੇ ਤਿੰਨ ਮੁਲਜ਼ਮ ਕਾਬੂ**

ਥਾਣਾ ਅਰਬਨ ਅਸਟੇਟ ਦੇ ਐੱਸਐੱਚਓ ਇੰਸਪੈਕਟਰ ਅਮਨਦੀਪ ਸਿੰਘ ਬਰਾੜ ਦੀ ਅਗਵਾਈ ਹੇਠਲੀ ਪੁਲੀਸ ਪਾਰਟੀ ਨੇ ਡਕੈਤੀ ਦੀ ਯੋਜਨਾ ਬਣਾਉਂਦੇ ਤਿੰਨ ਨੌਜਵਾਨਾ ਨੂੰ ਦੋ ਪਿਸਤੌਲਾਂ ਅਤੇ ਕਾਰਤੂਸਾਂ ਸਮੇਤ ਗ੍ਰਿਫ਼ਤਰ ਕੀਤਾ ਗਿਆ ਹੈ। ਇਹ ਜਾਣਕਾਰੀ ਅੱਜ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਐੱਸਪੀ ਸਿਟੀ ਸਰਫਰਾਜ ਆਲਮ ਅਤੇ ਐਸ.ਪੀ ਇਨਵੈਸਟੀਗੇਸ਼ਨ ਯੋਗੇਸ਼ ਸ਼ਰਮਾ ਨੇ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਵਿੱਚ ਹਰਪ੍ਰੀਤ ਸਿੰਘ, ਸੰਦੀਪ ਵਾਸੀ ਨਕੋਦਰ, ਸੋਨੂੰ ਵਾਸੀ ਪਟਿਆਲਾ ਅਤੇ ਪਾਰਸ ਕੁਮਾਰ ਨੂੰ ਡੀ.ਸੀ.ਡਬਲਿਊ. ਪਟਿਆਲਾ ਨੇੜਿਉਂ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ 2 ਪਿਸਤੌਲ ਸਮੇਤ 9 ਕਾਰਤੂਸ ਅਤੇ 2 ਤਲਵਾਰਾਂ ਬਰਾਮਦ ਹੋਈਆਂ ਹਨ। ਉਹ ਡਕੈਤੀ ਕਰਨ ਦੀ ਯੋਜਨਾ ਬਣਾ ਰਹੇ ਸਨ। ਉਧਰ ਥਾਣਾ ਮੁਖੀ ਇੰਸਪੈਕਟਰ ਅਮਨ ਬਰਾੜ ਦਾ ਕਹਿਣਾ ਸ ਕਿ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਧਾਰਾ 399,402 ਆਈ.ਪੀ.ਸੀ., 27(7) ਅਤੇ (8) ਅਸਲਾ ਐਕਟ ਅਧੀਨ ਥਾਣਾ ਅਰਬਨ ਅਸਟੇਟ ਪਟਿਆਲਾ ਵਿੱਚ ਦਰਜ ਕੀਤਾ ਗਿਆ ਸੀ।

# ਅਫ਼ੀਮ ਦੀ ਤਸਕਰੀ ਕਰਨ ਵਾਲੀ ਮਹਿਲਾ ਸਣੇ 2 ਗ੍ਰਿਫ਼ਤਾਰ

**ਲੁਧਿਆਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਆਂਢੀ ਸੂਬਿਆਂ ਤੋਂ ਅਫ਼ੀਮ ਲਿਆ ਕੇ ਸ਼ਹਿਰ 'ਚ ਸਪਲਾਈ ਕਰਨ ਵਾਲੇ ਦੋ ਤਸਕਰਾਂ ਨੂੰ ਥਾਣਾ ਡੇਹਲੋਂ ਦੀ ਪੁਲੀਸ ਨੇ ਕਾਬੂ ਕਰ ਲਿਆ ਹੈ। ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ 'ਚ ਇੱਕ ਔਰਤ ਵੀ ਸ਼ਾਮਲ ਹੈ। ਮੁਲਜ਼ਮਾਂ ਨੂੰ ਉਸ ਸਮੇਂ ਕਾਰ 'ਚ ਸਵਾਰ ਹੋ ਕੇ ਜਾਂਦੇ ਹੋਏ ਪੁਲੀਸ ਨੇ ਗ੍ਰਿਫ਼ਤਾਰ ਕੀਤਾ, ਜਦੋਂ ਉਹ ਡੇਹਲੋਂ ਰੋਡ ਕੋਲ ਕਿਸੇ ਨੂੰ ਸਪਲਾਈ ਦੇਣ ਲਈ ਆਏ ਸਨ। ਮੁਲਜ਼ਮਾਂ ਦੇ ਕਬਜ਼ੇ 'ਚੋਂ ਪੁਲੀਸ ਨੇ ਇੱਕ ਕਿਲੋ ਅਫ਼ੀਮ ਬਰਾਮਦ ਕੀਤੀ ਹੈ। ਇਸ ਮਾਮਲੇ 'ਚ ਫੁੱਲਾਂਵਾਲ ਸਥਿਤ ਮੋਤੀ ਬਾਗ ਕਲੋਨੀ ਵਾਸੀ ਜੁਆਏ ਅਤੇ ਮਲੌਦ ਵਾਸੀ ਮਨਪ੍ਰੀਤ ਕੌਰ ਬੱਬੂ ਦੇ ਖਿਲਾਫ਼ ਕੇਸ ਦਰਜ ਕਰ ਕੇ ਅਦਾਲਤ 'ਚ ਪੇਸ਼ ਕੀਤਾ। ਅਦਾਲਤ ਤੋਂ ਇੱਕ ਦਿਨ ਦਾ ਰਿਮਾਂਡ 'ਤੇ ਲੈ ਕੇ ਮੁਲਜ਼ਮਾਂ ਕੋਲੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਜਾਂਚ ਅਧਿਕਾਰੀ ਏਐੱਸਆਈ ਅਮਰਜੀਤ ਕੁਮਾਰ ਨੇ ਦੱਸਿਆ ਕਿ ਪੁਲੀਸ ਟੀਮ ਨੇ ਇਲਾਕੇ 'ਚ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲੀਸ ਨੂੰ ਸੂਚਨਾ ਮਿਲੀ ਕੇ ਮੁਲਜ਼ਮ ਕਾਰ 'ਚ ਸਵਾਰ ਹੋ ਕੇ ਨਸ਼ੇ ਦੀ ਸਪਲਾਈ ਦੇਣ ਲਈ ਜਾ ਰਹੇ ਹਨ। ਪੁਲੀਸ ਨੇ ਨਾਕਾਬੰਦੀ ਦੌਰਾਨ ਕਾਰ ਰੋਕ ਲਈ। ਮੁਲਜ਼ਮਾਂ ਨੇ ਕਾਰ 'ਚੋਂ ਨਿਕਲ ਕੇ ਫ਼ਰਾਰ ਹੋਣ ਦੀ ਕੋਸ਼ਿਸ਼ ਵੀ ਕੀਤੀ। ਪੁੱਛ-ਪੜਤਾਲ 'ਚ ਪਤਾ ਲੱਗਿਆ ਕਿ ਮੁਲਜ਼ਮ ਜਵਾਏ ਨਸ਼ਾ ਕਰਨ ਦਾ ਆਦੀ ਹੈ ਅਤੇ ਮਨਪ੍ਰੀਤ ਕੌਰ ਦਾ ਆਪਣੇ ਪਤੀ ਨਾਲ ਤਲਾਕ ਹੋ ਚੁੱਕਿਆ ਹੈ। ਦੋਹਾਂ ਨੂੰ ਪੈਸੇ ਦੀ ਲੋੜ ਰਹਿੰਦੀ ਸੀ। ਦੋਵੇਂ ਨਸ਼ਾ ਤਸਕਰੀ ਦੇ ਧੰਦੇ ਦੌਰਾਨ ਹੀ ਇੱਕ ਦੂਸਰੇ ਦੇ ਸੰਪਰਕ 'ਚ ਆਏ ਸਨ। ਇਸ ਤੋਂ ਬਾਅਦ ਦੋਹਾਂ ਨੇ ਮਿਲ ਕੇ ਤਸਕਰੀ ਸ਼ੁਰੂ ਕਰ ਦਿੱਤੀ।ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੌਕਸ ਰਾਏਕੋਟ ਸਦਰ ਪੁਲੀਸ ਨੇ ਨਾਕੇਬੰਦੀ ਦੌਰਾਨ ਮੋਟਰਸਾਈਕਲ ਸਵਾਰ ਤੋਂ ਇਕ ਕਿੱਲੋ ਅਫ਼ੀਮ ਬਰਾਮਦ ਕਰ ਕੇ ਮੁਲਜ਼ਮ ਖ਼ਿਲਾਫ਼ ਕਾਨੂੰਨੀ ਕਾਰਵਾਈ ਅਰੰਭ ਦਿੱਤੀ ਹੈ। ਪੁਲੀਸ ਚੌਕੀ ਜਲਾਲਦੀਵਾਲ ਦੇ ਇੰਚਾਰਜ ਥਾਣੇਦਾਰ ਲਖਵੀਰ ਸਿੰਘ ਅਨੁਸਾਰ ਥਾਣੇਦਾਰ ਬਲਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲੀਸ ਪਾਰਟੀ ਨੂੰ ਗਸ਼ਤ ਦੌਰਾਨ ਮਿਲੀ ਪੱਕੀ ਸੂਚਨਾ ਦੇ ਅਧਾਰ 'ਤੇ ਜਲਾਲਦੀਵਾਲ ਮੁੱਖ ਚੌਕ ਵਿੱਚ ਮੋਟਰਸਾਈਕਲ ਸਵਾਰ ਰਵਿੰਦਰ ਸਿੰਘ ਉਰਫ਼ ਨਿੱਕਾ ਪੁੱਤਰ ਜਗਰੂਪ ਸਿੰਘ ਵਾਸੀ ਪਿੰਡ ਵਜੀਦਪੁਰ ਬਦੇਸ਼ਾ ਜ਼ਿਲ੍ਹਾ ਸੰਗਰੂਰ ਨੂੰ ਰੋਕ ਕੇ ਤਲਾਸ਼ੀ ਲੈਣ 'ਤੇ ਉਸ ਕੋਲੋਂ ਇਕ ਕਿੱਲੋ ਅਫ਼ੀਮ ਬਰਾਮਦ ਹੋਈ ਹੈ। ਮੁਲਜ਼ਮ ਦਾ ਮੋਟਰਸਾਈਕਲ ਵੀ ਪੁਲੀਸ ਨੇ ਕਬਜ਼ੇ ਵਿੱਚ ਲੈ ਲਿਆ ਹੈ।

# ਈਟੀਟੀ 5994 ਭਰਤੀ ਸਬੰਧੀ ਹਾਈਕੋਰਟ ਨੇ ਫੈਸਲਾ ਰਾਖਵਾਂ ਰੱਖਿਆ

**ਸ੍ਰੀ ਅਨੰਦਪੁਰ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਈਟੀਟੀ ਕਾਡਰ ਦੀ 5994 ਭਰਤੀ ਸਬੰਧੀ ਵੀਰਵਾਰ ਨੂੰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਈ। ਜਿਸ ਦੌਰਾਨ ਜੱਜ ਸਾਹਿਬਾਨ ਨੇ ਦੋਨੋਂ ਧਿਰਾਂ ਦੇ ਪੱਖ ਸੁਣਨ ਉਪਰੰਤ ਫਿਲਹਾਲ ਫੈਸਲਾ ਰਾਖਵਾਂ ਰੱਖ ਲਿਆ ਹੈ। ਇਸ ਮੌਕੇ ਯੂਨੀਅਨ ਆਗੂਆਂ ਨੇ ਸਕੂਲੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿੱਤੇ ਗਏ ਵਿਸ਼ੇਸ਼ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।ਮਾਨਯੋਗ ਹਾਈਕੋਰਟ ਦੀ ਸੁਣਵਾਈ ਬਾਰੇ ਹੋਰ ਜਾਣਕਾਰੀ ਦਿੰਦਿਆਂ ਸੂਬਾ ਕਮੇਟੀ ਮੈਂਬਰ ਬਲਿਹਾਰ ਬੱਲੀ, ਪਰਮਪਾਲ ਫਾਜਿਲਕਾ, ਬੱਗਾ ਖੁਡਾਲ, ਬੰਟੀ, ਹਰੀਸ਼, ਕੁਲਵਿੰਦਰ ਬਰੇਟਾ, ਰਮੇਸ਼ ਅਬੋਹਰ, ਜਸਪ੍ਰੀਤ ਬਿੱਲਾ, ਲਵਪ੍ਰੀਤ ਦੰਦੀਵਾਲ ਤੇ ਆਦਰਸ਼ ਕੁਮਾਰ ਨੇ ਦੱਸਿਆ ਕਿ ਮਾਨਯੋਗ ਹਾਈਕੋਰਟ ਵਿੱਚ ਲਗਭਗ ਤਿੰਨ ਘੰਟੇ ਤੱਕ ਚੱਲੀ ਲੰਬੀ ਸੁਣਵਾਈ ਦੌਰਾਨ ਦੋਨੋਂ ਧਿਰਾਂ ਦੇ ਪੱਖ ਬਹੁਤ ਹੀ ਧਿਆਨ ਨਾਲ ਸੁਣੇ ਗਏ। ਜਿਸ ਤੋਂ ਬਾਅਦ ਫੈਸਲਾ ਰਾਖਵਾਂ ਰੱਖਿਆ ਗਿਆ ਹੈ। ਜਿਸ ਨੂੰ ਜਲਦ ਹੀ ਜੱਜ ਸਾਹਿਬਾਨ ਵੱਲੋਂ ਸੁਣਾਅ ਦਿੱਤਾ ਜਾਵੇਗਾ। ਉਕਤ ਭਰਤੀ ਨੂੰ ਮਾਨਯੋਗ ਹਾਈਕੋਰਟ ਵਿੱਚੋਂ ਬਾਹਰ ਕਢਵਾਉਣ ਲਈ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਹਮੇਸ਼ਾ ਹੀ ਹਾਂ-ਪੱਖੀ ਹੁੰਗਾਰਾ ਦਿੱਤਾ ਹੈ। ਸਿੱਖਿਆ ਮੰਤਰੀ ਵੱਲੋਂ ਸਮੇਂ-ਸਮੇਂ 'ਤੇ ਲੋੜੀਂਦੇ ਦਸਤਾਵੇਜ ਮੁਹੱਈਆ ਕਰਵਾਏ ਗਏ। ਜਿਸ ਕਾਰਨ ਅੱਜ ਉਮੀਦਵਾਰਾਂ ਨੂੰ ਕੁਝ ਰਾਹਤ ਮਿਲ ਸਕੀ ਹੈ।

ਉਹਨਾਂ ਆਖਿਆ ਕਿ ਸਿੱਖਿਆ ਮੰਤਰੀ ਨੇ ਨਿੱਜੀ ਰੁਚੀ ਲੈਂਦੇ ਹੋਏ ਐਡਵੋਕੇਟ ਜਨਰਲ ਪੰਜਾਬ ਨਾਲ ਯੂਨੀਅਨ ਆਗੂਆਂ ਦੀ ਮੀਟਿੰਗ ਕਰਵਾਈ ਤਾਂ ਜੋ ਮਾਨਯੋਗ ਹਾਈਕੋਰਟ ਦੀ ਸੁਣਵਾਈ ਦੌਰਾਨ ਪੁਖਤਾ ਦਸਤਾਵੇਜ ਪੇਸ਼ ਕੀਤੇ ਜਾ ਸਕਣ।

# ਡਾਂਸਰ ਸਿਮਰ ਸਿੱਧੂ ਵਾਇਰਲ ਵੀਡੀਓ ਦਾ ਮੁੱਖ ਕਥਿਤ ਦੋਸ਼ੀ ਗਿਰਫਤਾਰ

**ਮਾਛੀਵਾੜਾ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿਛਲੇ ਦਿਨੀ ਸਮਰਾਲਾ ਦੇ ਇੱਕ ਪੈਲੇਸ ਵਿੱਚ ਵਿਆਹ ਸਮਾਗਮ ਦੌਰਾਨ ਇੱਕ ਡਾਂਸਰ ਸਿਮਰ ਸੰਧੂ ਨਾਲ ਹੋਏ ਵਿਵਾਦ ਵਿੱਚ ਸ਼ਾਮਿਲ ਮੁੱਖ ਮੁਲਜ਼ਮ ਨੂੰ ਸਮਰਾਲਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਸਮਰਾਲਾ ਦੇ ਐੱਸ.ਐੱਚ.ਓ ਰਾਓ ਵਰਿੰਦਰ ਸਿੰਘ ਨੇ ਦੱਸਿਆ ਕਿ ਡਾਂਸਰ ਸਿਮਰ ਸੰਧੂ ਦੇ ਮਾਮਲੇ ਵਿੱਚ ਸ਼ਾਮਿਲ ਮੁੱਖ ਦੋਸ਼ੀ ਪੁਲਿਸ ਮੁਲਾਜ਼ਮ ਜਗਰੂਪ ਸਿੰਘ ਨੂੰ ਛਾਪੇਮਾਰੀ ਤੋਂ ਬਾਅਦ ਗਿਰਫਤਾਰ ਕਰ ਲਿਆ ਹੈ ਜੋ ਕਿ ਲੁਧਿਆਣਾ ਵਿੱਚ ਡਿਊਟੀ ਤੇ ਤਾਇਨਾਤ ਹੈ।

ਸੂਤਰਾਂ ਮੁਤਾਬਕ ਇਸ ਵਿਵਾਦ ਤੋਂ ਬਾਅਦ ਸਮਰਾਲਾ ਪੁਲਸ ਲਗਾਤਾਰ ਮੁਲਜ਼ਮ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਛਾਪੇਮਾਰੀ ਕਰ ਰਹੀ ਸੀ। ਅੱਜ ਜੱਦੋ ਜਹਿਦ ਤੋਂ ਬਾਅਦ ਪੁਲਸ ਮੁਲਾਜ਼ਮ ਜਗਰੂਪ ਸਿੰਘ ਨੂੰ ਛਾਪੇਮਾਰੀ ਤੋਂ ਬਾਅਦ ਗ੍ਰਿਫਤਾਰ ਕਰਨ ਵਿਚ ਕਾਮਯਾਬੀ ਹਾਸਲ ਹੋਈ ਹੈ। ਐੱਸ. ਐੱਚ. ਓ ਸਮਰਾਲਾ ਨੇ ਦੱਸਿਆ ਕਿ ਜਗਰੂਪ ਸਿੰਘ ਪੁਲਸ ਮੁਲਾਜ਼ਮ ਜੋ ਇਸ ਸਮੇਂ ਲੁਧਿਆਣਾ ਵਿਚ ਡਿਊਟੀ 'ਤੇ ਤਾਇਨਾਤ ਹੈ, ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਪ੍ਰੰਤੂ ਇਸ ਦੇ ਦੋ ਸਾਥੀ ਅਜੇ ਵੀ ਪੁਲਸ ਦੀ ਪਹੁੰਚ ਤੋਂ ਬਾਹਰ ਹਨ, ਜਿਨਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਵਿਧਾਇਕ ਦੇਵ ਮਾਨ ਨੇ ਬਲਾਕ ਪ੍ਰਧਾਨਾਂ ਤੇ ਵੱਖ ਵੱਖ ਵਿੰਗਾਂ ਦੇ ਕੋਆਰਡੀਨੇਟਰ ਨਾਲ ਕੀਤੀ ਮੀਟਿੰਗ

**ਨਾਭਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਲੋਕ ਆਮ ਆਦਮੀ ਪਾਰਟੀ ਨੂੰ ਫਤਵਾ ਦੇਣਗੇ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚ ਲਗਾਤਾਰ ਵੱਖ ਵੱਖ ਸਕੀਮਾਂ ਰਾਹੀਂ ਪੰਜਾਬ ਦਾ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇ ਮਾਨ ਐਮਐਲਏ ਨਾਭਾ ਨੇ ਬਲਾਕ ਪ੍ਰਧਾਨਾਂ ਅਤੇ ਤੇ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਕੁਆਰਡੀਨੇਟਰਾਂ ਨਾਲ ਐਮ ਐਲ ਏ ਦਫਤਰ ਮੀਟਿੰਗ ਕਰਨ ਉਪਰੰਤ ਕੀਤਾ।

ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸਾਰੇ ਅਹੁਦੇਦਾਰ ਅਤੇ ਵਰਕਰ ਸਾਹਿਬਾਨ ਨੂੰ ਪਾਰਟੀ ਉਮੀਦਵਾਰ ਦੇ ਹੱਕ ਵਿੱਚ ਵੱਧ ਤੋਂ ਵੱਧ ਚੋਣ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਆਪਾਂ ਆਪਣੇ ਉਮੀਦਵਾਰ ਨੂੰ ਨਾਭਾ ਹਲਕੇ ਵਿੱਚੋਂ ਵੱਧ ਤੋਂ ਵੱਧ ਲੀਡ ਦਵਾ ਸਕੀਏ ਇਸ ਮੌਕੇ ਉਨਾਂ ਅਹੁਦੇਦਾਰਾਂ ਨਾਲ ਹੋਰ ਵੀ ਕਈ ਵਿਸ਼ਿਆਂ ਤੇ ਚਰਚਾ ਕੀਤੀ ਇਸ ਮੌਕੇ ਉਹਨਾਂ ਦੇ ਨਾਲ ਸੀਨੀਅਰ ਆਗੂ ਰਜਿੰਦਰ ਸਿੰਘ ਮੋਹਲ , ਗੁਰਚਰਨ ਸਿੰਘ ਲਹਾਰ ਮਾਜਰਾ, ਤੇਜਿੰਦਰ ਸਿੰਘ ਖਹਿਰਾ , ਡਾਕਟਰ ਸੁਖਦੇਵ ਸਿੰਘ ਸੰਧੂ ਪ੍ਰਧਾਨ ਟਰੱਕ ਯੂਨੀਅਨ ਨਾਭਾ, ਵਰਿੰਦਰ ਸਿੰਘ ਕਕਰਾਲਾ, ਮੇਜਰ ਸਿੰਘ ਤੁੰਗਾ , ਬੱਬੂ ਛੀਟਾਂਵਾਲਾ, ਜੁਗਿੰਦਰ ਸਿੰਘ ਪੂਨੀਆਂ , ਨਵਜੋਤ ਸਿੰਘ ਪੂਨੀਆ , ਧਰਮਿੰਦਰ ਸਿੰਘ ਸੁੱਖੇਵਾਲ , ਸੂਬੇਦਾਰ ਗੁਰਿੰਦਰ ਸਿੰਘ, ਅਰਮਾਨ ਨਾਭਾ , ਸਿਮਰਨਜੀਤ ਅੜਕ ਚੌਹਾਨ , ਮਾਸਟਰ ਅਮਰੀਕ ਸਿੰਘ , ਨਰਿੰਦਰ ਜੋਸੀ , ਗੁਰਦੀਪ ਸਿੰਘ ਸਾਹੀਵਾਲ, ਹਰਪ੍ਰੀਤ ਸਿੰਘ ਪ੍ਰੀਤ ਕੌਂਸਲਰ , ਪੰਕਜ ਪੱਪੂ ਸਟੀਲ , ਗੁਲਾਬ ਮਾਨ , ਕਪਿਲ ਮਾਨ , ਕਿੰਗ ਸਰਪੰਚ, ਗੁਰਜੰਟ ਸਿੰਘ ਅਚੱਲ , ਵਕੀਲ ਸਿੰਘ ਸਹੋਲੀ , ਭਪੁਪਿੰਦਰ ਸਿੰਘ ਕਲੱਰਮਾਜਰੀ, ਅਮਨ ਗਰਗ , ਜਸਵੀਰ ਸਿੰਘ ਵਜੀਦਪੁਰ , ਹਰਜੀਤ ਸਿੰਘ ਗਿੱਲ ਕਕਰਾਲਾ , ਜਗਜੀਤ ਕੌਰ ਜਵੰਦਾ , ਮਾਸਟਰ ਜਸਪਾਲ ਸਿੰਘ ਅਤੇ ਹੋਰ ਅਹੁਦੇਦਾਰ ਮੌਜੂਦ ਸਨ।

# ਕੌਂਸਲਰ ਟਿਕਟ ਦੇ ਦਾਅਵੇਦਾਰਾਂ ਦੀ ਹੀ ਹੋਵੇਗੀ ਅਗਨੀ ਪ੍ਰੀਖਿਆ

**ਲੁਧਿਆਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਦੌਰਾਨ ਆਪਣੀ-ਆਪਣੀ ਸਿਆਸੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਦੀ ਇਸ ਵਾਰ ਜ਼ਿੰਮੇਵਾਰੀ ਕੌਂਸਲਰ ਦੀਆਂ ਟਿਕਟਾਂ ਦੇ ਦਾਅਵੇਦਾਰਾਂ ਦੀ ਵੀ ਬਣ ਗਈ ਹੈ। ਕਿਉਂਕਿ ਨਗਰ ਨਿਗਮ ਚੋਣਾਂ ਇੱਕ ਸਾਲ ਤੋਂ ਨਹੀਂ ਹੋਈਆਂ ਹਨ ਤੇ ਸੰਭਾਵਨਾ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਸਰਕਾਰ ਨਗਰ ਨਿਗਮ ਦੀਆਂ ਚੋਣਾਂ ਹੋ ਸਕਦੀ ਹੈ ਤੇ ਸ਼ਹਿਰ ਦੇ 95 ਵਾਰਡਾਂ ਦੇ ਕੌਂਸਲਰ ਦੀਆਂ ਟਿਕਟਾਂ 'ਤੇ ਲੋਕ ਸਭਾ ਉਮਦੀਵਾਰ ਦੀ ਸਹਿਮਤੀ ਬਣਾਈ ਜਾਣੀ ਹੈ।

ਇਸ ਕਰਕੇ ਅਗਰ ਕੌਂਸਲਰ ਬਣਨ ਦੇ ਚਾਹਵਾਨ ਲੋਕਾਂ ਲਈ ਟਿਕਟਾਂ ਲੈਣੀ ਹਨ ਤਾਂ ਉਨ੍ਹਾਂ ਨੂੰ ਆਪਣੀ ਇਸ ਅਗਨੀ ਪ੍ਰੀਖਿਆ ਵਿੱਚੋਂ ਨਿਕਲਣਾ ਪਵੇਗਾ। ਲੁਧਿਆਣਾ ਲੋਕ ਸਭਾ ਹਲਕੇ ਦੀ ਗੱਲ ਕਰੀਏ ਤਾਂ ਇੱਥੇ 9 ਵਿਧਾਨਸਭਾ ਹਲਕਿਆਂ ਵਿੱਚੋਂ 6 ਵਿਧਾਨ ਸਭਾ ਹਲਕਿਆਂ ਵਿੱਚ 95 ਵਾਰਡ ਹਨ। ਇਹ 6 ਹਲਕੇ ਪੂਰੇ ਤਰੀਕੇ ਦੇ ਨਾਲ ਸ਼ਹਿਰੀ ਹਨ ਤੇ ਨਗਰ ਨਿਗਮ ਦੇ ਅਧੀਨ ਆਉਂਦੇ ਹਨ। ਇੱਥੇ 95 ਵਾਰਡਾਂ ਵਿੱਚ ਪਿਛਲੇ ਇੱਕ ਸਾਲ ਤੋਂ ਕੋਈ ਕੌਂਸਲਰ ਨਹੀਂ ਹੈ ਪਰ ਨਗਰ ਨਿਗਮ ਦੀਆਂ ਚੋਣਾਂ ਲੜਨ ਦੇ ਕਈ ਦਾਅਵੇਦਾਰ ਹਨ। ਮੌਜੂਦਾਂ ਵਿਧਾਇਕਾਂ ਨੇ ਪਿਛੇ ਜਿਹੇ ਤਾਂ ਆਪਣੇ ਆਪਣੇ ਹਲਕੇ ਵਿੱਚ ਕੌਂਸਲਰ ਟਿਕਟ ਦੇ ਦਾਅਵੇਦਾਰਾਂ ਨੂੰ ਹਰੀ ਝੰਡੀ ਵੀ ਦੇ ਦਿੱਤੀ ਸੀ। ਪਰ ਚੋਣਾਂ ਨਾ ਹੋਣ ਕਾਰਨ ਸਾਰਾ ਕੰਮ ਠੰਢੇ ਬਸਤੇ ਵਿੱਚ ਚਲਾ ਗਿਆ। ਹੁਣ ਲੋਕ ਸਭਾ ਚੋਣਾਂ ਤੋਂ ਬਾਅਦ ਇੱਕ ਵਾਰ ਫਿਰ ਤੋਂ ਕੌਂਸਲਰ ਦੇ ਟਿਕਟ ਦੇ ਦਾਅਵੇਦਾਰਾਂ ਦਾ ਕੰਮ ਫਿਰ ਸ਼ੁਰੂ ਹੋ ਗਿਆ ਹੈ। ਕੌਂਸਲਰ ਟਿਕਟ ਦੇ ਦਾਅਵੇਦਾਰਾਂ ਦੇ ਮੋਢਿਆਂ 'ਤੇ ਹੀ ਹਰ ਪਾਰਟੀ ਨੇ ਸਿੱਧੇ ਤੌਰ 'ਤੇ ਵੋਟਾਂ ਪਵਾਉਣ ਦੀ ਜ਼ਿੰਮੇਵਾਰੀ ਸੁੱਟ ਦਿੱਤੀ ਹੈ। ਕੌਂਸਲਰ ਟਿਕਟ ਦੇ ਦਾਅਵੇਦਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਵਾਰਡ ਵਿੱਚ ਵੋਟਾਂ ਪਵਾਉਣ, ਜਿਸ ਤੋਂ ਬਾਅਦ ਹੀ ਨਗਰ ਨਿਗਮ ਦੀਆਂ ਚੋਣਾਂ ਵਿੱਚ ਉਨ੍ਹਾਂ ਦੀ ਟਿਕਟ ਪੱਕੀ ਹੋਵੇਗੀ।ਸਿਆਸੀ ਪਾਰਟੀਆਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜਿਨ੍ਹਾਂ ਇਲਾਕਿਆਂ ਵਿੱਚ ਪਾਰਟੀ ਨੂੰ ਵੋਟਾਂ ਘੱਟ ਪੈਣਗੀਆਂ ਉਥੇ ਕੌਂਸਲਰ ਦੇ ਟਿਕਟ ਦੇ ਦਾਅਵੇਦਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਤੇ ਉਸ ਦਾ ਸਿੱਧਾ ਅਸਰ ਟਿਕਟ 'ਤੇ ਪਵੇਗਾ। ਇਸ ਕਰ ਕੇ ਕੌਂਸਲਰਾਂ ਬਣਨ ਦੇ ਚਾਹਵਾਨਾਂ ਨੇ ਆਪਣੇ ਆਪਣੇ ਇਲਾਕੇ ਵਿੱਚ ਆਪਣੀ ਵਰਕਿੰਗ ਸ਼ੁਰੂ ਕਰ ਦਿੱਤੀ ਹੈ।ਉਧਰ, ਲੋਕ ਸਭਾ ਦੇ ਉਮੀਦਵਾਰਾਂ ਨੇ ਵੀ ਸਾਬਕਾ ਕੌਂਸਲਰਾਂ ਤੇ ਕੌਂਸਲਰ ਟਿਕਟ ਦੇ ਦਾਅਵੇਦਾਰਾਂ ਨੂੰ ਆਪਣੀ ਪਾਰਟੀ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦਿਨੀਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਦੇ ਕੌਂਸਲਰ ਤੇ ਉਸਦੇ ਪਤੀ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਇਆ।

# ਲੋਕਾਂ ਨੇ 'ਇੰਡੀਆ' ਗੱਠਜੋੜ ਨੂੰ ਨਕਾਰਿਆ: ਨਾਇਬ ਸੈਣੀ



**ਸ਼ਾਹਬਾਦ ਮਾਰਕੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੀਤੀ ਦੇਰ ਸ਼ਾਮ ਸ਼ਾਹਬਾਦ-ਬਰਾੜਾ ਰੋਡ 'ਤੇ ਸਥਿਤ ਇਕ ਨਿੱਜੀ ਫਾਰਮ ਵਿਚ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਰੇ ਅਤੇ ਕੁਰੂਕਸ਼ੇਤਰ ਤੋਂ ਲੋਕ ਸਭਾ ਉਮੀਦਵਾਰ ਨਵੀਨ ਜਿੰਦਲ ਵਿਚ ਕਿਸੇ ਤਰ੍ਹਾਂ ਦਾ ਕੋਈ ਫਰਕ ਨਹੀਂ ਹੈ। ਉਨ੍ਹਾਂ ਨੇ ਕਾਰਕੁਨਾਂ ਵਿਚ ਜੋਸ਼ ਭਰਦਿਆਂ ਕਿਹਾ ਕਿ ਭਾਜਪਾ ਦਾ ਹਰ ਇਕ ਕਾਰਕੁਨ ਖੁਦ ਨੂੰ ਮੁੱਖ ਮੰਤਰੀ ਸਮਝ ਕੇ ਘਰ-ਘਰ ਜਾਵੇ ਤੇ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰਦੇ ਹੋਏ ਆਉਣ ਵਾਲੀ 25 ਮਈ ਨੂੰ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਸਮਰਥਨ ਕਰਨ ਦੀ ਅਪੀਲ ਕਰਨ।

ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਮੇਂ ਗਰੀਬੀ ਦੂਰ ਕਰਨ ਦੀ ਹੀ ਸਿਰਫ ਗੱਲ ਹੀ ਹੁੰਦੀ ਸੀ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਅਸਲ ਵਿਚ ਗਰੀਬੀ ਨੂੰ ਦੂਰ ਕਰਨ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਅਸ਼ੀਰਵਾਦ ਤੇ ਕਾਰਕੁਨਾਂ ਦੇ ਦਮ 'ਤੇ ਭਾਜਪਾ ਲਗਾਤਾਰ ਚੋਣਾਂ ਜਿੱਤਦੀ ਆ ਰਹੀ ਹੈ

ਇਸ ਵਾਰ ਵੀ ਦੇਸ਼ ਤੇ ਸੂਬੇ ਦੇ ਲੋਕਾਂ ਨੇ ਨਰਿੰਦਰ ਮੋਦੀ ਨੂੰ 400 ਤੋਂ ਵੱਧ ਸੀਟਾਂ ਦੇ ਕੇ ਦੇਸ਼ ਦੀ ਕਮਾਨ ਸੌਂਪਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਝੂਠ ਬੋਲ ਕੇ, ਲਾਲਚ ਦੇ ਕੇ ਸੱਤਾ 'ਤੇ ਕਾਬਜ਼ ਹੋਣ ਦਾ ਮਨ ਬਣਾ ਰਹੇ ਹਨ ਪਰ ਦੇਸ਼ ਦੇ ਲੋਕਾਂ ਸਾਹਮਣੇ ਇੰਡੀਆ ਗੱਠਜੋੜ ਦੀ ਪੋਲ ਖੁੱਲ੍ਹ ਚੁੱਕੀ ਹੈ ਤੇ ਲੋਕ ਇਨਾਂ ਨੂੰ ਸਿਰੇ ਤੋਂ ਨਕਾਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਉਮੀਦਵਾਰ ਨਵੀਨ ਜਿੰਦਲ ਨੂੰ ਪ੍ਰਧਾਨ ਮੰਤਰੀ ਨੇ ਕਮਲ ਦਾ ਫੁੱਲ ਦੇ ਕੇ ਕੁਰੂਕਸ਼ੇਤਰ ਭੇਜਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ 2019 ਦੀਆਂ ਚੋਣਾਂ ਦੌਰਾਨ ਕੁਰੂਕਸ਼ੇਤਰ ਤੋਂ ਜਿੰਨੀਆਂ ਵੋਟਾਂ ਉਨ੍ਹਾਂ ਨੂੰ ਮਿਲੀਆਂ ਸਨ, ਉਸ ਤੋਂ ਦੋ ਗੁਣਾਂ ਵੱਧ ਵੋਟਾਂ ਨਾਲ ਜਿਤਾ ਕੇ ਨਵੀਨ ਜਿੰਦਲ ਨੂੰ ਲੋਕ ਸਭਾ ਭੇਜਣਾ ਹੈ।

# ਵੋਟਰਾਂ ਨੂੰ ਜਾਗਰੂਕ ਕਰਨਗੇ ਆਟੋ ਚਾਲਕ



**ਫਰੀਦਾਬਾਦ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣ ਅਧਿਕਾਰੀ ਵਿਕਰਮ ਸਿੰਘ ਨੇ ਦੱਸਿਆ ਕਿ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ 'ਚ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਫਰੀਦਾਬਾਦ ਜ਼ਿਲ੍ਹੇ 'ਚ ਆਟੋ ਚਾਲਕ ਮਤਦਾਨ ਉਤਸਵ 'ਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਵੋਟਰਾਂ ਨੂੰ ਵੋਟ ਬਣਾਉਣ ਲਈ ਜਾਗਰੂਕ ਕਰਨਗੇ। ਚੋਣ ਅਧਿਕਾਰੀ ਨੇ ਦੱਸਿਆ ਕਿ 18ਵੀਆਂ ਲੋਕ ਸਭਾ ਚੋਣਾਂ-2024 ਦੌਰਾਨ ਫਰੀਦਾਬਾਦ ਜ਼ਿਲ੍ਹੇ 'ਚ 75 ਫੀਸਦੀ ਤੋਂ ਵੱਧ ਵੋਟਿੰਗ ਕਰਵਾਉਣ ਦਾ ਟੀਚਾ ਹੈ। ਜ਼ਿਲ੍ਹੇ 'ਚ 33 ਹਜ਼ਾਰ ਆਟੋਜ਼ 'ਤੇ ਵੋਟ ਜਾਗਰੂਕਤਾ ਮੁਹਿੰਮ ਆਰੰਭੀ ਗਈ ਹੈ। ਇਸ ਤਹਿਤ ਆਟੋ ਚਾਲਕ ਵੋਟਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਗੇ। ਜ਼ਿਲ੍ਹਾ ਲੋਕ ਸਭਾ ਚੋਣ ਅਫ਼ਸਰ ਵਿਕਰਮ ਸਿੰਘ ਅਤੇ ਨੋਡਲ ਅਫ਼ਸਰ ਏਡੀਸੀ ਆਨੰਦ ਸ਼ਰਮਾ ਨੇ ਅੱਜ ਮਿਨੀ ਸਕੱਤਰੇਤ ਸੈਕਟਰ-12 ਤੋਂ ਡਰਾਈਵਰਾਂ ਨੂੰ ਹਰੀ ਝੰਡੀ ਦੇ ਕੇ ਆਟੋ ਰਵਾਨਾ ਕੀਤੇ ਹਨ। ਅਧਿਕਾਰੀਆਂ ਵੱਲੋਂ ਮੁਹਿੰਮ ਸਬੰਧੀ ਆਟੋ ਯੂਨੀਅਨ ਨਾਲ ਮੀਟਿੰਗ ਕੀਤੀ ਗਈ ਹੈ। ਮੁਹਿੰਮ ਤਹਿਤ ਵਿੱਦਿਅਕ ਸੰਸਥਾਵਾਂ ਵਿੱਚ ਨੁੱਕੜ ਨਾਟਕ, ਮੁਕਾਬਲੇ, ਸੈਮੀਨਾਰ ਅਤੇ ਵੋਟ ਜਾਗਰੂਕਤਾ ਰੈਲੀਆਂ ਦੇ ਨਾਲ-ਨਾਲ ਜਨਤਕ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ ਵੀ ਕਰਵਾਏ ਜਾਣਗੇ। ਅਧਿਕਾਰੀ ਮੁਤਾਬਕ ਉਨ੍ਹਾਂ ਬੂਥਾਂ 'ਤੇ ਵੱਧ ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਣਗੇ, ਜਿੱਥੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ 60 ਫੀਸਦੀ ਤੋਂ ਘੱਟ ਵੋਟਿੰਗ ਹੋਈ ਸੀ।

# ਹਰਿਆਣਾ ਮਹਿਲਾ ਕਮਿਸ਼ਨ ਵੱਲੋਂ ਰਣਦੀਪ ਸੁਰਜੇਵਾਲਾ ਨੂੰ ਨੋਟਿਸ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਮਹਿਲਾ ਕਮਿਸ਼ਨ ਨੇ ਭਾਜਪਾ ਸੰਸਦ ਮੈਂਬਰ ਹੇਮਾ ਮਾਲਿਨੀ ਖ਼ਿਲਾਫ਼ ਕੀਤੀ 'ਇਤਰਾਜ਼ਯੋਗ' ਟਿੱਪਣੀ ਲਈ ਅੱਜ ਕਾਂਗਰਸ ਆਗੂ ਰਣਦੀਪ ਸਿੰਘ ਸੁਰਜੇਵਾਲਾ ਨੂੰ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਨੇ ਕਿਹਾ ਕਿ ਸੁਰਜੇਵਾਲਾ ਨੂੰ 9 ਅਪਰੈਲ ਨੂੰ ਪੈਨਲ ਸਾਹਮਣੇ ਪੇਸ਼ ਹੋ ਕੇ ਇਸ ਸਬੰਧੀ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ।



ਇਸ ਦੌਰਾਨ ਸੁਰਜੇਵਾਲਾ ਨੇ ਭਾਜਪਾ ਦੇ ਆਈਟੀ ਸੈੱਲ 'ਤੇ ਉਨ੍ਹਾਂ ਦੀ ਵੀਡੀਓ ਤੋੜ-ਮਰੋੜ ਕੇ ਪੇਸ਼ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਆਈਟੀ ਸੈੱਲ ਨੂੰ ਤੱਥ ਤੋੜ-ਮਰੋੜ ਕੇ ਝੂਠ ਫੈਲਾਉਣ ਦੀ ਆਦਤ ਪੈ ਗਈ ਹੈ। ਕਾਂਗਰਸ ਆਗੂ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਨਾ ਤਾਂ ਹੇਮਾ ਮਾਲਿਨੀ ਦਾ ਅਪਮਾਨ ਕਰਨਾ ਸੀ ਅਤੇ ਨਾ ਹੀ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਸੀ। ਉਨ੍ਹਾਂ ਐਕਸ 'ਤੇ ਕਿਹਾ, "ਪੂਰੀ ਵੀਡੀਓ ਸੁਣੋ।

ਮੈਂ ਕਿਹਾ ਸੀ ਕਿ ਅਸੀਂ ਹੇਮਾ ਮਾਲਿਨੀ ਦਾ ਵੀ ਸਤਿਕਾਰ ਕਰਦੇ ਹਾਂ ਕਿਉਂਕਿ ਉਹ ਧਰਮਿੰਦਰ ਜੀ ਨਾਲ ਵਿਆਹੇ ਹੋਏ ਹਨ ਅਤੇ ਉਹ ਸਾਡੀ ਨੂੰਹ ਹੈ।" ਸੁਰਜੇਵਾਲਾ ਨੇ ਕਿਹਾ, "ਭਾਜਪਾ ਦੇ ਮਹਿਲਾ ਵਿਰੋਧੀ ਮੋਹਰਿਆਂ ਨੂੰ ਇਹ ਵੀਡੀਓ ਕੱਟਣ ਦੇ ਹੁਕਮ ਮਿਲੇ ਸਨ ਪਰ ਇਨ੍ਹਾਂ ਨੇ ਕਦੇ ਪ੍ਰਧਾਨ ਮੰਤਰੀ ਨੂੰ ਇਹ ਨਹੀਂ ਪੁੱਛਿਆ ਕਿ ਉਨ੍ਹਾਂ ਨੇ ਹਿਮਾਚਲ 'ਚ '50 ਕਰੋੜ ਦੀ ਗਰਲਫਰੈਂਡ' ਕਿਉਂ ਕਿਹਾ, ਸੰਸਦ 'ਚ ਮਹਿਲਾ ਸੰਸਦ ਮੈਂਬਰ ਨੂੰ 'ਸਰੂਪਨਖਾ' ਕਿਉਂ ਕਿਹਾ ਗਿਆ ਅਤੇ ਮਹਿਲਾ ਮੁੱਖ ਮੰਤਰੀ ਨੂੰ ਇੰਨੇ ਬੁਰੇ ਤਰੀਕੇ ਕਿਉਂ ਟਰੋਲ ਕੀਤਾ ਗਿਆ ? ਕੀ 'ਕਾਂਗਰਸ ਦੀ ਵਿਧਵਾ' ਕਹਿਣਾ ਸਹੀ ਹੈ ? ਕੀ ਕਾਂਗਰਸ ਦੀ ਸਿਖਰਲੀ ਲੀਡਰਸ਼ਿਪ ਨੂੰ 'ਜਰਸੀ ਗਾਂ' ਕਹਿਣਾ ਸਹੀ ਹੈ ?"

ਉਨ੍ਹਾਂ ਅਨੁਸਾਰ, ਮੇਰਾ ਬਿਆਨ ਸਿਰਫ ਇਹ ਸੀ ਕਿ ਜਨਤਕ ਜੀਵਨ ਵਿੱਚ ਹਰ ਕਿਸੇ ਨੂੰ ਜਨਤਾ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ, ਭਾਵੇਂ ਉਹ ਨਾਇਬ ਸੈਣੀ ਹੋਣ, ਭਾਵੇਂ ਮੈਂ ਹੋਵਾਂ।'

# ਲੋਕਾਂ ਦੇ ਰੋਹ ਅੱਗੇ ਝੁਕਿਆ ਪ੍ਰਸ਼ਾਸਨ

**ਅੰਬਾਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਨਿਗਮ ਦੇ ਜੇਈ ਵੱਲੋਂ ਦੇਵੀ-ਦੇਵਤਿਆਂ ਬਾਰੇ ਵਿਵਾਦਤ ਟਿੱਪਣੀ ਕਰਨ ਦਾ ਮਾਮਲਾ ਭਖ ਗਿਆ। ਲੋਕਾਂ ਨੇ ਬੀਤੇ ਦਿਨ ਸ਼ਾਹਜ਼ਾਦਪੁਰ ਵਿੱਚ ਕੌਮੀ ਮਾਰਗ 'ਤੇ ਧਰਨਾ ਦਿੱਤਾ। ਇਸੇ ਦੌਰਾਨ ਅੱਜ ਸ਼ਾਹਜ਼ਾਦਪੁਰ ਮਾਜਰਾ ਦੀ ਸਰਪੰਚ, ਬਲਾਕ ਸਮਿਤੀ ਸ਼ਾਹਜ਼ਾਦਪੁਰ ਦੇ ਸਾਬਕਾ ਵਾਈਸ ਚੇਅਰਮੈਨ ਅਤੇ ਹਿੰਦੂ ਸੰਗਠਨਾਂ ਨਾਲ ਜੁੜੇ ਲੋਕ ਜੇਈ ਦੀ ਗ੍ਰਿਫ਼ਤਾਰੀ ਅਤੇ ਜਾਮ ਲਾਉਣ ਲਈ ਉਨ੍ਹਾਂ ਖ਼ਿਲਾਫ਼ ਦਰਜ ਕੀਤਾ। ਮਾਮਲਾ ਰੱਦ ਕਰਾਉਣ ਦੀ ਮੰਗ ਨੂੰ ਲੈ ਕੇ ਆਤਮਦਾਹ ਕਰਨ ਲਈ ਸ਼ਾਹਜ਼ਾਦਪੁਰ ਦੇ ਤ੍ਰਿਵੈਣੀ ਚੌਕ ਵਿਚ ਇਕੱਠੇ ਹੋਏ। ਪੁਲੀਸ ਦੇ ਇਹ ਦੱਸਣ 'ਤੇ ਕਿ ਜੇਈ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਹਿੰਦੂ ਸੰਗਠਨਾਂ ਦੇ ਲੋਕ ਜੇਈ ਨੂੰ ਨਿਗਮ ਵਿਚੋਂ ਬਰਖ਼ਾਸਤ ਕਰਾਉਣ ਅਤੇ ਦਰਜ ਮੁਕੱਦਮਾ ਰੱਦ ਕਰਾਉਣ 'ਤੇ ਅੜ ਗਏ। ਮੌਕੇ 'ਤੇ ਪਹੁੰਚੇ ਐੱਸਡੀਐੱਮ ਯਸ਼ ਜਾਲੂਕਾ ਨੇ ਪ੍ਰਦਰਸ਼ਨਕਾਰੀਆਂ ਨੂੰ ਇਹ ਕਹਿ ਕੇ ਸ਼ਾਂਤ ਕੀਤਾ ਕਿ ਜੇਈ ਖ਼ਿਲਾਫ਼ ਕਾਰਵਾਈ ਲਈ ਬਿਜਲੀ ਨਿਗਮ ਨੂੰ ਲਿਖਿਆ ਜਾਵੇਗਾ ਅਤੇ ਮੁਕੱਦਮਾ ਰੱਦ ਕਰਨ ਬਾਰੇ ਪੁਲੀਸ ਦੇ ਉੱਚ ਅਧਿਕਾਰੀ ਅਗਲੇ ਹਫ਼ਤੇ ਸਪੱਸ਼ਟ ਕਰਨਗੇ। ਇਸ ਮਗਰੋਂ ਪ੍ਰਦਰਸ਼ਨਕਾਰੀ ਵਾਪਸ ਚਲੇ ਗਏ। ਜ਼ਿਕਰਯੋਗ ਹੈ ਕਿ ਸ਼ਾਹਜ਼ਾਦਪੁਰ ਥਾਣੇ ਵਿਚ ਜੇਈ ਤਰਸੇਮ ਗੋਦਿਆ ਖ਼ਿਲਾਫ਼ ਸੋਸ਼ਲ ਮੀਡੀਆ ਅਕਾਊਂਟ 'ਤੇ ਇਤਰਾਜ਼ਯੋਗ ਟਿੱਪਣੀ ਕਰਨ ਦਾ ਮਾਮਲਾ ਦਰਜ ਕਰਾਇਆ ਸੀ।

# ਸੀਬੀਐੱਸਏ ਸੀਜੀਸੀ ਲਾਂਡਰਾਂ ਵੱਲੋਂ ਐਚਆਰ ਸੰਮੇਲਨ (ਕਨਕਲੇਵ) ਦਾ ਆਯੋਜਨ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਬਿਜ਼ਨਸ ਸਕੂਲ ਆਫ਼ ਐਡਮਿਨਸਟ੍ਰੇਸ਼ਨ, (ਸੀਬੀਐੱਸਏ), ਸੀਜੀਸੀ ਲਾਂਡਰਾਂ, ਵੱਲੋਂ ਨੈਸ਼ਨਲ ਇੰਸਟੀਚਿਊਟ ਆਫ਼ ਪਰਸੋਨਲ ਮੈਨੇਜਮੈਂਟ (ਪੰਜਾਬ ਚੈਪਟਰ) ਦੇ ਸਹਿਯੋਗ ਨਾਲ, ਇੱਕ ਐਚਆਰ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਹ ਵਿਸ਼ੇਸ਼ ਪ੍ਰੋਗਰਾਮ 'ਏਆਈ ਐਂਡ ਇੰਪਲਾਈ ਐਕਸਪੀਰੀਅਨਸ: ਰੀਡਿਫਾਈਨਿੰਗ ਫਿਊਚਰ-ਫਿੱਟ ਐੱਚਆਰ' ਵਿਸ਼ੇ 'ਤੇ ਆਧਾਰਿਤ ਰਿਹਾ ਅਤੇ ਇਸ ਸੰਬੰਧੀ ਮਾਹਰ ਬੁਲਾਰਿਆਂ ਅਤੇ ਪੈਨਲਿਸਟਾਂ ਵੱਲੋਂ ਭਾਸ਼ਣਾਂ ਅਤੇ ਪੈਨਲ ਚਰਚਾ ਦਾ ਆਯੋਜਨ ਕੀਤਾ ਗਿਆ। ਜਿਸ ਦਾ ਮੁੱਖ ਉਦੇਸ਼ ਹਿਊਮਨ ਰਿਸੋਰਸਿਜ਼ (ਮਨੁੱਖੀ ਸਰੋਤਾਂ) ਐਚਆਰ ਉੱਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੇ ਪ੍ਰਭਾਵ ਅਤੇ ਭਵਿੱਖ ਲਈ ਐਚਆਰ ਸੈਕਟਰ ਦੇ ਵਿਕਾਸ ਵਿੱਚ ਏਆਈ ਦੀ ਭੂਮਿਕਾ 'ਤੇ ਕੇਂਦਰਿਤ ਸੀ। ਇਸ ਸੰਮੇਲਨ ਨੇ ਸੀਜੀਸੀ ਦੇ ਐਮਬੀਏ ਦੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਤਿਆਰ ਪੇਸ਼ੇਵਰ ਬਣਨ ਲਈ ਸਿਖਲਾਈ ਅਤੇ ਅਪਸਕਿਲੰਗ ਦੀ ਮਹੱਤਤਾ ਨੂੰ ਸਮਝਣ ਦਾ ਇੱਕ ਮੌਕਾ ਪ੍ਰਦਾਨ ਕੀਤਾ ਤਾਂ ਜੋ ਉਹ ਆਪਣੇ ਹੁਨਰ ਦੇ ਆਧਾਰ 'ਤੇ ਆਪਣੀਆਂ ਪਸੰਦੀਦਾ ਕੰਪਨੀਆਂ ਦੇ ਐਚਆਰ ਵਿਭਾਗਾਂ ਵੱਲੋਂ ਚੁਣੇ ਜਾਣ ਦੇ ਸਮਰੱਥ ਹੋਣ। ਇਸ ਸਭਾ ਵਿੱਚ ਮਾਹਰ ਬੁਲਾਰਿਆਂ ਅਤੇ ਪੈਨਲਿਸਟਾਂ ਨੇ ਆਪਣੀ ਸ਼ਮੂਲੀਅਤ ਨਾਲ ਸੰਮੇਲਨ ਦੀ ਰੌਣਕ ਵਿੱਚ ਵਾਧਾ ਕੀਤਾ। ਇਸ ਮੌਕੇ ਸ਼੍ਰੀਮਤੀ ਆਰਤੀ ਕੋਹਲੀ ਅਸਵਾਨੀ,



ਹੈੱਡ ਐਚਆਰ, ਬਾਉਸ਼ ਐਂਡ ਲੋਂਬ ਇੰਡੀਆ, ਸ਼੍ਰੀਮਤੀ ਰਿਚਾ ਜੈਸਵਾਲ, ਉਪ ਪ੍ਰਧਾਨ ਐਚਆਰ, ਅਤੁਲਿਆ ਹੈਲਥਕੇਅਰ, ਸ਼੍ਰੀ ਸੰਜੇ ਰਾਏ, ਉਪ ਪ੍ਰਧਾਨ, ਅਕਮਸ ਡਰੱਗਜ਼ ਐਂਡ ਫਾਰਮਾਸਿਊਟੀਕਲ ਲਿਮਟਿਡ, ਡਾ. ਜਸਪ੍ਰੀਤ ਆਹਲੂਵਾਲੀਆ, ਡਾਇਰੈਕਟਰ, ਇੰਸਪੀਰੋਮੀਟਰ, ਸ੍ਰੀ ਐਸਪੀ ਬਾਂਸਲ, ਖੇਤਰੀ ਉਪ ਪ੍ਰਧਾਨ ਉੱਤਰ, ਐਨਆਈਪੀਐਮ, ਸ੍ਰੀ ਹਰਸ਼ ਲੋਗਾਨੀ, ਐਚਆਰ ਮੈਨੇਜਰ, ਐਸਕਲੋਨ ਬਿਜ਼ਨਸ ਸਰਵਿਸਜ਼, ਅਤੇ ਸ੍ਰੀਮਤੀ ਅੰਜੁਲਾ ਬਾਂਸਲ, ਡਿਪਟੀ ਜਨਰਲ ਮੈਨੇਜਰ, ਐਚਆਰ, ਗੀਇਕਿਲ ਇੰਡੀਆ ਆਦਿ ਨੇ ਆਪਣੀ ਹਾਜ਼ਰੀ ਲਗਾਈ।

ਇਨ੍ਹਾਂ ਸਾਰੇ ਮਹਿਮਾਨਾਂ ਦਾ ਸਵਾਗਤ ਪ੍ਰੋ.(ਡਾ.) ਰਮਨਦੀਪ ਸੈਣੀ, ਡਾਇਰੈਕਟਰ ਪ੍ਰਿੰਸੀਪਲ, ਸੀਬੀਐੱਸਏ, ਸੀਜੀਸੀ ਲਾਂਡਰਾਂ ਵੱਲੋਂ ਕੀਤਾ ਗਿਆ ਜਿਨ੍ਹਾਂ ਨੇ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਹਾਜ਼ਰੀਨ ਨੂੰ ਸੰਬੋਧਿਤ ਕਰਦਿਆਂ ਸੰਮੇਲਨ ਦੀ ਸ਼ੁਰੂਆਤ ਕੀਤੀ ਅਤੇ ਆਪਣੇ ਭਾਸ਼ਣ ਵਿੱਚ ਏਆਈ ਤਰੱਕੀ ਲਈ ਉਦਯੋਗ ਅਕਾਦਮਿਕ ਸਹਿਯੋਗ ਨੂੰ ਵਧਾਉਣ, ਗਿਆਨ ਨੂੰ ਅਪਗ੍ਰੇਡ ਕਰਨ ਦੇ ਮਹੱਤਵ ਤੇ ਜ਼ੋਰ ਦਿੱਤਾ।

ਪ੍ਰੋਗਰਾਮ ਮੌਕੇ ਸਭ ਤੋਂ ਪਹਿਲਾ ਸ਼੍ਰੀਮਤੀ ਰਿਚਾ ਜੈਸਵਾਲ ਨੇ ਐਚਆਰ ਦੀਆਂ ਬੁਨਿਆਦੀ (ਬੇਸਿਕ) ਗੱਲਾਂ ਨੂੰ ਸਪੱਸ਼ਟਤਾ ਨਾਲ ਪਰਿਭਾਸ਼ਿਤ ਕੀਤਾ। ਇਸ ਉਪਰੰਤ ਉਨ੍ਹਾਂ ਨੇ ਏਆਈ ਟੈਕਨਾਲੋਜੀ ਵੱਲੋਂ ਨੌਕਰੀਆਂ ਹੜੱਪਣ ਬਾਰੇ ਆਮ ਚਿੰਤਾ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਿਹੇ ਹੁਨਰ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ ਜੋ ਹਿਊਮਨ ਕਿਰੀਏਟੀਵਿਟੀ ਨਾਲ ਮੇਲ ਖਾਂਦੇ ਹੋਣ ਪਰ ਉਨ੍ਹਾਂ ਦੀ ਐਲਗੋਰਿਦਮ ਵੱਲੋਂ ਨਕਲ ਨਾਂ ਕੀਤੀ ਜਾ ਸਕੇ।

ਨਾਲ ਹੀ ਕੰਮ ਦੀ ਉਤਪਾਦਕਤਾ ਨੂੰ ਵਧਾਉਣ ਲਈ ਤਕਨਾਲੋਜੀ ਦੀ ਸਮਝਦਾਰੀ ਨਾਲ ਵਰਤੋਂ ਕਰਨ ਤੇ ਵੀ ਜ਼ੋਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਮਨੁੱਖੀ ਸਰੋਤਾਂ ਦੇ ਉਪ ਵਿਭਾਗਾਂ ਤੇ ਏਆਈ ਦੇ ਪ੍ਰਭਾਵਾਂ ਬਾਰੇ ਚਰਚਾ ਕੀਤੀ। ਇਸ ਉਪਰੰਤ ਸ਼੍ਰੀ ਸੰਜੇ ਰਾਏ, ਦਿਨ ਦੇ ਦੂਜੇ ਮੁੱਖ ਬੁਲਾਰੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਏਆਈ ਰਚਨਾਤਮਕਤਾ ਦੀ ਜਗ੍ਹਾ ਨਹੀਂ ਲੈ ਸਕੇਗਾ। ਉਨ੍ਹਾਂ ਨੇ ਇਸ ਗੱਲ ਉੱਤੇ ਵੀ ਆਪਣੇ ਵਿਚਾਰ ਰੱਖੇ ਕਿ ਕਿਵੇਂ ਏਆਈ ਟੈਕਨਾਲੋਜੀਆਂ ਨੌਨ ਵੈਲਿਊ ਐਡਿੰਗ ਪ੍ਰਕਿਰਿਆਵਾਂ ਨਾਲ ਨਜਿੱਠ ਕੇ ਐਚਆਰ ਪ੍ਰਬੰਧਕਾਂ ਦਾ ਸਮਾਂ ਬਚਾਉਣ ਵਿੱਚ ਮਦਦ ਕਰ ਸਕਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਫਲ ਪ੍ਰਬੰਧਕ ਬਣਨ ਅਤੇ ਆਪਣੇ ਹੁਨਰ ਨੂੰ ਨਿਖਾਰਨ ਲਈ ਆਪਣੀ ਪਸੰਦੀਦਾ ਐਮਬੀਏ ਸਪੈਸ਼ਲਾਈਜ਼ੇਸ਼ਨ ਦੇ ਨਾਲ ਜੁੜ ਕੇ ਉਸ ਨੂੰ ਆਪਣਾ ਟੀਚਾ ਬਣਾਉਣ ਦੀ ਸਲਾਹ ਦਿੱਤੀ। ਸਭਾ ਦੇ ਤੀਜੇ ਦਿਨ ਮੁੱਖ ਬੁਲਾਰੇ ਡਾ.ਜਸਪ੍ਰੀਤ ਆਹਲੂਵਾਲੀਆ ਨੇ ਏਆਈ ਦੀ ਵਰਤੋਂ ਅਤੇ ਐਚਆਰ ਅਭਿਆਸਾਂ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਦੇ ਵਿਚਕਾਰ ਵਿਕਾਸਸ਼ੀਲ ਸਬੰਧਾਂ ਨੂੰ ਸਪੱਸ਼ਟ ਕਰਨ 'ਤੇ ਧਿਆਨ ਕੇਂਦਰਿਤ ਕੀਤਾ।

ਪੈਨਲ ਚਰਚਾ ਵਿੱਚ ਵਿਸ਼ੇਸ਼ ਪੈਨਲਿਸਟਾਂ ਨੇ ਵਿਸ਼ੇ ਨਾਲ ਸਬੰਧਿਤ ਆਪਣੇ ਵਿਚਾਰਾਂ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਾਂਝਾ ਕੀਤਾ। ਇਸ ਵਿਸ਼ੇਸ਼ ਚਰਚਾ ਨੇ ਹਾਜ਼ਰੀਨ ਨੂੰ ਐਚਆਰ ਪ੍ਰਬੰਧਕਾਂ ਵੱਲੋਂ ਕਰਮਚਾਰੀਆਂ ਦੀ ਕੁਸ਼ਲਤਾ, ਭਾਵਨਾਤਮਕ ਤੰਦਰੁਸਤੀ, ਕੰਮ ਤੇ ਜੀਵਨ ਦੇ ਸੰਤੁਲਨ ਅਤੇ ਕਰਮਚਾਰੀਆਂ ਦੀ ਉਤਪਾਦਕਤਾ ਨੂੰ ਵਧਾਉਣ ਲਈ ਏਆਈ ਆਧਾਰਿਤ ਤਕਨਾਲੋਜੀਆਂ ਅਤੇ ਸਾਧਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਸੰਬੰਧੀ ਜਾਣੂ ਕਰਵਾਇਆ ਤਾਂ ਜੋ ਮਨੁੱਖੀ ਸੰਪਰਕ ਖੋਏ ਬਿਨ੍ਹਾਂ ਬਿਹਤਰ ਕਰਮਚਾਰੀ ਅਨੁਭਵ ਨੂੰ ਬੜਾਵਾ ਦਿੱਤਾ ਜਾ ਸਕੇ। ਇਸ ਪ੍ਰੋਗਰਾਮ ਨੇ ਸੀਜੀਸੀ ਦੇ ਵਿਦਿਆਰਥੀਆਂ ਲਈ ਉਦਯੋਗ ਅਕਾਦਮਿਕ ਦੇ ਆਪਸੀ ਤਾਲਮੇਲ ਲਈ ਇੱਕ ਵਧੀਆ ਮੰਚ ਵਜੋਂ ਕੰਮ ਕੀਤਾ। ਵਿਦਿਆਰਥੀਆਂ ਨੇ ਅਨੁਭਵੀ ਮਾਹਰਾਂ ਵੱਲੋਂ ਰੱਖੇ ਪ੍ਰਸ਼ਨ ਉੱਤਰ ਸੈਸ਼ਨ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਚੰਗੀ ਤਰ੍ਹਾਂ ਵਿਚਾਰ ਚਰਚਾ ਕੀਤੀ।

ਇਸ ਸਮਾਗਮ ਦੀ ਸਮਾਪਤੀ ਇੱਕ ਕੁਇਜ਼ ਮੁਕਾਬਲੇ ਨਾਲ ਹੋਈ ਜਿਸ ਵਿੱਚ ਐਮਬੀਏ ਸਮੈਸਟਰ ਦੂਜਾ ਦੀਆਂ ਵਿਦਿਆਰਥਣਾਂ ਅਨੁਰਾਧਾ, ਕਰੀਨਾ ਅਤੇ ਖੁਸ਼ਬੂ ਨੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਇਨਾਮ ਜਿੱਤਿਆ। ਅੰਤ ਵਿੱਚ ਚਾਰੂ ਮੋਹਨ, ਐਚਓਡੀ, ਐਮਬੀਏ, ਸੀਬੀਐੱਸਏ ਨੇ ਸਮੂਹ ਹਾਜ਼ਰੀਨ ਲਈ ਧੰਨਵਾਦ ਮਤਾ ਪੇਸ਼ ਕੀਤਾ।

# ਭਾਜਪਾ ਆਗੂਆਂ ਦੀ ਮੌਜੂਦਗੀ ਵਿੱਚ ਸਰਕਾਰ ਖ਼ਿਲਾਫ਼ ਗਰਜੇ ਆੜ੍ਹਤੀ



**ਸਿਰਸਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੀਆਂ ਮੰਗਾਂ ਮੰਨਵਾਉਣ ਲਈ ਆੜ੍ਹਤੀਆਂ ਦਾ ਧਰਨਾ ਅੱਜ ਵੀ ਜਾਰੀ ਰਿਹਾ। ਧਰਨਾ ਸਮਾਪਤ ਕਰਵਾਉਣ ਆਏ ਭਾਜਪਾ ਆਗੂਆਂ ਦੇ ਸਾਹਮਣੇ ਧਰਨਾਕਾਰੀ ਆੜ੍ਹਤੀਆਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸੇ ਦੌਰਾਨ ਕਾਟਨ ਮਿਲਰਜ਼ ਐਸੋਸੀਏਸ਼ਨ ਨੇ ਆੜ੍ਹਤੀਆਂ ਦੀਆਂ ਮੰਗਾਂ ਦੀ ਹਮਾਇਤ ਦਾ ਐਲਾਨ ਕੀਤਾ ਹੈ। ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਮਨੋਹਰ ਮਹਿਤਾ ਨੇ ਕਿਹਾ ਕਿ ਸਰਕਾਰ ਕਮਿਸ਼ਨ ਏਜੰਟਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰ ਰਹੀ ਹੈ ਅਤੇ ਉਨ੍ਹਾਂ ਦਾ ਕਾਰੋਬਾਰ ਬੰਦ ਕਰਵਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਸਰਕਾਰ ਕਿਸਾਨਾਂ, ਕਮਿਸ਼ਨ ਏਜੰਟਾਂ ਅਤੇ ਮਜ਼ਦੂਰਾਂ ਦੇ ਰਿਸ਼ਤੇ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਕਮਿਸ਼ਨ ਏਜੰਟਾਂ ਦਾ ਕੰਮ ਬੰਦ ਹੋ ਗਿਆ ਤਾਂ ਹਰਿਆਣਾ ਦੇ 25000 ਕਮਿਸ਼ਨ ਏਜੰਟ ਅਤੇ ਉਨ੍ਹਾਂ ਦੇ ਨਾਲ-ਨਾਲ ਲੱਖਾਂ ਮੁਨੀਮ ਤੇ ਮਜ਼ਦੂਰ ਬੇਰੁਜ਼ਗਾਰ ਹੋ ਜਾਣਗੇ। ਸੂਬੇ ਵਿੱਚ ਬੇਰੁਜ਼ਗਾਰੀ ਹੋਰ ਵਧੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸੰਘਰਸ਼ ਕਈ ਸਾਲਾਂ ਤੋਂ ਚੱਲ ਰਿਹਾ ਹੈ ਪਰ ਸਰਕਾਰ ਆਪਣੀ ਜ਼ਿੱਦ 'ਤੇ ਅੜੀ ਹੋਈ ਹੈ।

ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਜਿਵੇਂ ਕਪਾਹ, ਸਰ੍ਹੋਂ, ਸੂਰਜਮੁਖੀ, ਬਾਜਰਾ ਆਦਿ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ 'ਤੇ ਸਿਰਫ਼ ਕਮਿਸ਼ਨ ਏਜੰਟਾਂ ਰਾਹੀਂ ਹੀ ਖ਼ਰੀਦੀਆਂ ਜਾਣ ਅਤੇ ਪੂਰਾ ਕਮਿਸ਼ਨ 2.5 ਫ਼ੀਸਦੀ ਆੜ੍ਹਤੀਆਂ ਨੂੰ ਦਿੱਤਾ ਜਾਏ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਨਾ ਕੀਤਾ ਤਾਂ ਉਹ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕਰਨਗੇ ਅਤੇ 5 ਅਪਰੈਲ ਨੂੰ ਦਾਣਾ ਮੰਡੀਆਂ ਬੰਦ ਰੱਖੀਆਂ ਜਾਣਗੀਆਂ। ਇਸ ਮੌਕੇ 'ਤੇ ਆੜ੍ਹਤੀ ਤੇ ਹੋਰ ਲੋਕ ਵੱਡੀ ਗਿਣਤੀ 'ਚ ਮੌਜੂਦ ਸਨ।

# ਭਾਜਪਾ ਵੱਲੋਂ ਅੰਬਾਲਾ 'ਚ ਵਿਜੈ ਸੰਕਲਪ ਰੈਲੀ

**ਅੰਬਾਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਰਾਮ ਬਾਗ ਮੈਦਾਨ ਵਿਚ ਅੱਜ ਦੇਰ ਸ਼ਾਮ ਨੂੰ ਭਾਜਪਾ ਨੇ ਆਪਣੀ ਵਿਜੈ ਸੰਕਲਪ ਰੈਲੀ ਕੀਤੀ, ਜਿਸ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੰਬੋਧਿਤ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੇ ਵਰਕਰਾਂ ਦਾ ਸਨਮਾਨ ਵਧਾਉਣ ਲਈ ਕੰਮ ਕਰਦੇ ਰਹਿਣਗੇ। ਲੋਕ ਸਭਾ ਉਮੀਦਵਾਰ ਬੰਤੋ ਕਟਾਰੀਆ ਨੇ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ। ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਨੇ ਸੰਤ ਕਬੀਰ ਦਾਸ ਅਤੇ ਸੰਤ ਰਵੀਦਾਸ ਦੇ ਜਨਮ ਦਿਨ ਮਨਾਉਣ ਦੀ ਗੱਲ ਕੀਤੀ। ਰੈਲੀ ਨੂੰ ਟਰਾਂਸਪੋਰਟ ਮੰਤਰੀ ਅਸੀਮ ਗੋਇਲ ਨੇ ਸੰਬੋਧਨ



ਕੀਤਾ। ਇਸ ਮੌਕੇ ਲਾਡਵਾ ਤੋਂ ਸਾਬਕਾ ਵਿਧਾਇਕ ਪਵਨ ਸੈਣੀ, ਕੁਰੂਕਸ਼ੇਤਰ ਤੋਂ ਭਾਜਪਾ ਨੇਤਾ ਧਰਮਵੀਰ ਸਿੰਘ ਮਿਰਜ਼ਾਪੁਰ ਸਮੇਤ ਹੋਰ ਭਾਜਪਾ ਨੇਤਾ ਮੌਜੂਦ ਰਹੇ ਪਰ ਸਾਬਕਾ ਗ੍ਰਹਿ ਮੰਤਰੀ ਅਤੇ ਅੰਬਾਲਾ ਕੈਂਟ ਤੋਂ ਵਿਧਾਇਕ ਅਨਿਲ ਵਿੱਜ ਇਸ ਰੈਲੀ ਵਿਚ ਨਹੀਂ ਪਹੁੰਚੇ।

# ਧੋਖਾਧੜੀ: ਸੈਨੇਟਰੀ ਇੰਸਪੈਕਟਰ ਸਣੇ ਤਿੰਨ ਦੋਸ਼ੀ ਕਰਾਰ

**ਅੰਬਾਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਦੇ ਚੀਫ ਸੈਨੇਟਰੀ ਇੰਸਪੈਕਟਰ ਵਿਨੋਦ ਬੈਨੀਵਾਲ ਸਮੇਤ ਤਿੰਨ ਦੋਸ਼ੀਆਂ ਨੂੰ ਸਕਰੈਪ ਵੇਚਣ ਦੇ ਮਾਮਲੇ ਵਿਚ ਸੀਜੇਐਮ ਕਮਲ ਕੁਮਾਰ ਦੀ ਅਦਾਲਤ ਵੱਲੋਂ ਤਿੰਨ-ਤਿੰਨ ਸਾਲ ਦੀ ਕੈਦ ਅਤੇ 3-3 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਸ਼ੀਆਂ ਨੂੰ 3-3 ਦਿਨ ਹੋਰ ਜੇਲ੍ਹ ਵਿਚ ਰਹਿਣਾ ਪਵੇਗਾ।

ਤਿੰਨਾਂ ਦੋਸ਼ੀਆਂ ਨੂੰ ਨਾਲ ਦੀ ਨਾਲ ਹੀ ਜ਼ਮਾਨਤ ਵੀ ਮਿਲ ਗਈ ਹੈ। ਜਾਣਕਾਰੀ ਅਨੁਸਾਰ ਨਿਗਮ ਦੇ ਜੁਆਇੰਟ ਕਮਿਸ਼ਨਰ ਨੇ ਮਾਰਚ 2016 ਵਿਚ ਚੀਫ ਸੈਨੇਟਰੀ ਇੰਸਪੈਕਟਰ ਵਿਨੋਦ ਬੈਨੀਵਾਲ, ਨਿਗਮ ਦੇ ਠੇਕੇਦਾਰ ਮਨੀਸ਼ ਅਤੇ ਵਾਹਨ ਚਾਲਕ ਮਾਇਆ ਰਾਮ ਖ਼ਿਲਾਫ਼ ਸਾਜ਼ਿਸ਼ਨ ਧੋਖਾਧੜੀ, ਵਿਸ਼ਵਾਸਘਾਤ ਅਤੇ ਚੋਰੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਾਇਆ ਸੀ।

# ਦੇਸ਼ ਦਾ ਲੋਕਤੰਤਰ ਤੇ ਸੰਵਿਧਾਨ ਖਤਮ ਕਰਨ ਲੱਗੀ ਭਾਜਪਾ: ਸੁਸ਼ੀਲ ਗੁਪਤਾ



**ਸ਼ਾਹਬਾਦ ਮਾਰਕੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੁਰੂਕਸ਼ੇਤਰ ਲੋਕ ਸਭਾ ਤੋਂ ਹਲਕਾ ਉਮੀਦਵਾਰ ਡਾ. ਸ਼ੁਸ਼ੀਲ ਗੁਪਤਾ ਨੇ ਆਪਣੀ ਚੋਣ ਯਾਤਰਾ ਦੌਰਾਨ ਹਲਕੇ ਦੇ ਵੱਖ-ਵੱਖ ਪਿੰਡਾਂ 'ਚ ਲੋਕਾਂ ਦਾ ਆਸ਼ੀਰਵਾਦ ਲਿਆ ਤੇ 'ਇੰਡੀਆ' ਗੱਠਜੋੜ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ। ਡਾ. ਗੁਪਤਾ ਨੇ ਕਿਹਾ ਕਿ ਭਾਜਪਾ ਦੇਸ਼ ਦਾ ਲੋਕਤੰਤਰ ਤੇ ਸੰਵਿਧਾਨ ਨੂੰ ਖਤਮ ਕਰਨ ਵਿਚ ਲੱਗੀ ਹੋਈ ਹੈ।

ਉਨ੍ਹਾਂ ਕਿਹਾ ਕਿ ਇਸ ਚੋਣਾਂ ਵਿਚਕਾਰ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤਾਂ ਜੋ ਉਹ ਪ੍ਰਚਾਰ ਨਾ ਕਰ ਸਕਣ। ਉਨ੍ਹਾਂ ਕਿਹਾ ਕਿ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਤਾਂ ਜੋ ਉਹ ਵੀ ਪ੍ਰਚਾਰ ਨਾ ਕਰ ਸਕਣ। ਸ੍ਰੀ ਗੁਪਤਾ ਨੇ ਕਿਹਾ ਕਿ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੇ ਖਾਤੇ ਵੀ ਸੀਜ਼ ਕਰ ਦਿੱਤੇ ਗਏ ਹਨ, ਜੋ ਅੱਜ ਤਕ ਭਾਰਤ ਵਿਚ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਭਾਜਪਾ 'ਇੰਡੀਆ' ਗੱਠਜੋੜ ਨੂੰ ਕਮਜ਼ੋਰ ਕਰਨ ਵਿੱਚ ਲੱਗੀ ਹੈ ਪਰ ਸਾਡੇ ਨਾਲ ਸੱਚਾਈ ਤੇ ਇਮਾਨਦਾਰੀ ਹੈ। ਕੁਰੂਕਸ਼ੇਤਰ ਚੋਣ ਵਿਚ ਭਾਜਪਾ ਨੂੰ ਮੂੰਹ ਦੀ ਖਾਣੀ ਪਵੇਗੀ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੀ ਇਕਜੁੱਟਤਾ ਦੇਖ ਕੇ ਭਾਜਪਾ ਆਗੂਆਂ ਵਿਚ ਬੌਖਲਾਹਟ ਦਾ ਮਾਹੌਲ ਹੈ। 400 ਪਾਰ ਦਾ ਨਾਅਰਾ ਦੇਣ ਵਾਲੀ ਭਾਜਪਾ ਨੂੰ ਉਮੀਦਵਾਰ ਉਧਾਰ ਲੈਣੇ ਪੈ ਰਹੇ ਹਨ।

# ਮੁੱਖ ਮੰਤਰੀ ਦੀ ਰੈਲੀ ਦੀਆਂ ਤਿਆਰੀਆਂ ਮੁਕੰਮਲ

**ਰਤੀਆ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸਾਬਕਾ ਸੂਬਾ ਸਕੱਤਰ ਅਤੇ ਹਰਿਆਣਾ ਅਨੁਸੂਚਿਤ ਜਾਤੀ ਕਮਿਸ਼ਨ ਦੇ ਪ੍ਰਧਾਨ ਪ੍ਰੋਫੈਸਰ ਰਵਿੰਦਰ ਬਲਿਆਲਾ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ 5 ਅਪਰੈਲ ਨੂੰ ਰਤੀਆ ਅਨਾਜ ਮੰਡੀ ਵਿੱਚ ਹੋਣ ਵਾਲੀ ਰੈਲੀ ਦੀ ਸਫ਼ਲਤਾ ਲਈ ਅੱਜ ਇੱਕ ਦਰਜਨ ਪਿੰਡਾਂ ਦਾ ਦੌਰਾ ਕੀਤਾ ਹੈ। ਇਸ ਤੋਂ ਬਾਅਦ ਯੁਵਾ ਮੋਰਚਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅੰਕਿਤ ਸਿੰਗਲਾ ਦੇ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਵਿੰਦਰ ਬਲਿਆਲਾ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਰਤੀਆ ਰੈਲੀ ਇਤਿਹਾਸਕ ਹੋਵੇਗੀ ਅਤੇ ਇਹ ਰੈਲੀ ਪਿਛਲੇ ਰਿਕਾਰਡ ਤੋੜੇਗੀ। ਇਸ ਮੌਕੇ ਭਾਜਪਾ ਆਗੂ ਕਪਿਲ ਸਿੰਗਲਾ, ਗੁਰੂਚਰਨ ਸਿੰਘ, ਅੰਕਿਤ ਸਿੰਗਲਾ, ਵਿਜੇ ਕੁਮਾਰ ਵੀਰਾਬਾਦੀ, ਸਤਪਾਲ ਕੰਬੋਜ ਅਤੇ ਹੋਰ ਭਾਜਪਾ ਵਰਕਰ ਵੀ ਹਾਜ਼ਰ ਸਨ। ਇਸ ਮੌਕੇ ਪੱਤਰਕਾਰਾਂ ਨਾਲ



ਗੱਲਬਾਤ ਕਰਦਿਆਂ ਰਵਿੰਦਰ ਬਲਿਆਲਾ ਨੇ ਕਿਹਾ ਕਿ ਦੇਸ਼ ਦੇ ਲੋਕ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਹਰਿਆਣਾ ਦੀਆਂ ਸਾਰੀਆਂ 10 ਲੋਕ ਸਭਾ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗੀ ਅਤੇ ਦੇਸ਼ ਦੀਆਂ 400 ਤੋਂ ਵੱਧ ਲੋਕ ਸਭਾ ਸੀਟਾਂ 'ਤੇ ਜਿੱਤ ਦਰਜ ਕਰੇਗੀ। ਉਨ੍ਹਾਂ ਕਿਹਾ ਕਿ ਸਿਰਸਾ ਲੋਕ ਸਭਾ ਹਲਕੇ ਵਿੱਚ ਲੋਕਾਂ ਦਾ ਭਾਜਪਾ ਵੱਲ ਝੁਕਾਅ ਹੋਰ ਵੀ ਵੱਧ ਗਿਆ ਹੈ ਅਤੇ ਭਾਜਪਾ ਉਮੀਦਵਾਰ ਅਸ਼ੋਕ ਤੰਵਰ ਭਾਰੀ ਵੋਟਾਂ ਨਾਲ ਜਿੱਤਣਗੇ। ਰਵਿੰਦਰ ਬਲਿਆਲਾ ਨੇ ਕਿਹਾ ਕਿ ਮੁੱਖ ਮੰਤਰੀ ਦੀ ਰਤੀਆ ਰੈਲੀ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ।

# ਕਿਸਾਨ ਸੱਤ ਨੂੰ ਫੂਕਣਗੇ ਭਾਜਪਾ ਦੇ ਪੁਤਲੇ

**ਸਿਰਸਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਏਕਤਾ ਦੇ ਸੂਬਾਈ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਕਿਹਾ ਕਿ ਕਿਸਾਨਾਂ 'ਤੇ ਸਰਕਾਰ ਵੱਲੋਂ ਕੀਤੇ ਗਏ ਅੱਤਿਆਚਾਰ, ਕਿਸਾਨ ਸ਼ੁਭਕਰਨ ਸਿੰਘ ਦੇ ਕਤਲ ਅਤੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਦੇ ਵਿਰੋਧ 'ਚ 7 ਅਪਰੈਲ ਨੂੰ ਜ਼ਿਲ੍ਹਾ ਹੈਡਕੁਅਟਰਾਂ 'ਤੇ ਭਾਜਪਾ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।

ਕਿਸਾਨਾਂ ਦੀਆਂ ਮੰਗਾਂ ਸਬੰਧੀ ਸਾਰੇ ਪਿੰਡਾਂ ਵਿੱਚ ਬੈਨਰ ਲਗਾਏ ਜਾਣਗੇ ਤੇ ਭਾਜਪਾ ਨੇਤਾਵਾਂ ਤੋਂ ਇਸ ਸਬੰਧੀ ਸ਼ਾਂਤਮਈ ਤਰੀਕੇ ਨਾਲ ਸੁਆਲ ਪੁਛੇ ਜਾਣਗੇ।

ਇਸ ਸਬੰਧੀ ਸਾਰੀ ਤਿਆਰੀ ਪੂਰੀ ਕਰ ਲਈ ਗਈ ਹੈ। ਉਹ ਅੱਜ ਜਾਟ ਧਰਮਸ਼ਾਲ 'ਚ ਕਿਸਾਨਾਂ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਸ੍ਰੀ ਔਲਖ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਧਰਨਾ ਦੇ ਰਹੇ ਕਿਸਾਨਾਂ 'ਤੇ ਗੋਲੀਆਂ ਚਲਾਈਆਂ ਤੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਹੀਦ ਕਰ ਦਿੱਤਾ ਤੇ ਹੋਰ ਸੈਂਕੜੇ ਕਿਸਾਨਾਂ ਨੂੰ ਜ਼ਖ਼ਮੀ ਕਰ ਦਿੱਤਾ।

ਔਲਖ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਸਾਡੇ ਤਿੰਨ ਕਿਸਾਨ ਆਗੂਆਂ ਅਨੀਸ਼ ਖਟਕੜ, ਨਵਦੀਪ ਜਲਵੇੜਾ ਅਤੇ ਗੁਰਪ੍ਰੀਤ ਸਿੰਘ ਨੂੰ ਗਿਫ਼ਤਾਰ ਕਰਕੇ ਜੇਲ੍ਹ 'ਚ ਡੱਕ ਦਿੱਤਾ ਹੈ। ਜੇਕਰ ਉਨ੍ਹਾਂ ਨੂੰ ਤੁਰੰਤ ਰਿਹਾਅ ਨਾ ਕੀਤਾ ਗਿਆ ਤਾਂ ਭਾਜਪਾ ਸਰਕਾਰ ਦੇ 7 ਅਪਰੈਲ ਨੂੰ ਦੇਸ਼ ਭਰ 'ਚ ਜ਼ਿਲ੍ਹਾ ਹੈੱਡਕੁਆਰਟਰ 'ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਤੇ ਸਰਕਾਰ ਦੇ ਪੁਤਲੇ ਫੂਕੇ ਜਾਣਗੇ।

# ਸ਼ਾਂਤੀਪੂਰਨ ਅਤੇ ਵਿਵਸਥਿਤ ਚੋਣ ਯਕੀਨੀ ਕਰਨ ਲਈ ਸਾਰੇ ਚੋਣ ਅਧਿਕਾਰੀਆਂ ਦਾ ਕਰਨ ਸਹਿਯੋਗ : ਅਨੁਰਾਗ ਅਗਰਵਾਲ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸਾਰੀ ਪਾਰਟੀਆਂ ਅਤੇ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਪਬਲਿਕ ਸਥਾਨਾਂ ਜਿਵੇਂ ਕਿ ਮੈਦਾਨ ਅਤੇ ਹੈਲੀਪੈਡ ਨਿਰਪੱਖ ਰੂਪ ਨਾਲ ਉਪਲਬਧ ਹੋਣਾ ਚਾਹੀਦਾ ਹੈ।

ਚੋਣ ਦੌਰਾਨ, ਹੋਰ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਦੀ ਆਲੋਚਨਾ ਸਿਰਫ ਉਨ੍ਹਾਂ ਦੀ ਨੀਤੀਆਂ, ਪ੍ਰੋਗ੍ਰਾਮਾਂ, ਪਿਛਲੇ ਰਿਕਾਰਡ ਅਤੇ ਕੰਮਾਂ ਤਕ ਹੀ ਸੀਮਤ ਰਹਿਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਸ਼ਾਂਤੀਪੂਰਨ ਅਤੇ ਅਵਿਵੇਕਪੂਰਨ ਘਰੇਲੂ ਜੀਵਨ ਲਈ ਹਰੇਕ ਵਿਅਕਤੀ ਦੇ ਅਧਿਕਾਰੀ ਦੀ ਪੂਰੀ ਤਰ੍ਹਾ ਨਾਲ ਰੱਖਿਆ ਕੀਤੀ ਜਾਣੀ ਚਾਹਦੀ ਹੈ। ਸਥਾਨਕ ਪੁਲਿਸ ਅਧਿਕਾਰੀਆਂ ਨੂੰ ਪੂਰੀ ਤਰ੍ਹਾ ਨਾਲ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਪ੍ਰਸਤਾਵਿਤ ਮੀਟਿੰਗ ਦੇ ਸਮੇਂ ਤੇ ਸਥਾਨ ਦੀ ਜਰੂਰੀ ਮੰਜੂਰੀ ਸਮੇਂ ਰਹਿੰਦੇ ਸਹੀ ਢੰਗ ਨਾਲ ਲਈ ਜਾਣੀ ਚਾਹੀਦੀ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਪ੍ਰਸਤਾਵਿਤ ਮੀਟਿੰਗ ਦੇ ਸਥਾਨ 'ਤੇ ਜੇਕਰ ਕੋਈ ਪਾਬੰਦੀਸ਼ੁਦਾ ਜਾਂ ਨਿਸ਼ੇਦਆਤਮਕ ਆਦੇਸ਼ ਲਾਗੂ ਹਨ ਤਾਂ ਉਨ੍ਹਾਂ ਆਦੇਸ਼ਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਇਸੀ ਤਰ੍ਹਾ ਪ੍ਰਸਤਾਵਿਤ ਮੀਟਿੰਗ ਲਈ ਲਾਊਡਸਪੀਕਰ ਜਾਂ ਅਜਿਹੀ ਕਿਸੇ ਹੋਰ ਸਹੂਲਤ ਦੀ ਵਰਤੋ ਲਈ ਮੰਜੂਰੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਅਤੇ ਮੀਟਿੰਗਾਂ ਵਿਚ ਗੜਬੜੀ ਜਾਂ ਅਵਿਵਸਥਾ ਪੈਦਾ ਕਰਨ ਵਾਲੇ ਵਿਅਕਤੀਆਂ ਨਾਲ ਨਜਿਠਣ ਵਿਚ ਪੁਲਿਸ ਸਹਾਇਤਾ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਦਸਿਆ ਕਿ ਕਿਸੇ ਵੀ ਜਲੂਸ ਨੂੰ ਸ਼ੁਰੂ ਕਰਨ ਅਤੇ ਖਤਮ ਕਰਨ ਦੇ ਸਮੇਂ ਤੇ ਸਥਾਨ ਅਤੇ ਮੰਗ ਨੂੰ ਅਗਰਿਮ ਰੂਪ ਨਾਲ ਫਾਈਨਲ ਕੀਤਾ ਜਾਣਾ ਚਾਹੀਦਾ ਹੈ ਅਤੇ ਪੁਲਿਸ ਅਧਿਕਾਰੀਆਂ ਤੋਂ ਪਹਿਲਾਂ ਮੰਜੂਰੀ ਪ੍ਰਾਪਤ ਕਰਨੀ ਚਾਹੀਦੀ ਹੈ। ਜਲੂਸ ਦਾ ਮੰਗ ਆਵਾਜਾਈ ਨੂੰ ਰੁਕਾਟ ਨਹੀਂ ਕਰਨੀ ਚਾਹੀਦੀ ਹੈ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਸ਼ਾਂਤੀਪੂਰਨ ਅਤੇ ਵਿਵਸਥਿਤ ਚੋਣ ਯਕੀਨੀ ਕਰਨ ਲਈ ਸਾਰੇ ਚੋਣ ਅਧਿਕਾਰੀਆਂ ਨੂੰ ਸਹਿਯੋਗ ਕੀਤਾ ਜਾਣਾ ਚਾਹੀਦੀ ਹੈ। ਨਾਲ ਹੀ ਚੋਣ ਵਿਚ ਲੱਗੇ ਸਾਰੇ ਰਾਜਨੀਤਿਕ ਕਾਰਜਕਰਤਾਵਾਂ ਨੂੰ ਬੈਜ ਜਾਂ ਪਹਿਚਾਣ ਪੱਤਰ ਦਿਖਾਉਣਾ ਹੋਵੇਗਾ। ਵੋਟਰਾਂ ਨੂੰ ਜਾਰੀ ਅਣਓਪਚਾਰਿਕ ਪਹਿਚਾਣ ਪਰਚੀ ਚਿੱਟੇ ਕਾਰਗ 'ਤੇ ਹੋਣੀ ਚਾਹੀਦੀ ਹੈ ਅਤੇ ਜਿਸ 'ਤੇ ਪਾਰਟੀ ਦਾ ਕਾਰਡ , ਨਾਂਅਮ ਅਤੇ ਨਿਸ਼ਾਨ ਜਾਂ ਉਮੀਦਵਾਰ ਦਾ ਨਾਂਅ ਨਹੀਂ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਪ੍ਰਚਾਰ ਮੁਹਿੰਮ ਦੀ ਸਮੇਂ ਦੌਰਾਨ ਅਤੇ ਚੋਣ ਦੇ ਦਿਨ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਦਾ ਪੂਰੀ ਤਰ੍ਹਾ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ। ਚੋਣ ਦੇ ਸੰਚਾਲਨ ਦੇ ਸਬੰਧ ਵਿਚ ਕਿਸੇ ਵੀ ਤਰ੍ਹਾ ਦੀ ਸ਼ਿਕਾਇਤ ਜਾਂ ਸਮਸਿਆ ਨੂੰ ਚੋਣ ਕਮਿਸ਼ਨ ਦੇ ਓਬਜਰਵਰ, ਰਿਟਰਨਿੰਗ ਅਧਿਕਾਰੀ, ਜੋਨਲ/ਸੈਕਟਰ ਮੈਜੀਸਟ੍ਰੇਟ, ਮੁੱਖ ਚੋਣ ਅਧਿਕਾਰੀ ਜਾਂ ਭਾਰਤ ਚੋਣ ਕਮਿਸ਼ਨ ਦੇ ਜਾਣਕਾਰੀ ਵਿਚ ਲਿਆਇਆ ਜਾਣਾ ਚਾਹੀਦਾ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਚੋਣ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਿਤ ਸਾਰੇ ਮਾਮਲਿਆਂ ਵਿਚ ਚੋਣ ਕਮਿਸ਼ਨ ਜਾਂ ਰਿਟਰਨਿੰਗ ਅਫਸਰ ਜਾਂ ਜਿਲ੍ਹਾ ਚੋਣ ਅਧਿਕਾਰੀ ਦੇ ਆਦੇਸ਼ ਜਾਂ ਦਿਸ਼ਾ-ਨਿਰਦੇਸ਼ ਦਾ ਸਖਤੀ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ। ਚੋਣ ਪ੍ਰਚਾਰ ਸਮੇਂ ਦੇ ਸਮਾਪਤ ਹੋਣ ਦੇ ਬਾਅਦ, ਜੇਕਰ ਕੋਈ ਵਿਅਕਤੀ ਵੋਟਰ ਜਾਂ ਚੋਣ ਲੜਨ ਵਾਲਾ ਉਮੀਦਵਾਰ ਜਾਂ ਉਮੀਦਵਾਰ ਦਾ ਚੋਣ ਏਜੰਟ ਨਹੀਂ ਹੈ ਤਾਂ ਉਸ ਵਿਅਕਤੀ ਨੂੰ ਸਬੰਧਿਤ ਚੋਣ ਖੇਤਰ ਨੂੰ ਛੱਡਣਾ ਹੋਵੇਗਾ।

ਚੋਣ ਦੌਰਾਨ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਕੀ ਨਹੀਂ ਕਰਨਾ ਚਾਹੀਦਾ, ਇਸ ਦੀ ਜਾਣਕਾਰੀ ਦਿੰਦੇ ਹੋਏ ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਕਿਸੇ ਵੀ ਅਧਿਕਾਰਕ ਕੰਮ ਨੂੰ ਚੋਣ ਪ੍ਰਚਾਰ ਜਾਂ ਚੋਣਾਵੀ ਗਤੀਵਿਧੀਆਂ ਦੇ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ ਹੈ ਅਤੇ ਵਿੱਤੀ ਜਾਂ ਹੋਰ ਕਿਸੇ ਤਰ੍ਹਾ ਦਾ ਕੋਈ ਲੋਭ-ਲਾਲਚ ਵੋਟਰ ਨੂੰ ਨਹੀਂ ਦਿੱਤਾ ਜਾਣਾ ਚਾਹੀਦਾ ਹੈ। ਵੋਟਰਾਂ ਦੀ ਜਾਤੀ ਜਾਂ ਸੰਪ੍ਰਦਾਇਕ ਭਾਵਨਾਵਾਂ ਦੇ ਆਧਾਰ 'ਤੇ ਕੋਈ ਅਪੀਲ ਨਹੀਂ ਕੀਤੀ ਜਾਣੀ ਚਾਹੀਦੀ ਹੈ ਅਤੇ ਨਾ ਹੀ ਕੋਈ ਅਜਿਹੀ ਗਤੀਵਿਧੀ ਜੋ ਮੌਜੂਦਾ ਮਤਭੇਦਾਂ ਨੂੰ ਵਧਾ ਸਕਦੀ ਹੈ ਜਾਂ ਵੱਖ-ਵੱਖ ਜਾਤੀਆਂ, ਕੰਮਿਊਨਿਟੀਆਂ, ਧਾਰਮਿਕ ਅਤੇ ਭਾਸ਼ਾ ਸਮੂਹਾਂ ਦੇ ਵਿਚ ਆਪਸੀ ਲੜਾਈ ਪੈਦਾ ਕਰਦੀ ਹੋਵੇ ਜਾਂ ਤਨਾਂਅ ਪੈਦਾ ਕਰਦੀ ਹੋਵੇ, ਅਜਿਹੀ ਕੋਈ ਗਤੀਵਿਧੀ ਨਹੀਂ ਕੀਤ ਜਾਣੀ ਚਾਹੀਦੀ ਹੈ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਚੋਣ ਦੀ ਪਵਿੱਤਰਤਾ ਤੇ ਪਾਰਦਰਸ਼ਿਤਾ ਬਣਾਏ ਰੱਖਣ ਲਈ ਰਾਜਨੀਤਿਕ ਪਾਰਟੀਆਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਗਦ ਲੈਣ-ਦੇਣ ਤੋਂ ਬੱਚਣ ਅਤੇ ਆਪਣੇ ਉਮੀਦਵਾਰਾਂ, ਏਜੰਟ, ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦੇਣ ਕਿ ਚੋਣ ਦੌਰਾਨ ਉਹ ਵੱਡੀ ਗਿਣਤੀ ਵਿਚ ਨਗਦ ਰਕਮ ਆਪਣੇ ਨਾਲ ਨਾ ਰੱਖਣ।

ਇਸ ਤੋਂ ਹਿਲਾਵਾ, ਹੋਰ ਰਾਜਨੀਤਿਕ ਪਾਰਟੀਆਂ ਜਾਂ ਉਮੀਦਵਾਰਾਂ ਵੱਲੋਂ ਪ੍ਰਬੰਧਿਤ ਪਬਲਿਕ ਮੀਟਿੰਗਾਂ ਜਾਂ ਜਲੂਸਾਂ ਵਿਚ ਰੁਕਾਵਟ ਨਹੀਂ ਪਾਉਣੀ ਚਾਹੀਦੀ ਹੈ। ਹੋਰ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਲਗਾਏ ਗਏ ਪੋਸਟਰਾਂ ਨੂੰ ਹਟਾਉਣਾ ਜਾਂ ਕੁਕਾਵਟ ਨਹੀਂ ਕੀਤੀ ਜਾਣੀ ਚਾਹੀਦੀ ਹੈ। ਵਾਹਨਾਂ 'ਤੇ ਰਾਤ 10 ਵਜੇ ਤੋਂ 6 ਵਜੇ ਤਕ ਲਾਊਸਪੀਕਰਾਂ ਦੀ ਵਰਤੋ ਨਹੀਂ ਹੋਣੀ ਚਾਹੀਦੀ ਹੈ।

# ਸੀਆਰਪੀਐੱਫ ਦੀ ਮਹਿਲਾ ਟੁਕੜੀ ਵੱਲੋਂ ਫਲੈਗ ਮਾਰਚ



**ਸ਼ਾਹਬਾਦ ਮਾਰਕੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲੀਸ ਕਪਤਾਨ ਸੁਰਿੰਦਰ ਸਿੰਘ ਭੌਰੀਆ ਦੇ ਨਿਰਦੇਸ਼ਾਂ ਮੁਤਾਬਕ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਝਾਂਸਾਂ ਤੇ ਇਸਮਾਈਲਾਬਾਦ ਖੇਤਰ ਵਿਚ ਫਲੈਗ ਮਾਰਚ ਕੀਤਾ ਗਿਆ। ਪੁਲੀਸ ਅਧਿਕਾਰੀਆਂ ਦੀ ਅਗਵਾਈ ਵਿਚ ਪੁਲੀਸ ਟੀਮ ਤੇ ਸੀਆਰਪੀਐੱਫ ਦੀ ਮਹਿਲਾ ਟੁਕੜੀ ਨੇ ਆਮ ਨਾਗਰਿਕਾਂ ਨੂੰ ਸ਼ਾਂਤਮਈ, ਨਿਰਪੱਖ ਤੇ ਆਜ਼ਾਦ ਚੋਣ ਪ੍ਰਕਿਰਿਆ 'ਚ ਪੁਲੀਸ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਸੂਬੇ ਵਿਚ ਲੋਕ ਸਭਾ ਚੋਣਾਂ 25 ਮਈ ਨੂੰ ਹੋਣੀ ਜਾ ਰਹੀਆਂ ਹਨ, ਜਿਸ ਸਬੰਧੀ ਹਰਿਆਣਾ ਚੋਣ ਕਮਿਸ਼ਨ ਨੇ ਚੋਣਾਂ ਦੇ ਐਲਾਨ ਤੋਂ ਬਾਅਦ ਸੂਬੇ ਵਿਚ ਆਦਰਸ਼ ਚੋਣ ਜ਼ਾਬਤਾ ਲਾਗੂ ਕਰ ਦਿੱਤਾ ਹੈ। ਜ਼ਿਲ੍ਹਾ ਕੁਰੂਕਸ਼ੇਤਰ ਵਿੱਚ ਲੋਕ ਸਭਾ ਚੋਣਾਂ ਸ਼ਾਂਤੀਪੂਰਨ ਤੇ ਨਿਰਪੱਖ ਢੰਗ ਨਾਲ ਕਰਾਉਣ ਲਈ ਸੀਆਰਪੀਐੱਫ ਦੀਆਂ ਮਹਿਲਾ ਸਿਪਾਹੀਆਂ ਦੇ ਨਾਲ ਪੁਲੀਸ ਅਧਿਕਾਰੀਆਂ ਦੀ ਅਗਵਾਈ ਵਿਚ ਪੁਲੀਸ ਟੀਮ ਨੇ ਝਾਂਸਾਂ ਤੇ ਇਸਮਾਈਲਾਬਾਦ ਵਿਚ ਫਲੈਗ ਮਾਰਚ ਕੀਤਾ। ਟੀਮਾਂ ਨੇ ਥਾਣਾ ਸਦਰ ਅਧੀਨ ਪੈਂਦੇ ਖੇਤਰ ਦੀਆਂ ਵੱਖ-ਵੱਖ ਗਲੀਆਂ, ਸੜਕਾਂ ਤੇ ਬਾਜ਼ਾਰਾਂ ਵਿਚ ਫਲੈਗ ਮਾਰਚ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ। ਪੁਲੀਸ ਨੇ ਲੋਕਾਂ ਨੂੰ ਬਿਨਾਂ ਕਿਸੇ ਡਰ ਭੈਅ ਤੋਂ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੋਣਾਂ ਦੌਰਾਨ ਕਿਸੇ ਵੀ ਸਮਾਜ ਵਿਰੋਧੀ ਤੱਤ ਦੇ ਝਾਂਸੇ ਵਿਚ ਨਾ ਆਉਣ ਤੇ ਲੋਕਾਂ ਨੂੰ ਲੁਭਾਉਣ ਵਾਲੇ ਵਿਅਕਤੀਆਂ ਬਾਰੇ ਤੁਰੰਤ ਨਜ਼ਦੀਕੀ ਪੁਲੀਸ ਸਟੇਸ਼ਨ ਜਾਂ ਪੁਲੀਸ ਕੰਟਰੋਲ ਰੂਮ ਨੂੰ ਸੂਚਿਤ ਕਰਨ।

# ਚਰਨਜੀਤ ਚੰਨੀ ਨੂੰ ਜਲੰਧਰ ਦੇ ਕਾਂਗਰਸੀ ਆਗੂਆਂ ਦਾ ਸਮਰਥਨ ਚੌਧਰੀ ਪਰਿਵਾਰ ਲਈ ਟਿਕਟ ਦੇ ਰਾਹ 'ਚ ਬਣਿਆ 'ਰੋੜਾ'

**ਕਿਸ਼ਨ ਪਾਲ**

\ਜਲੰਧਰ 8 ਅਪ੍ਰੈਲ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਵਰਕਿੰਗ ਕਮੇਟੀ ਦੇ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਜਲੰਧਰ ਲੋਕ ਸਭਾ ਚੋਣਾਂ ਵਿਚ ਮੈਦਾਨ ਵਿਚ ਉਤਾਰਨ ਦੀ ਮੰਗ ਲਗਾਤਾਰ ਜੋਰ ਫੜਨ ਲੱਗੀ ਹੈ ਅਤੇ ਸੰਭਾਵਨਾ ਹੈ ਕਿ ਚਰਨਜੀਤ ਚੰਨੀ ਹੀ ਜਲੰਧਰ ਸੀਟ ਨੂੰ ਲੈ ਕੇ ਕਾਂਗਰਸ ਹਾਈਕਮਾਨ ਦੀ ਪਹਿਲੀ ਪਸੰਦ ਬਣ ਕੇ ਉਭਰੇ ਹਨ। ਉਥੇ ਹੀ, ਪਿਛਲੇ ਇਕ ਮਹੀਨੇ ਤੋਂ ਜਲੰਧਰ ਦੇ ਕਈ ਦੌਰੇ ਕਰ ਕੇ ਚੰਨੀ ਨੇ ਆਪਣੀਆਂ ਸਿਆਸੀ ਸਰਗਰਮੀਆਂ ਵਿਚ ਤੇਜੀ ਲਿਆਂਦੀ ਹੈ, ਜਿਸ ਤਹਿਤ ਚੰਨੀ ਨੇ ਜਿਥੇ ਡੇਰਾ ਸੱਚਖੰਡ ਬੱਲਾਂ ਅਤੇ ਰਾਧਾ ਸਵਾਮੀ ਡੇਰੇ ਦੇ ਇਲਾਵਾ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਜਾ ਕੇ ਸੀਸ ਨਿਵਾਇਆ। ਉਥੇ ਹੀ, ਜ਼ਿਲ੍ਹੇ ਦੇ 9 ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਵਿਧਾਇਕਾਂ, ਸਾਬਕਾ ਵਿਧਾਇਕਾਂ ਤੇ ਸੀਨੀਅਰ ਆਗੂਆਂ ਨਾਲ ਮੀਟਿੰਗਾਂ ਕਰ ਕੇ ਆਪਣੇ ਲਈ ਸਮਰਥਨ ਜੁਟਾਇਆ। ਚੰਨੀ ਨੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਅਵਤਾਰ ਹੈਨਰੀ, ਵਿਧਾਇਕ ਬਾਵਾ ਹੈਨਰੀ, ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਰਾਜਿੰਦਰ ਬੇਰੀ, ਆਦਮਪੁਰ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਸ਼ਾਹਕੋਟ ਵਿਧਾਨ ਸਭਾ ਹਲਕੇ ਦੇ ਵਿਧਾਇਕ ਲਾਡੀ ਸ਼ੇਰੋਵਾਲੀਆ ਅਤੇ ਕਰਤਾਰਪੁਰ ਹਲਕੇ ਦੇ ਇੰਚਾਰਜ ਰਾਜਿੰਦਰ ਸਿੰਘ ਨਾਲ ਸੰਪਰਕ ਕੀਤਾ। ਇਸ ਤੋਂ ਇਲਾਵਾ ਉਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਵੈਸਟ ਵਿਧਾਨ ਸਭਾ ਹਲਕੇ ਵਿਚ ਆਯੋਜਿਤ ਹੋਣ ਵਾਲੀ ਸ਼ੋਭਾ ਯਾਤਰਾ ਵਿਚ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਾਬਕਾ ਮੁੱਖ ਮੰਤਰੀ ਵੱਲੋਂ ਸਿਆਸੀ ਕੂਟਨੀਤੀ ਕਾਰਨ ਜ਼ਿਲ੍ਹੇ ਨਾਲ ਸਬੰਧਤ ਵਿਧਾਇਕਾਂ, ਸਾਬਕਾ ਵਿਧਾਇਕਾਂ ਤੇ ਸੀਨੀਅਰ ਕਾਂਗਰਸੀ ਆਗੂਆਂ ਦਾ ਮਿਲਿਆ ਸਮਰਥਨ ਚੌਧਰੀ ਪਰਿਵਾਰ ਦੇ ਰਾਹ 'ਚ ਰੋੜਾ ਬਣ ਗਿਆ ਹੈ, ਜਿਸ ਕਾਰਨ ਹੁਣ ਲੱਗਦਾ ਨਹੀਂ ਕਿ ਚੌਧਰੀ ਪਰਿਵਾਰ ਲੋਕ ਸਭਾ ਚੋਣਾਂ ਵਿਚ ਟਿਕਟ ਹਾਸਲ ਕਰਨ ਦੀ ਬਾਜੀ ਮਾਰ ਸਕੇਗਾ। ਉਥੇ ਹੀ, ਸੰਸਦ ਮੈਂਬਰ ਸਵ. ਸੰਤੋਖ ਸਿੰਘ ਚੌਧਰੀ ਦੇ ਦਿਹਾਂਤ ਤੋਂ ਬਾਅਦ ਹੋਈ ਜ਼ਿਮਨੀ ਚੋਣ ਵਿਚ ਉਨ੍ਹਾਂ ਦੀ ਪਤਨੀ ਕਰਮਜੀਤ ਕੌਰ ਚੌਧਰੀ ਦੀ ਹਾਰ ਅਤੇ ਪੁੱਤਰ ਤੇ ਵਿਧਾਇਕ ਵਿਕਰਮਜੀਤ ਚੌਧਰੀ ਦੇ ਬੜਬੋਲੇ ਸ਼ਬਦਾਂ ਨੇ ਰਹੀ ਕਸਰ ਪੂਰੀ ਕਰ ਦਿੱਤੀ ਹੈ। ਬੀਤੇ ਦਿਨੀਂ ਜ਼ਿਲ੍ਹੇ ਦੇ 2 ਵਿਧਾਇਕਾਂ ਕੋਟਲੀ ਅਤੇ ਸ਼ੇਰੋਵਾਲੀਆ ਨੇ ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਨਾਲ 'ਸਾਡਾ ਚੰਨੀ ਜਲੰਧਰ' ਲਿਖੇ ਜਨਮ ਦਿਨ ਦੇ ਕੇਕ ਕੱਟਣ ਦੇ ਮਾਮਲੇ ਵਿਚ ਵਿਕਰਮਜੀਤ ਚੌਧਰੀ ਨੇ ਖੁੱਲ੍ਹੇਆਮ ਮੀਡੀਆ ਵਿਚ ਜਾ ਕੇ ਜਿਥੇ ਚੰਨੀ ਖ਼ਿਲਾਫ ਜੰਮ ਕੇ ਭੜਾਸ ਕੱਢੀ, ਉਥੇ ਹੀ ਚੰਨੀ ਖ਼ਿਲਾਫ ਖੁੱਲ੍ਹ ਕੇ ਨਿੱਜੀ ਹਮਲੇ ਵੀ ਕੀਤੇ, ਜਿਸ ਨੂੰ ਕਾਂਗਰਸੀ ਖੇਮਿਆਂ ਵਿਚ ਵੀ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ। ਵਿਕਰਮਜੀਤ ਨੇ ਆਪਣੀ ਹੀ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਆਗੂ ਨੂੰ ਲੈ ਕੇ ਇਥੋਂ ਤਕ ਕਹਿ ਦਿੱਤਾ ਕਿ ਉਨ੍ਹਾਂ ਨੂੰ ਦੋਆਬਾ ਬਾਰੇ ਕੀ ਪਤਾ? ਇਕ ਸੀਨੀਅਰ ਕਾਂਗਰਸੀ ਆਗੂ ਨੇ ਨਾਂ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਵਿਕਰਮਜੀਤ ਦਾ ਕੱਦ ਕਦੀ ਇੰਨਾ ਵੱਡਾ ਨਹੀਂ ਹੋਇਆ, ਜੋ ਉਹ ਸਾਬਕਾ ਮੁੱਖ ਮੰਤਰੀ ਅਤੇ ਪਾਰਟੀ ਦੇ ਸੀਨੀਅਰ ਆਗੂ ਨੂੰ ਕਟਹਿਰੇ ਵਿਚ ਖੜ੍ਹਾ ਕਰ ਸਕੇ। ਉਨ੍ਹਾਂ ਦਾ ਕਹਿਣਾ ਸੀ ਕਿ ਚੰਨੀ 'ਤੇ ਚਿੱਕੜ ਉਛਾਲਣ ਤੋਂ



ਪਹਿਲਾਂ ਵਿਕਰਮਜੀਤ ਨੂੰ ਆਪਣੇ ਮੰਜੇ ਹੇਠਾਂ ਝਾਤੀ ਮਾਰਨੀ ਚਾਹੀਦੀ ਸੀ ਕਿਉਂਕਿ ਜਲੰਧਰ ਦੇ ਵਿਧਾਇਕਾਂ ਨੇ ਆਪਣੇ ਸੀਨੀਅਰ ਆਗੂ ਦੇ ਜਨਮ ਦਿਨ ਦਾ ਕੇਕ ਕੱਟ ਕੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰ ਕੇ ਕੋਈ ਗੁਨਾਹ ਨਹੀਂ ਕੀਤਾ ਸੀ। ਪਾਰਟੀ ਵਿਚ ਟਿਕਟ ਮੰਗਣਾ ਤੇ ਟਿਕਟ ਦੇ ਦਾਅਵੇਦਾਰ ਦਾ ਸਮਰਥਨ ਕਰਨਾ ਹਰੇਕ ਕਾਂਗਰਸੀ ਨੂੰ ਅਧਿਕਾਰ ਹੈ। ਹਾਲਾਂਕਿ ਮੰਨਿਆ ਜਾ ਰਿਹਾ ਹੈ ਕਿ ਜ਼ਿਲ੍ਹੇ ਦੇ ਵਧੇਰੇ ਆਗੂ ਵਿਕਰਮਜੀਤ ਦੇ ਰਵੱਈਏ ਕਾਰਨ ਹੀ ਚੌਧਰੀ ਪਰਿਵਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਸੂਤਰਾਂ ਦੀ ਮੰਨੀਏ ਤਾਂ ਜ਼ਿਲ੍ਹੇ ਦੇ ਲੱਗਭਗ ਸਾਰੇ ਵਿਧਾਇਕਾਂ, ਸਾਬਕਾ ਵਿਧਾਇਕਾਂ ਅਤੇ ਸੀਨੀਅਰ ਆਗੂਆਂ ਨੇ ਚੰਨੀ ਦੀ ਟਿਕਟ ਦੀ ਦਾਅਵੇਦਾਰੀ ਨੂੰ ਸਮਰਥਨ ਦੇਣ ਦਾ ਐਲਾਨ ਕਰਦੇ ਹੋਏ ਹਾਈਕਮਾਨ ਤੋਂ ਮੰਗ ਕਰ ਦਿੱਤੀ ਹੈ ਕਿ ਉਹ ਚੰਨੀ ਨੂੰ ਟਿਕਟ ਦੇਵੇ। ਸਾਰੇ ਕਾਂਗਰਸੀ ਉਨ੍ਹਾਂ ਨੂੰ ਜਿੱਤ ਦਿਵਾ ਕੇ ਲੋਕ ਸਭਾ ਵਿਚ ਭੇਜ ਕੇ ਜਲੰਧਰ ਸੀਟ ਨੂੰ ਕਾਂਗਰਸ ਦੀ ਝੋਲੀ ਵਿਚ ਪਾਉਣਗੇ। ਇਨ੍ਹਾਂ ਹਾਲਾਤ ਨੂੰ ਦੇਖ ਕੇ ਮੰਨਿਆ ਜਾ ਰਿਹਾ ਹੈ ਕਿ ਹੁਣ ਜਲੰਧਰ ਦੀ ਲੋਕ ਸਭਾ ਸੀਟ 'ਤੇ ਚੰਨੀ ਦੀ ਦਾਅਵੇਦਾਰੀ ਦਾ ਤੋੜ ਚੌਧਰੀ ਪਰਿਵਾਰ ਕੋਲ ਕਿਤੇ ਵੀ ਦਿਖਾਈ ਨਹੀਂ ਦੇ ਰਿਹਾ। ਉਮੀਦ ਹੈ ਕਿ ਆਉਣ ਵਾਲੇ ਕੁਝ ਦਿਨਾਂ ਅੰਦਰ ਹਾਈਕਮਾਨ ਪੰਜਾਬ ਨਾਲ ਸਬੰਧਤ ਉਮੀਦਵਾਰਾਂ ਦੇ ਨਾਵਾਂ ਦੀ ਜਾਰੀ ਕੀਤੀ ਜਾਣ ਵਾਲੀ ਪਹਿਲੀ ਲਿਸਟ ਵਿਚ ਚੰਨੀ ਦੇ ਨਾਂ ਦਾ ਐਲਾਨ ਕਰ ਦੇਵੇਗੀ। ਚਰਨਜੀਤ ਸਿੰਘ ਚੰਨੀ ਜਲੰਧਰ ਲੋਕ ਸਭਾ ਹਲਕੇ ਤੋਂ ਟਿਕਟ ਮਿਲਣ ਤੋਂ ਬਾਅਦ ਖੁੱਲ੍ਹ ਕੇ ਚੋਣ ਮੈਦਾਨ ਵਿਚ ਉਤਰਨਗੇ, ਜਿਸ ਨੂੰ ਲੈ ਕੇ ਉਨ੍ਹਾਂ ਆਪਣੀਆਂ ਪੂਰੀਆਂ ਤਿਆਰੀਆਂ ਵੀ ਕਰ ਲਈਆਂ ਹਨ। ਚੰਨੀ ਨੇ ਜੀ.ਟੀ.ਬੀ. ਨਗਰ ਵਿਚ ਕਾਂਗਰਸ ਦੇ ਇਕ ਸਾਬਕਾ ਕਾਂਗਰਸੀ ਆਗੂ ਦੀ ਕੋਠੀ (ਹੁਣ ਨਹੀਂ) ਨੂੰ ਕਿਰਾਏ 'ਤੇ ਲੈ ਲਿਆ ਹੈ। ਚੰਨੀ ਦੇ ਠਹਿਰਨ ਅਤੇ ਚੋਣ ਪ੍ਰਚਾਰ ਦੀ ਕਮਾਨ ਇਸੇ ਕੋਠੀ ਤੋਂ ਸੰਚਾਲਿਤ ਕੀਤੀ ਜਾਵੇਗੀ ਅਤੇ ਕੋਠੀ ਵਿਚ ਇਸ ਸਬੰਧੀ ਰੈਨੋਵੇਸ਼ਨ ਅਤੇ ਹੋਰ ਸਹੂਲਤਾਂ ਦੇ ਪ੍ਰਬੰਧ ਜ਼ੋਰ-ਸ਼ੋਰ ਨਾਲ ਜਾਰੀ ਹਨ।

## ਸਿੱਧੂ ਮੂਸੇਵਾਲਾ ਦੇ ਬਾਪੂ ਬਲਕੌਰ ਸਿੰਘ ਨੂੰ ਚੜ੍ਹਿਆ ਗੋਡੇ-ਗੋਡੇ ਚਾਅ, ਲੱਡੂ ਵੰਡ ਕੇ ਪਾਏ ਭੰਗੜੇ

ਮਾਨਸਾ 8 ਅਪ੍ਰੈਲ। ਅੱਜ ਨਿੱਕੇ ਸਿੱਧੂ ਦੇ ਜਨਮ ਦੀ ਖ਼ੁਸ਼ੀ ਵਿਚ ਸ਼ੁਕਰਾਨਾ ਕਰਨ ਲਈ ਮਾਨਸਾ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮਗਰੋਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸਿੱਧੂ ਦੇ ਚਾਹੁਣ ਵਾਲਿਆਂ ਨਾਲ ਭੰਗੜਾ ਪਾ ਕੇ ਖ਼ੁਸ਼ੀ ਸਾਂਝੀ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਲੋਕਾਂ ਵਿਚ ਲੱਡੂ ਵੀ ਵੰਡੇ। ਨਿੱਕੇ ਸਿੱਧੂ ਦੇ ਜਨਮ ਦੀ ਖ਼ੁਸ਼ੀ ਵਿਚ ਮਾਨਸਾ ਦੇ ਕਲਾਕਾਰ ਪਾਲ ਸਿੰਘ ਸਮਾਉਂ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਸਮਾਗਮ ਵਿਚ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਉਚੇਚੇ ਤੌਰ 'ਤੇ ਪਹੁੰਚੇ। ਇਸ ਦੌਰਾਨ ਜਿੱਥੇ ਫਾਰਚੂਨਰ 0008 ਵਾਲਾ ਕੇਕ ਕੱਟਿਆ ਗਿਆ, ਉੱਥੇ ਹੀ ਪਾਲ ਸਿੰਘ ਸਮਾਉਂ ਨੇ ਤਕਰੀਬਨ 2 ਸਾਲ ਬਾਅਦ ਪੈਰੀਂ ਜੁੱਤੀ ਪਾਈ। ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਆਪਣੇ ਹੱਥੀਂ ਪਾਲ ਸਮਾਉਂ ਦੇ ਪੈਰਾਂ ਵਿਚ ਜੁੱਤੀ ਪਾਈ। ਉਸ ਨੇ ਸਹੁੰ ਚੁੱਕੀ ਸੀ ਕਿ ਜਦੋਂ ਤਕ ਸਿੱਧੂ ਦੀ ਹਵੇਲੀ ਖ਼ੁਸ਼ੀਆਂ ਨਹੀਂ ਪਰਤਦੀਆਂ, ਉਹ ਪੈਰੀਂ ਜੁੱਤੀ ਨਹੀਂ ਪਾਵੇਗਾ। ਇੱਥੇ ਦੱਸ ਦਈਏ ਕਿ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਤਕਨੀਕ ਨਾਲ 17 ਮਾਰਚ ਨੂੰ ਬਠਿੰਡਾ ਦੇ ਇਕ ਹਸਪਤਾਲ ਵਿਚ ਬੱਚੇ ਨੂੰ ਜਨਮ ਦਿੱਤਾ ਸੀ। ਇਸ ਦੇ ਨਾਲ ਹੀ ਸਿੱਧੂ ਦੇ ਪਿਤਾ ਬਲਕੌਰ ਸਿੰਘ ਨੇ ਇਹ ਵੀ ਐਲਾਨ ਕੀਤਾ ਸੀ ਕਿ ਨਵਜੰਮੇ ਬੱਚੇ ਦਾ ਨਾਂ ਵੀ ਸ਼ੁੱਭਦੀਪ ਸਿੰਘ ਸਿੱਧੂ ਹੀ ਰੱਖਿਆ ਜਾਵੇਗਾ, ਕਿਉਂਕਿ ਉਹ ਸਾਡੇ ਸਾਰਿਆਂ ਲਈ ਅਜਿਹਾ ਹੀ ਹੈ ਜਿਵੇਂ ਸ਼ੁੱਭਦੀਪ ਹੀ ਵਾਪਸ ਮੁੜ ਕੇ ਆਇਆ ਹੈ।

## ਇਤਰਾਜਯੋਗ ਪੋਸਟ ਪਾਉਣ ਵਾਲੇ ਮੱਟ ਸ਼ੇਰੋਵਾਲਾ ਨੇ ਕੰਨ ਫੜ ਕੇ ਮੰਗੀ ਮੁਆਫੀ

ਬਠਿੰਡਾ 8 ਅਪ੍ਰੈਲ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਤਰਾਜਯੋਗ ਪੋਸਟ ਪਾਉਣ ਵਾਲੇ ਗੀਤਕਾਰ ਮੱਟ ਸ਼ੇਰੋਵਾਲਾ ਨੇ ਮੁਆਫੀ ਮੰਗ ਲਈ ਹੈ। ਮੱਟ ਸ਼ੇਰੋਵਾਲਾ ਨੇ ਕਿਹਾ ਕਿ ਉਸ ਕੋਲੋਂ ਜਿਹੜੀ ਭੁੱਲ ਹੋਈ ਹੈ, ਇਸ ਲਈ ਉਹ ਸਮੁੱਚੇ ਖਾਲਸਾ ਪੰਥ ਤੋਂ ਮੁਆਫੀ ਮੰਗਦੇ ਹਨ, ਉਹ ਭਵਿੱਖ ਵਿਚ ਅਜਿਹੀ ਭੁੱਲ ਨਹੀਂ ਕਰੇਗਾ। ਇਸ ਦੌਰਾਨ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਪਹੁੰਚੇ ਸਿੰਘਾਂ ਨੇ ਕਿਹਾ ਕਿ ਮੱਟ ਸ਼ੇਰੋਵਾਲਾ ਨੇ ਆਪਣੀ ਭੁੱਲ ਬਖ਼ਸ਼ਾ ਲਈ ਹੈ, ਲਿਹਾਜਾ ਹੁਣ ਕੋਈ ਵੀ ਉਸ ਨੂੰ ਫੋਨ ਕਰਕੇ ਮੰਦਾ-ਚੰਗਾ ਨਾ ਬੋਲੇ ਅਤੇ ਉਸ ਦੀਆਂ ਤਸਵੀਰਾਂ ਜਾਂ ਵੀਡੀਓ ਐਡਿਟ ਕਰਕੇ ਸੋਸ਼ਲ ਮੀਡੀਆ 'ਤੇ ਵਾਇਰਲ ਨਾ ਕਰੇ। ਇਸ ਦੌਰਾਨ ਦਮਦਮੀ ਟਕਸਾਲ ਜਥੇ ਦੇ ਸਿੰਘਾਂ ਨੇ ਮੱਟ ਸ਼ੇਰੋਵਾਲਾ ਤੋਂ ਕੰਨ ਫੜ ਕੇ ਬੈਠਕਾਂ ਵੀ ਕਢਵਾਈਆਂ। ਉਨ੍ਹਾਂ ਕਿਹਾ ਕਿ ਜੇਕਰ ਅੱਗੇ ਤੋਂ ਇਹ ਕੋਈ ਗਲਤੀ ਕਰਦਾ ਹੈ ਤਾਂ ਉਸ ਨੂੰ ਸਖਤ ਸਜਾ ਦਿੱਤੀ ਜਾਵੇਗੀ। ਦੱਸਣਯੋਗ ਹੈ ਕਿ ਮੱਟ ਸ਼ੇਰੋਵਾਲਾ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਸੋਸ਼ਲ ਮੀਡੀਆ 'ਤੇ ਕੁਝ ਇਤਰਾਜਯੋਗ ਗੱਲਾਂ ਪੋਸਟ ਕੀਤੀਆਂ ਸਨ। ਜਿਸ ਵਿਚ ਉਸ ਨੇ ਕਿਹਾ ਸੀ ਕਿ ਜੇ ਚਮਤਕਾਰ ਹੁੰਦਾ ਦਾ ਕੌਣ ਆਪਣੇ ਬੱਚੇ ਮਰਵਾਉਂਦਾ। ਇਸ ਪੋਸਟ ਤੋਂ ਬਾਅਦ ਲਗਾਤਾਰ ਸ਼ੇਰੋਵਾਲਾ ਦਾ ਵਿਰੋਧ ਹੋ ਰਿਹਾ ਸੀ। ਜਿਸ 'ਤੇ ਹੁਣ ਉਸ ਨੇ ਮੁਆਫੀ ਮੰਗ ਲਈ ਹੈ।

## ਪਿਛਲੀਆਂ ਚੋਣਾਂ 'ਚ ਨੋਟਾ ਬਟਨ ਦਬਾਉਣ 'ਚ ਬਿਹਾਰੀ ਵੋਟਰ ਰਹੇ ਅੱਵਲ

ਜਲੰਧਰ/ਬਿਹਾਰ 8 ਅਪ੍ਰੈਲ। ਹੁਣ ਚੋਣਾਂ 'ਚ ਵੋਟਿੰਗ ਦੌਰਾਨ ਇਹ ਵੀ ਵਿਵਸਥਾ ਹੈ ਕਿ ਜੇਕਰ ਕਿਸੇ ਨੂੰ ਕੋਈ ਉਮੀਦਵਾਰ ਪਸੰਦ ਨਹੀਂ ਹੈ ਤਾਂ ਉਹ ਈ. ਵੀ. ਐੱਮ. 'ਤੇ ਨੋਟਾ ਬਟਨ ਦਬਾ ਸਕਦਾ ਹੈ। ਸਾਲ 2019 ਦੀਆਂ ਲੋਕ ਸਭਾ ਚੋਣਾਂ 'ਚ ਇੱਥੇ ਨੋਟਾ ਤਹਿਤ ਪਈਆਂ ਵੋਟਾਂ ਦੀ ਹਿੱਸੇਦਾਰੀ 1.06 ਫੀਸਦੀ ਸੀ, ਉਥੇ ਹੀ 2014 ਦੀਆਂ ਆਮ ਚੋਣਾਂ 'ਚ ਇਹ 1.08 ਫੀਸਦੀ ਸੀ। ਪਿਛਲੀਆਂ ਦੋ ਲੋਕ ਸਭਾ ਚੋਣਾਂ 'ਚ ਕਈ ਸੂਬਿਆਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ 'ਚ ਨੋਟਾ ਨੂੰ ਵੋਟ ਪਾਉਣ ਵਾਲਿਆਂ ਦੀ ਤਦਾਦ ਕਾਫੀ ਸੀ। ਪਿਛਲੀਆਂ ਚੋਣਾਂ 'ਚ ਉਮੀਦਵਾਰਾਂ ਨੂੰ ਨਾਪਸੰਦ ਕਰਨ ਦੇ ਮਾਮਲੇ 'ਚ ਬਿਹਾਰ ਟਾਪ 'ਤੇ ਰਿਹਾ ਹੈ। ਬਿਹਾਰ 'ਚ ਕੁੱਲ ਪਈਆਂ ਵੋਟਾਂ ਦਾ 2 ਫੀਸਦੀ ਨੋਟਾ ਨੂੰ ਗਿਆ। ਇਸ ਤੋਂ ਬਾਅਦ ਆਂਧਰਾ ਪ੍ਰਦੇਸ (1.54 ਫੀਸਦੀ) ਅਤੇ ਫਿਰ ਛੱਤੀਸਗੜ੍ਹ (1.44 ਫੀਸਦੀ) 'ਚ ਨੋਟਾ ਦੀ ਸਭ ਤੋਂ ਵੱਧ ਵਰਤੋਂ ਕੀਤੀ ਗਈ। ਪਿਛਲੀਆਂ ਲੋਕ ਸਭਾ ਚੋਣਾਂ 'ਚ ਕੇਂਦਰ ਸਾਸਿਤ ਪ੍ਰਦੇਸਾਂ ਦੀ ਗੱਲ ਕਰੀਏ ਤਾਂ ਦਮਨ ਅਤੇ ਦੀਵ 'ਚ ਸਭ ਤੋਂ ਵੱਧ 1.70 ਫੀਸਦੀ ਵੋਟਾਂ ਨੋਟਾ ਨੂੰ ਪਈਆਂ। ਇੱਥੇ ਕੁੱਲ 65.2 ਲੱਖ ਵੋਟਾਂ ਨੋਟਾ ਨੂੰ ਪਈਆਂ ਸਨ, ਇਨ੍ਹਾਂ 'ਚੋਂ 22,272 ਵੋਟਾਂ ਪੋਸਟਲ ਬੈਲੇਟ ਸਨ। ਸਾਲ 2014 'ਚ ਮੇਘਾਲਿਆ 'ਚ ਨੋਟਾ ਨੂੰ ਸਭ ਤੋਂ ਵੱਧ 2.80 ਫੀਸਦੀ ਵੋਟਾਂ ਪਈਆਂ ਸਨ। ਇਸ ਤੋਂ ਬਾਅਦ ਛੱਤੀਸਗੜ੍ਹ (1.83 ਫੀਸਦੀ) ਅਤੇ ਗੁਜਰਾਤ (1.76 ਫੀਸਦੀ) ਲੋਕਾਂ ਨੇ ਕਿਸੇ ਉਮੀਦਵਾਰ ਦੀ ਬਜਾਏ ਨੋਟਾ ਦਾ ਬਟਨ ਦਬਾਉਣਾ ਪਸੰਦ ਕੀਤਾ। ਉਸ ਚੋਣ 'ਚ ਕੇਂਦਰ ਸਾਸਿਤ ਪ੍ਰਦੇਸਾਂ ਦੀ ਸ੍ਰੇਣੀ 'ਚ ਪੁਡੂਚੇਰੀ 'ਚ ਸਭ ਤੋਂ ਵੱਧ 3.01 ਫੀਸਦੀ ਵੋਟਾਂ ਨੋਟਾ 'ਤੇ ਪਈਆਂ ਸਨ। ਸਾਲ 2014 ਦੀਆਂ ਆਮ ਚੋਣਾਂ ਵਿਚ ਦੇਸ ਭਰ ਤੋਂ ਨੋਟਾ ਨੂੰ 60.2 ਲੱਖ ਵੋਟਾਂ ਪਾਈਆਂ ਗਈਆਂ ਸਨ। ਵੋਟਰਾਂ ਲਈ ਨੋਟਾ ਦਾ ਬਦਲ ਪਹਿਲੀ ਵਾਰ 2013 ਦੇ ਦਸੰਬਰ 'ਚ ਛੱਤੀਸਗੜ੍ਹ, ਮੱਧ ਪ੍ਰਦੇਸ, ਮਿਜ਼ੋਰਮ, ਦਿੱਲੀ ਅਤੇ ਰਾਜਸਥਾਨ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਦਿੱਤਾ ਗਿਆ ਸੀ। ਉਸ ਤੋਂ ਬਾਅਦ ਸਾਰੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ 'ਚ ਅਜਿਹੇ ਵੋਟਰਾਂ ਨੂੰ ਨੋਟਾ ਬਟਨ ਦਬਾਉਣ ਦੀ ਛੋਟ ਦਿੱਤੀ ਜਾ ਰਹੀ ਹੈ, ਜੋ ਕਿਸੇ ਵੀ ਉਮੀਦਵਾਰ ਨੂੰ ਪਸੰਦ ਨਹੀਂ ਕਰਦੇ।

## ਟੈਕਸ ਚੋਰੀ ਦਾ ਪਰਦਾਫਾਸ਼ : ਟੀ.ਐੱਮ.ਟੀ. ਬਾਰ ਨਿਰਮਾਤਾਵਾਂ 'ਤੇ 730 ਕਰੋੜ ਰੁਪਏ ਦੀ ਧੋਖਾਧੜੀ ਦਾ ਦੋਸ਼

**ਏਜੰਸੀਆਂ**

ਨਵੀਂ ਦਿੱਲੀ 8 ਅਪ੍ਰੈਲ। ਗੁਡਸ ਐਂਡ ਸਰਵਿਸਿਜ ਟੈਕਸ ਇੰਟੈਲੀਜੈਂਸ ਦੇ ਡਾਇਰੈਕਟਰ ਜਨਰਲ (ਡੀ.ਜੀ.ਜੀ.ਆਈ.) ਨੇ ਟੀ.ਐੱਮ.ਟੀ.




ਸਟੀਲ ਬਾਰ ਨਿਰਮਾਣ ਖੇਤਰ ਵਿੱਚ ਟੈਕਸ ਚੋਰੀ ਦੇ ਇੱਕ ਵੱਡੇ ਮਾਮਲੇ ਦਾ ਪਰਦਾਫਾਸ ਕੀਤਾ ਹੈ। ਅਧਿਕਾਰੀਆਂ ਮੁਤਾਬਕ ਟੀ.ਐੱਮ.ਟੀ. ਬਾਰ ਨਿਰਮਾਤਾ ਫਰਜੀ ਚਲਾਨਾਂ ਰਾਹੀਂ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕਰਕੇ 30 ਕਰੋੜ ਰੁਪਏ ਦਾ ਟੈਕਸ ਚੋਰੀ ਕਰ ਰਹੇ ਹਨ। ਪਿਛਲੇ ਹਫਤੇ, ਡੀ.ਜੀ.ਜੀ.ਆਈ. ਨੇ ਅੱਠ ਥਰਮੋ-ਮਕੈਨੀਕਲ ਟ੍ਰੀਟਿਡ (ਟੀ.ਐੱਮ.ਟੀ.) ਬਾਰ ਨਿਰਮਾਤਾਵਾਂ ਨੂੰ ਨੋਟਿਸ ਜਾਰੀ ਕੀਤੇ, ਜਿਸ ਨਾਲ ਟੈਕਸ ਭੁਗਤਾਨਾਂ ਵਿੱਚ ਲਗਭਗ 200 ਕਰੋੜ ਰੁਪਏ ਦੀ ਵਸੂਲੀ ਹੋਈ। ਇੱਕ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਨਿਰਮਾਤਾਵਾਂ ਨੇ ਕਥਿਤ ਤੌਰ 'ਤੇ ਵਸਤੂਆਂ ਦਾ ਖੁਲਾਸਾ ਜਾਂ ਜੀ.ਐੱਸ.ਟੀ. ਦਾ ਭੁਗਤਾਨ ਕੀਤੇ ਬਿਨਾਂ ਡੀਲਰਾਂ ਨੂੰ ਸਪਲਾਈ ਕੀਤੀ। ਹੁਣ ਤੱਕ ਫੜੀ ਗਈ ਕੁੱਲ ਟੈਕਸ ਚੋਰੀ ਲਗਭਗ 730 ਕਰੋੜ ਰੁਪਏ ਹੈ, ਜਿਸ ਕਾਰਨ ਅੱਠ ਕੰਪਨੀਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਲੋਹੇ ਅਤੇ ਸਟੀਲ ਦੀਆਂ ਸਾਰੀਆਂ ਵਸਤੂਆਂ 'ਤੇ 18 ਫੀਸਦੀ ਜੀ.ਐੱਸ.ਟੀ. ਡੀ.ਜੀ.ਜੀ.ਆਈ. ਦੀ ਮੇਰਠ ਯੂਨਿਟ ਨੂੰ ਟੀ.ਐੱਮ.ਟੀ. ਬਾਰ ਨਿਰਮਾਤਾਵਾਂ ਵੱਲੋਂ ਜਾਅਲੀ ਕੰਪਨੀਆਂ ਦੀ ਤਰਫੋਂ ਦਸਤਾਵੇਜ ਜਮ੍ਹਾਂ ਕਰਾਉਣ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕਰਨ ਬਾਰੇ ਖੁਫੀਆ ਜਾਣਕਾਰੀ ਪ੍ਰਾਪਤ ਹੋਈ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਨ੍ਹਾਂ ਕੰਪਨੀਆਂ ਨੇ ਆਪਣੀਆਂ ਟੈਕਸ ਜ਼ਿੰਮੇਵਾਰੀਆਂ ਨੂੰ ਪੂਰਾ ਕੀਤੇ ਬਿਨਾਂ, ਇੱਕ ਤੋਂ ਵੱਧ ਡੀਲਰਾਂ ਅਤੇ ਪ੍ਰਾਪਤਕਰਤਾਵਾਂ ਨੂੰ ਗੈਰ-ਡਿਊਟੀ ਅਦਾ ਕੀਤੇ ਸਮਾਨ ਦੀ ਆਵਾਜਾਈ ਨੂੰ ਆਊਟਸੋਰਸ ਕੀਤਾ। ਬਾਅਦ ਦੀ ਜਾਂਚ ਤੋਂ ਪਤਾ ਚੱਲਿਆ ਕਿ ਇਨ੍ਹਾਂ "ਗੁਪਤ ਮਨਜ਼ੂਰੀ" ਦੀ ਢੋਆ-ਢੁਆਈ ਲਈ ਜ਼ਿੰਮੇਵਾਰ ਠੇਕੇਦਾਰ ਪ੍ਰਤੀ ਟਨ ਦੇ ਆਧਾਰ 'ਤੇ ਕੰਮ ਕਰ ਰਹੇ ਸਨ, ਨਤੀਜੇ ਵਜੋਂ ਮੇਰਠ ਅਤੇ ਮੁਜ਼ੱਫਰਨਗਰ ਸਥਿਤ ਨਿਰਮਾਤਾਵਾਂ ਅਤੇ ਡੀਲਰਾਂ 'ਤੇ ਲੜੀਵਾਰ ਖੋਜਾਂ ਕੀਤੀਆਂ ਗਈਆਂ। ਇਨ੍ਹਾਂ ਯਤਨਾਂ ਕਾਰਨ 120 ਕਰੋੜ ਰੁਪਏ ਦੀ ਕਥਿਤ ਜੀ.ਐੱਸ.ਟੀ. ਚੋਰੀ ਦੇ ਨਾਲ 800 ਕਰੋੜ ਰੁਪਏ ਤੋਂ ਵੱਧ ਦੀਆਂ ਖੇਪਾਂ ਨੂੰ ਜਬਤ ਕੀਤਾ ਗਿਆ। ਹਾਲਾਂਕਿ ਸਿੰਡੀਕੇਟ ਦੀਆਂ ਕਾਰਵਾਈਆਂ ਮੁੱਖ ਤੌਰ 'ਤੇ ਦਿੱਲੀ ਅਤੇ ਇਸਦੇ ਗੁਆਂਢੀ ਰਾਜਾਂ ਵਿੱਚ ਕੇਂਦ੍ਰਿਤ ਸਨ, ਅਧਿਕਾਰੀ ਸਰਗਰਮੀ ਨਾਲ ਇਹ ਨਿਰਧਾਰਤ ਕਰ ਰਹੇ ਹਨ ਕਿ ਕੀ ਹੋਰ ਖੇਤਰਾਂ ਵਿੱਚ ਵੀ ਇਸੇ ਤਰ੍ਹਾਂ ਦੀ ਰਣਨੀਤੀ ਅਪਨਾਈ ਗਈ ਸੀ। ਇਹ ਖੁਲਾਸਾ ਟੈਕਸ ਚੋਰੀ ਦੇ ਖਿਲਾਫ ਚੱਲ ਰਹੀ ਲੜਾਈ ਅਤੇ ਉਦਯੋਗ ਦੇ ਅੰਦਰ ਅਖੰਡਤਾ ਨੂੰ ਬਣਾਈ ਰੱਖਣ ਲਈ ਮਜਬੂਤ ਉਪਾਵਾਂ ਦੀ ਲੋੜ ਦੀ ਯਾਦ ਦਿਵਾਉਂਦਾ ਹੈ।

## ਇਸ ਵਾਰ ਦੀਆਂ ਲੋਕ ਸਭਾ ਚੋਣਾਂ 'ਚ ਖਰਚ ਹੋਣਗੇ 100 ਕਰੋੜ, ਪਿਛਲੀਆਂ ਚੋਣਾਂ 'ਚ ਖਰਚੇ ਗਏ ਸੀ ਇੰਨੇ ਕਰੋੜ

**ਏਜੰਸੀਆਂ**

ਸ਼ਿਮਲਾ 8 ਅਪ੍ਰੈਲ। ਹਿਮਾਚਲ ਪ੍ਰਦੇਸ਼ 'ਚ ਸਾਲ 2019 'ਚ ਹੋਈਆਂ ਲੋਕ ਸਭਾ ਚੋਣਾਂ 'ਚ 76 ਕਰੋੜ ਰੁਪਏ ਤੋਂ ਵੱਧ ਦਾ ਖਰਚਾ ਹੋਇਆ ਸੀ ਪਰ ਇਸ ਵਾਰ ਇਹ ਅੰਕੜਾ 100 ਕਰੋੜ ਰੁਪਏ ਤੋਂ ਪਾਰ ਜਾਣ ਦਾ ਅਨੁਮਾਨ ਹੈ। ਸੂਬੇ 'ਚ ਚੋਣ ਖਰਚਾ ਲਗਾਤਾਰ ਵਧ ਰਿਹਾ ਹੈ। ਚੋਣਾਂ ਭਾਵੇਂ ਵਿਧਾਨ ਸਭਾ ਦੀਆਂ ਹੋਣ ਜਾਂ ਲੋਕ ਸਭਾ ਦੀਆਂ, ਇਨ੍ਹਾਂ ਦੇ ਖਰਚੇ ਵਿਚ ਭਾਰੀ ਵਾਧਾ ਹੋ ਰਿਹਾ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਸੂਬੇ 'ਚ ਸਾਲ 2014 'ਚ ਹੋਈਆਂ ਲੋਕ ਸਭਾ ਚੋਣਾਂ 'ਚ ਲਗਭਗ 38 ਕਰੋੜ ਰੁਪਏ ਦਾ ਖਰਚਾ ਹੋਇਆ ਸੀ। ਇਸ ਤੋਂ ਬਾਅਦ ਸਾਲ 2017 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਲਗਭਗ ਸਾਢੇ 46 ਕਰੋੜ ਰੁਪਏ ਦਾ ਖਰਚਾ ਹੋਇਆ। ਫਿਰ ਸਾਲ 2019 'ਚ ਹੋਈਆਂ ਲੋਕ ਸਭਾ ਚੋਣਾਂ 'ਚ 76 ਕਰੋੜ ਰੁਪਏ ਤੋਂ ਵੱਧ ਦਾ ਖਰਚਾ ਹੋਇਆ। ਇਸ ਤੋਂ ਬਾਅਦ ਸਾਲ 2022 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਲਗਭਗ 89 ਕਰੋੜ ਰੁਪਏ ਦਾ ਖਰਚਾ ਹੋਇਆ ਸੀ। ਹੁਣ ਮੌਜੂਦਾ ਚੋਣਾਂ 'ਚ 100 ਕਰੋੜ ਰੁਪਏ ਤੋਂ ਵੱਧ ਦਾ ਖਰਚਾ ਹੋਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ 6 ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ 'ਚ ਵੀ 7 ਤੋਂ 8 ਕਰੋੜ ਰੁਪਏ ਦਾ ਖਰਚਾ ਹੋਣ ਦਾ ਅਨੁਮਾਨ ਹੈ। ਇਸ ਤੋਂ ਸਪੱਸ਼ਟ ਹੈ ਕਿ ਚੋਣਾਂ 'ਚ ਹੋਣ ਵਾਲੇ ਖਰਚੇ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਹਿਲੀਆਂ ਚੋਣਾਂ ਦੇ



ਮੁਕਾਬਲੇ ਦੂਜੀਆਂ ਚੋਣਾਂ 'ਚ 10 ਤੋਂ 20 ਕਰੋੜ ਰੁਪਏ ਵੱਧ ਖਰਚਾ ਹੋ ਰਿਹਾ ਹੈ। ਲਗਾਤਾਰ ਵਧ ਰਹੇ ਖਰਚੇ ਅਤੇ ਇਸ ਦੇ ਸਰਕਾਰ ਤੇ ਆਮ ਲੋਕਾਂ 'ਤੇ ਪੈ ਰਹੇ ਬੋਝ ਨੂੰ ਵੇਖਦਿਆਂ ਦੇਸ਼ ਵਿਚ 'ਵਨ ਨੇਸ਼ਨ-ਵਨ ਇਲੈਕਸ਼ਨ' ਦੀ ਗੱਲ ਉੱਠ ਰਹੀ ਹੈ ਤਾਂ ਜੋ ਇਸ ਖਰਚੇ ਨੂੰ ਘੱਟ ਕੀਤਾ ਜਾ ਸਕੇ। ਲੋਕ ਸਭਾ ਚੋਣਾਂ ਦਾ ਪੂਰਾ ਖਰਚਾ ਕੇਂਦਰ ਸਰਕਾਰ ਉਠਾਉਂਦੀ ਹੈ। ਇਸ ਵਿਚ ਚੋਣ ਕਮਿਸ਼ਨ ਦੇ ਪ੍ਰਸ਼ਾਸਨਿਕ ਕੰਮਕਾਜ ਤੋਂ ਲੈ ਕੇ ਵੋਟਰ ਆਈ. ਡੀ. ਕਾਰਡ ਬਣਾਉਣ, ਚੋਣ ਸੁਰੱਖਿਆ, ਪੋਲਿੰਗ ਬੂਥ ਬਣਾਉਣ, ਈ. ਵੀ. ਐੱਮ. ਖਰੀਦਣ ਅਤੇ ਵੋਟਰਾਂ ਨੂੰ ਜਾਗਰੂਕ ਕਰਨ ਵਰਗੇ ਸਾਰੇ ਖਰਚੇ ਹੁੰਦੇ ਹਨ। ਇਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਦਾ ਪੂਰਾ ਖਰਚਾ ਸੂਬਾ ਸਰਕਾਰ ਉਠਾਉਂਦੀ ਹੈ। ਇਸ ਤੋਂ ਇਲਾਵਾ ਜੇ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਇਕੱਠੀਆਂ ਹੁੰਦੀਆਂ ਹਨ ਤਾਂ 50 ਫੀਸਦੀ ਖਰਚਾ ਕੇਂਦਰ ਤੇ 50 ਫੀਸਦੀ ਸੂਬਾ ਸਰਕਾਰ ਉਠਾਉਂਦੀ ਹੈ। ਇਸ ਤੋਂ ਇਲਾਵਾ ਚੋਣ ਵਿਭਾਗ ਦੇ ਰੋਜਾਨਾ ਦੇ ਖਰਚਿਆਂ ਨੂੰ ਵੀ 50 ਫੀਸਦੀ ਕੇਂਦਰ ਤੇ 50 ਫੀਸਦੀ ਸੂਬਾ ਸਰਕਾਰ ਸਹਿਣ ਕਰਦੀ ਹੈ। ਦੇਸ਼ 'ਚ ਆਜਾਦੀ ਤੋਂ ਬਾਅਦ ਸਾਲ 1951-52 'ਚ ਪਹਿਲੀ ਵਾਰ ਆਮ ਚੋਣਾਂ ਹੋਈਆਂ ਸਨ। ਉਸ ਵੇਲੇ ਚੋਣਾਂ 'ਤੇ ਸਿਰਫ 10.5 ਕਰੋੜ ਰੁਪਏ ਦਾ ਖਰਚਾ ਹੋਇਆ ਸੀ। ਇਸ ਦੇ ਬਾਅਦ ਤੋਂ ਚੋਣਾਂ 'ਚ ਖਰਚ ਹੋਣ ਵਾਲੀ ਰਕਮ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

## ਸੋਨੇ ਦੀ ਸਮੱਗਲਿੰਗ ਦਾ ਮੁਲਜਮ ਸਾਊਦੀ ਅਰਬ ਤੋਂ ਲਿਆਂਦਾ ਗਿਆ ਭਾਰਤ, ਇੰਟਰਪੋਲ ਨੇ ਜਾਰੀ ਕੀਤਾ ਸੀ ਨੋਟਿਸ

**ਏਜੰਸੀਆਂ**

ਨਵੀਂ ਦਿੱਲੀ 8 ਅਪ੍ਰੈਲ। ਰਾਸਟਰੀ ਜਾਂਚ ਏਜੰਸੀ (ਐੱਨ. ਆਈ. ਏ.) ਵਲੋਂ ਜਾਂਚ ਕੀਤੇ ਜਾ ਰਹੇ ਸੋਨਾ ਸਮੱਗਲਿੰਗ ਦੇ ਇਕ ਮਾਮਲੇ ਵਿਚ ਲੋੜੀਂਦੇ ਅਤੇ ਇੰਟਰਪੋਲ ਦੇ ਰੈੱਡ ਨੋਟਿਸ ਦਾ ਸਾਹਮਣਾ ਕਰ ਰਹੇ ਇਕ ਮੁਲਜਮ ਨੂੰ ਕੇਂਦਰੀ ਜਾਂਚ ਏਜੰਸੀ (ਸੀ. ਬੀ. ਆਈ.) ਵਲੋਂ ਇਕ ਮੁਹਿੰਮ ਤਹਿਤ ਸਾਊਦੀ ਅਰਬ ਤੋਂ ਭਾਰਤ ਵਾਪਸ ਲਿਆਂਦਾ ਗਿਆ ਹੈ। ਸੀ. ਬੀ. ਆਈ. ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਏਜੰਸੀ ਦੇ ਗਲੋਬਲ ਮੁਹਿੰਮ ਕੇਂਦਰ ਨੇ ਸੌਕਤ ਅਲੀ ਦੀ ਸਾਊਦੀ ਅਰਬ ਤੋਂ ਮੁੰਬਈ ਵਾਪਸੀ ਲਈ ਇੰਟਰਪੋਲ ਰਾਹੀਂ ਨੈਸਨਲ ਸੈਂਟਰਲ ਬਿਊਰੋ-ਰਿਆਦ ਨਾਲ ਤਾਲਮੇਲ ਕੀਤਾ ਹੈ। ਅਲੀ ਨੂੰ ਬੁੱਧਵਾਰ ਰਾਤ ਨੂੰ ਵਾਪਸ ਲਿਆਂਦਾ ਗਿਆ। ਅਲੀ ਰਾਜਸਥਾਨ ਦੇ ਜੈਪੁਰ ਅੰਤਰਰਾਸਟਰੀ ਹਵਾਈ ਅੱਡੇ 'ਤੇ ਸਮੱਗਲਿੰਗ ਕਰ ਕੇ ਲਿਆਂਦੀਆਂ ਗਈਆਂ ਦੀਆਂ ਸੋਨੇ ਦੀਆਂ ਬਾਰਾਂ ਦੀ ਜਬਤੀ ਨਾਲ ਸਬੰਧਤ 2020 ਵਿੱਚ ਦਰਜ ਇੱਕ ਕੇਸ ਵਿੱਚ ਲੋੜੀਂਦਾ ਸੀ। ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਅਧਿਕਾਰੀ ਨੇ ਕਿਹਾ, "ਜਾਂਚ ਦੌਰਾਨ, ਇਹ ਖੁਲਾਸਾ ਹੋਇਆ ਕਿ ਦੋਸੀ ਸੌਕਤ ਅਲੀ ਨੇ ਸਹਿ-



ਮੁਲਜਮਾਂ ਨਾਲ ਮਿਲ ਕੇ ਸਾਊਦੀ ਅਰਬ ਤੋਂ ਭਾਰਤ ਵਿੱਚ ਸੋਨੇ ਦੀਆਂ ਬਾਰਾਂ ਦੀ ਤਸਕਰੀ ਕਰਨ ਦੀ ਸਾਜ਼ਿਸ ਰਚੀ ਸੀ।" ਉਨ੍ਹਾਂ ਕਿਹਾ ਕਿ ਅਲੀ ਖ਼ਿਲਾਫ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਦੀਆਂ ਸਖਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸ ਦੇ ਸਾਊਦੀ ਅਰਬ 'ਚ ਹੋਣ ਦਾ ਪਤਾ ਲੱਗਾ, ਜਿਸ ਤੋਂ ਬਾਅਦ ਇੰਟਰਪੋਲ ਰਾਹੀਂ ਸੰਪਰਕ ਕੀਤਾ ਗਿਆ। ਬੁਲਾਰੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੀ.ਬੀ.ਆਈ. 13 ਸਤੰਬਰ 2021 ਨੂੰ ਇੰਟਰਪੋਲ ਜਨਰਲ ਸਕੱਤਰੇਤ ਤੋਂ ਉਸ ਖਿਲਾਫ ਇਕ ਰੈੱਡ ਨੋਟਿਸ ਜਾਰੀ ਕਰਾਉਣ ਵਿਚ ਸਫਲਤਾ ਹਾਸਲ ਕੀਤੀ। ਮੁਲਜਮ ਦਾ ਪਤਾ ਲਗਾਉਣ ਅਤੇ ਉਸ ਨੂੰ ਗ੍ਰਿਫਤਾਰ ਕਰਨ ਲਈ ਇੰਟਰਪੋਲ ਦੇ ਸਾਰੇ ਮੈਂਬਰ ਦੇਸਾਂ ਨੂੰ ਰੈੱਡ ਨੋਟਿਸ ਭੇਜਿਆ ਗਿਆ ਸੀ।

## ਤਾਮਿਲਨਾਡੂ 'ਚ 7 ਸਿੱਖ ਉਮੀਦਵਾਰ ਚੋਣ ਮੈਦਾਨ 'ਚ, ਕਿਸਾਨ ਅੰਦੋਲਨ ਨਾਲ ਹੈ ਸਬੰਧ

ਜਲੰਧਰ/ਤਾਮਿਲਨਾਡੂ 8 ਅਪ੍ਰੈਲ। 2021 ਦੇ ਦਿੱਲੀ ਕਿਸਾਨ ਅੰਦੋਲਨ 'ਚ ਸਿੱਖਾਂ ਦੀ ਹਿੱਸੇਦਾਰੀ ਤੋਂ ਪ੍ਰੇਰਣਾ ਲੈਂਦੇ ਹੋਏ ਬਹੁਜਨ ਦ੍ਰਵਿੜ ਪਾਰਟੀ (ਬੀ. ਡੀ. ਪੀ.) ਨੇ ਤਾਮਿਲਨਾਡੂ 'ਚ 7 ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਿਆ ਹੈ। ਇਕ ਨਵਾਂ ਸੋਸ਼ਲ ਇੰਜੀਨੀਅਰਿੰਗ ਤਜਰਬਾ ਕਰਦੇ ਹੋਏ ਪਾਰਟੀ ਨੇ ਸਿੱਖ ਉਮੀਦਵਾਰਾਂ ਨੂੰ ਟਿਕਟ ਦਿੱਤੀ ਹੈ। ਇੱਥੇ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਮੂਲ ਤੌਰ 'ਤੇ ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਣ ਵਾਲੇ ਇਨ੍ਹਾਂ ਸਾਰੇ ਉਮੀਦਵਾਰਾਂ ਨੇ ਕਿਸਾਨਾਂ ਦੇ ਵਿਖਾਵੇ ਵਿਚ ਹਿੱਸਾ ਲੈਣ ਤੋਂ ਬਾਅਦ ਸਿੱਖ ਧਰਮ ਅਪਣਾ ਲਿਆ ਹੈ। ਇਨ੍ਹਾਂ 7 ਉਮੀਦਵਾਰਾਂ 'ਚ ਸੇਲਵਾਕੁਮਾਰ ਉਰਫ ਸੇਲਵਾ ਸਿੰਘ (27) ਤਿਰੂਨੇਲਵੇਲੀ ਚੋਣ ਹਲਕੇ ਤੋਂ ਚੋਣ ਲੜ ਰਹੇ ਹਨ, ਜਦੋਂਕਿ ਪਲਾਨੀਸਾਮੀ ਸਿੰਘ (36) ਵਿਰੁਧੁਨਗਰ ਤੋਂ, ਰਾਜਨ ਸਿੰਘ (60) ਕੰਨਿਆਕੁਮਾਰੀ ਤੋਂ, ਸੀਤਾ ਕੌਰ (52) ਤੇਨਕਾਸੀ ਤੋਂ, ਮਣੀਵਾਸਗਮ (46) ਰਾਮਨਾਥਪੁਰਮ ਤੋਂ, ਥੁਥੁਕੁਡੀ ਤੋਂ ਅਸੀਰਿਆਰ ਸ਼ਨਮੁਗਸੁੰਦਰਮ ਸਿੰਘ (37) ਅਤੇ ਮਦੁਰੈ ਚੋਣ ਹਲਕੇ ਤੋਂ ਨਾਗਾ ਵਾਮਸਾ ਪਾਂਡਿਅਨ ਸਿੰਘ (30) ਚੋਣ ਮੈਦਾਨ ਵਿਚ ਹਨ। ਤਿਰੂਨੇਲਵੇਲੀ ਤੋਂ ਖੜ੍ਹੇ ਉਮੀਦਵਾਰ ਨੂੰ 'ਸੱਤ ਕਿਰਨਾਂ ਵਾਲਾ ਪੈਨ ਨਿੱਬ' ਪ੍ਰਤੀਕ ਦਿੱਤਾ ਗਿਆ ਹੈ, ਜਦੋਂਕਿ ਹੋਰ ਉਮੀਦਵਾਰ 'ਹੀਰਾ' ਪ੍ਰਤੀਕ ਚਿੰਨ੍ਹ 'ਤੇ ਚੋਣ ਲੜਨਗੇ। ਬੀ. ਡੀ. ਪੀ. ਦੇ ਸੰਸਥਾਪਕ ਜੀਵਨ ਸਿੰਘ ਥੁਥੁਕੁਡੀ ਤੋਂ ਹਨ। ਉਹ ਪਹਿਲਾਂ ਬੋਧ ਧਰਮ ਦੇ ਪੈਰੋਕਾਰ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਮਨੋਰਥ ਸਿੱਖ ਧਰਮ ਦੇ ਮਾਧਿਅਮ ਰਾਹੀਂ ਸੱਭਿਆਚਾਰਕ ਪਛਾਣ ਕਾਇਮ ਕਰ ਕੇ ਜਮੀਨੀ ਪੱਧਰ 'ਤੇ ਸਮਾਜਿਕ ਤਬਦੀਲੀ ਲਿਆਉਣਾ ਹੈ। ਜੀਵਨ ਸਿੰਘ ਮੁਤਾਬਕ ਪਾਰਟੀ ਦਾ ਮੁੱਢਲਾ ਸਿਧਾਂਤ 'ਬੇਗਮਪੁਰਾ ਕਲਸ਼ਾ ਰਾਜ' ਦੀ ਸਥਾਪਨਾ ਕਰਨਾ ਹੈ, ਜਿਸ ਦਾ ਪੰਜਾਬੀ 'ਚ ਮਤਲਬ ਭੇਦ-ਭਾਵ ਤੋਂ ਮੁਕਤ ਸੂਬਾ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਐੱਸ. ਸੀ./ਐੱਸ. ਟੀ., ਓ. ਬੀ. ਸੀ. ਤੇ ਧਾਰਮਿਕ ਘੱਟ ਗਿਣਤੀਆਂ ਦੇ ਸਸ਼ਕਤੀਕਰਨ ਲਈ ਕੰਮ ਕਰਦੀ ਹੈ, ਜੋ ਭਾਰਤ 'ਚ ਆਬਾਦੀ ਦਾ 95 ਫੀਸਦੀ ਹਿੱਸਾ ਹਨ। ਜੀਵਨ ਸਿੰਘ ਪਹਿਲਾਂ ਬਸਪਾ ਵਿਚ ਸਨ ਪਰ ਪਾਰਟੀ ਦੀ ਮਹਾਪੁਰਸ਼ ਸੂਚੀ 'ਚੋਂ ਪੇਰਿਆਰ ਦੀ ਫੋਟੋ ਹਟਾਏ ਜਾਣ ਤੋਂ ਬਾਅਦ ਉਨ੍ਹਾਂ ਬਸਪਾ ਛੱਡ ਦਿੱਤੀ ਸੀ ਅਤੇ 2019 'ਚ ਬਹੁਜਨ ਦ੍ਰਵਿੜ ਪਾਰਟੀ ਦੀ ਸਥਾਪਨਾ ਕੀਤੀ।

## ਸਰਹੱਦੀ ਖੇਤਰ ਅੰਦਰ ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ ਦਾਯਮਾ ਦੀ ਅਗਵਾਈ ਹੇਠ ਪੁਲਸ ਵੱਲੋਂ ਕੀਤਾ ਗਿਆ ਫਲੈਗ ਮਾਰਚ

**ਸਰਦੂਲ ਸਿੰਘ**

ਦੀਨਾਨਗਰ 8 ਅਪ੍ਰੈਲ। ਲੋਕ ਸਭਾ ਚੋਣਾਂ ਦੇ ਮੱਦੇਨਜਰ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਦੇ ਮਕਸਦ ਤਹਿਤ ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ ਦਾਯਮਾ ਦੀ ਅਗਵਾਈ ਹੇਠ ਅੱਜ ਪੰਜਾਬ ਪੁਲਸ, ਬੀ.ਐੱਸ.ਐੱਫ . ਦੇ ਜਵਾਨਾਂ ਵੱਲੋਂ ਸਰਹੱਦੀ ਖੇਤਰ ਅੰਦਰ ਬਹਿਰਾਮਪੁਰ, ਦੌਰਾਂਗਲਾ ਆਦਿ ਵਿਖੇ ਫਲੈਗ ਮਾਰਚ ਕੱਢਿਆ ਗਿਆ। ਇਹ ਫਲੈਗ ਮਾਰਚ ਥਾਣਾ ਬਹਿਰਾਮਪੁਰ ਤੋਂ ਸੁਰੂ ਕੀਤਾ ਗਿਆ। ਐੱਸ. ਐੱਸ. ਪੀ. ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸਨ ਵੱਲੋਂ ਜੋ ਲੋਕ ਸਭਾ ਚੋਣਾਂ ਦਾ ਐਲਾਨ ਕੀਤਾ ਗਿਆ ਹੈ ਉਸ ਤੋਂ ਬਾਅਦ ਪੂਰੇ ਦੇਸ ਵਿੱਚ ਆਦਰਸ ਚੋਣ ਜਾਬਤਾ ਲਾਗੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸਾਸਨ ਵੱਲੋਂ ਆਦਰਸ ਚੋਣ ਜਾਬਤੇ ਦੀ ਸਖਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ ਅਤੇ ਪਿਛਲੇ ਕੁਝ ਦਿਨਾਂ ਤੋਂ ਜਿੰਨੇ ਵੀ ਅਦਾਰੇ ਚੋਣ ਅਮਲ ਵਿੱਚ ਸਾਮਲ ਹਨ ਅਤੇ ਨਾਲ ਵੱਖ-ਵੱਖ ਰਾਜਸੀ ਪਾਰਟੀਆਂ ਨੂੰ ਮੀਟਿੰਗਾਂ ਕਰਕੇ ਆਦਰਸ ਚੋਣ ਜਾਬਤੇ ਦੀਆਂ ਹਦਾਇਤਾਂ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਫਲੈਗ ਮਾਰਚ ਦਾ ਮੰਤਵ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਇਸਦੇ ਨਾਲ ਹੀ ਲੋਕਾਂ ਨੂੰ ਆਦਰਸ ਚੋਣ ਜਾਬਤੇ ਦੀ ਇੰਨ-ਬਿੰਨ ਪਾਲਣਾ ਕਰਨ ਦਾ ਸੁਨੇਹਾ ਦੇਣ ਦੇ ਨਾਲ ਇਹ ਸੁਨੇਹਾ ਵੀ ਦਿੱਤਾ ਗਿਆ ਹੈ। ਐੱਸ. ਐੱਸ. ਪੀ. ਨੇ ਕਿਹਾ ਕਿ ਜ਼ਿਲ੍ਹਾ ਪ੍ਰਸਾਸਨ ਦੀ ਸਮੁੱਚੀ ਟੀਮ ਇਨ੍ਹਾਂ ਚੋਣਾਂ ਨੂੰ ਨਿਰਪੱਖ




ਢੰਗ ਨਾਲ ਕਰਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕਿਸੇ ਤੋਂ ਵੀ ਡਰਨ ਜਾਂ ਦਬਾਅ ਵਿੱਚ ਆਉਣ ਦੀ ਬਿਲਕੁਲ ਵੀ ਜਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਫਲੈਗ ਮਾਰਚ ਰਾਹੀਂ ਸਮਾਜ ਵਿਰੋਧੀ ਅਨਸਰਾਂ ਨੂੰ ਵੀ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਚੋਣਾਂ ਦੌਰਾਨ ਡਰ ਜਾਂ ਭੈਅ ਦਾ ਮਹੌਲ ਬਣਾਉਣ ਬਾਰੇ ਸੋਚਣ ਵੀ ਨਾ ਕਿਉਂਕਿ ਜ਼ਿਲ੍ਹਾ ਪ੍ਰਸਾਸਨ ਅਤੇ ਸਾਡੀਆਂ ਸੁਰੱਖਿਆ ਫੋਰਸਾਂ ਅਜਿਹੇ ਅਨਸਰਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹਨ। ਇਸ ਮੌਕੇ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ ਦਾਯਮਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸਰਾਰਤ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵੋਟ ਪਾਉਣਾ ਸੰਵਿਧਾਨਿਕ ਹੱਕ ਅਤੇ ਸਾਰੇ ਵੋਟਰ ਬਿਨਾਂ ਕਿਸੇ ਡਰ, ਭੈਅ ਦੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪੋਲਿੰਗ ਬੂਥਾਂ ਉੱਪਰ ਪਹੁੰਚਣ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਤੇ ਹੋਰ ਸੁਰੱਖਿਆ ਬਲ ਦਿਨ-ਰਾਤ ਲੋਕਾਂ ਦੀ ਸੁਰੱਖਿਆ ਲਈ ਹਾਜਰ ਹਨ। ਇਸ ਮੌਕੇ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ, ਡੀ. ਐੱਸ. ਪੀ. ਬਲਜੀਤ ਸਿੰਘ ਥਾਣਾ ਮੁਖੀ ਬਹਿਰਾਮਪੁਰ ਅਵਤਾਰ ਸਿੰਘ, ਦੀਨਾਨਗਰ ਹਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਪੁਲਸ ਅਤੇ ਬੀ. ਐੱਸ. ਐੱਫ. ਦੇ ਜਵਾਨ ਹਾਜਰ ਸਨ।

## ਗੋਦਰੇਜ ਪ੍ਰਾਪਰਟੀਜ ਨੇ ਮੁੰਬਈ 'ਚ ਨਵੇਂ ਰਿਹਾਇਸੀ ਪ੍ਰਾਜੈਕਟ 'ਚ 2,690 ਕਰੋੜ ਰੁਪਏ ਦੇ ਵੇਚੇ ਫਲੈਟ

ਨਵੀਂ ਦਿੱਲੀ 8 ਅਪ੍ਰੈਲ। ਰੀਅਲ ਅਸਟੇਟ ਕੰਪਨੀ ਗੋਦਰੇਜ ਪ੍ਰਾਪਰਟੀਜ ਲਿਮਿਟੇਡ (ਜੀਪੀਐੱਲ) ਨੇ ਮੁੰਬਈ ਵਿੱਚ ਆਪਣੇ ਨਵੇਂ ਰਿਹਾਇਸੀ ਪ੍ਰਾਜੈਕਟ ਵਿੱਚ 2,690 ਕਰੋੜ ਰੁਪਏ ਦੇ ਫਲੈਟ ਵੇਚੇ ਹਨ। ਕੰਪਨੀ ਨੇ ਸੁੱਕਰਵਾਰ ਨੂੰ ਸ਼ੇਅਰ ਬਾਜਾਰ ਨੂੰ ਇੱਕ ਫਾਈਲਿੰਗ ਵਿੱਚ ਕਿਹਾ ਕਿ ਉਸਨੇ ਮੁੰਬਈ ਦੇ ਕਾਂਦੀਵਲੀ ਵਿੱਚ ਸਥਿਤ ਆਪਣੇ 'ਗੋਦਰੇਜ ਰਿਜਰਵ' ਪ੍ਰਾਜੈਕਟ ਵਿੱਚ ਲਗਭਗ 2,690 ਕਰੋੜ ਰੁਪਏ ਦੇ ਫਲੈਟ ਵੇਚੇ ਹਨ। ਕੰਪਨੀ ਨੇ ਕਿਹਾ, "ਭੂਮੀ ਗ੍ਰਹਿਣ ਦੇ 15 ਮਹੀਨਿਆਂ ਦੇ ਅੰਦਰ ਪੇਸ਼ ਕੀਤਾ ਗਿਆ ਇਹ ਪ੍ਰਾਜੈਕਟ ਵਿਕਰੀ ਮੁੱਲ ਅਤੇ ਮਾਤਰਾ ਦੇ ਮਾਮਲੇ




ਵਿਚ ਦਾ ਹੁਣ ਤੱਕ ਦਾ ਸਭ ਤੋਂ ਸਫਲ ਪ੍ਰਾਜੈਕਟ ਹੈ।" ਇਸ ਪ੍ਰਾਜੈਕਟ ਦਾ ਵਿਕਾਸਯੋਗ ਖੇਤਰ 37.2 ਲੱਖ ਵਰਗ ਫੁੱਟ ਹੈ ਅਤੇ ਲਗਭਗ 7,000 ਕਰੋੜ ਰੁਪਏ ਦੀ ਆਮਦਨੀ ਦੀ ਸੰਭਾਵਨਾ ਹੈ। ਪ੍ਰਾਜੈਕਟ ਦੇ ਕਈ ਫਲੈਟ ਅਜੇ ਵੀ ਵੇਚਣੇ ਬਾਕੀ ਹਨ, ਜਿਨ੍ਹਾਂ ਨੂੰ ਕੰਪਨੀ ਆਉਣ ਵਾਲੇ ਸਾਲਾਂ ਵਿੱਚ ਵੇਚਣ ਦੀ ਯੋਜਨਾ ਬਣਾ ਰਹੀ ਹੈ। ਗੋਦਰੇਜ ਪ੍ਰਾਪਰਟੀਜ ਦੇ ਮੈਨੇਜਿੰਗ ਡਾਇਰੈਕਟਰ () ਅਤੇ ਮੁੱਖ ਕਾਰਜਕਾਰੀ ਅਧਿਕਾਰੀ () ਗੌਰਵ ਪਾਂਡੇ ਨੇ ਕਿਹਾ, "ਸਾਡੇ ਪ੍ਰਾਜੈਕਟ ਗੋਦਰੇਜ ਰਿਜਰਵ ਨੂੰ ਮਿਲੇ ਹੁੰਗਾਰੇ ਤੋਂ ਅਸੀਂ ਖੁਸ ਹਾਂ। ਇਹ ਹੁਣ ਮੁੰਬਈ ਦੀ ਰਿਹਾਇਸੀ ਰੀਅਲ ਅਸਟੇਟ ਵਿੱਚ ਪੇਸ ਕੀਤੇ ਜਾਣ ਵਾਲੇ ਸਭ ਤੋਂ ਵਧੀਆ ਪ੍ਰਾਜੈਕਟਾਂ ਵਿੱਚੋਂ ਇੱਕ ਬਣ ਗਿਆ ਹੈ।"